ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

Monthly Atam Marg Magazine

January 2006

# ਆਤਮ ਮਾਰਗ



ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

Vishav Gurmat Roohani
Mission Charitable Trust
Ratwara Sahib

ਸਾਲ ਗਿਆਰ੍ਹਵਾਂ ਅੰਕ ਦਸਵਾਂ, ਮਹੀਨਾ ਜਨਵਰੀ 2006

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ**

**ਫਾਊਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ**

## FOREIGN (ਵਿਦੇਸ਼) CONTACT NO.

**U.S.A. - Baba Satnam Singh ji Atwal**
Phone and Fax : 408-263-1844

**Canada - Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387

**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**Holland - Bhai Amrik Singh ji**
Phone : 624-695-753,
Fax : 765-426-805 /765-715-821

**Australia - Bhai Jiwan Singh ji**
Phone : 03-943-65865, Fax : 03-943-65867

## SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order & correspondence**

Head Office 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar,
Distt. Ropar-140901 Pb. India.

**Office 'Atam Marg' Ph. No. - 0160-2255002, 2255009**

**Gurdwara Ishar Parkash Ratwara Sahib - 0160-2255001**

**For more information please visit us on internet at:-**

**,Email : atammarg1@yahoo.co.in**

Website: www.ratwarasahib.org
www.atammarguk.com

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

# ਤੱਤਕਰਾ

| | |
|---|---|
| 1.ਬਾਰਹਮਾਹਾ | 2 |
| 2.ਸੰਪਾਦਕੀ | 13 |
| 3. ਹਮ ਇਹ ਕਾਜ ਜਗਤ ਮੋ ਆਏ | 15 |
| 4. ਅਚਿੰਤੇ ਬਾਜ ਪਏ | 29 |
| 5. ਜਿਸਨੋ ਦਇਆਲ ਹੋਵੈ.........। | 39 |
| 6. ਸੰਤ ਬਿਮਲਾ ਸਿੰਘ ਜੀ | 42 |
| 7. ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 51 |
| 8. ਹਿਮਾਲੀਅਨ ਯੋਗੀ ਦਾ ਸੰਗ | 55 |
| 9. ਆਯੁਰਵੈਦ | 60 |
| 10. ਜਿਸ ਮਸਤਕ ਭਾਗ ਸੁ ਲਾਗਾ ਸੇਵ | 62 |

## SUBSCRIPTION – ਚੰਦਾ – (ਦੇਸ਼)

| ਸਾਲਾਨਾ | ਜੀਵਨ ਕਾਲ ਫੀ | ਕਾਪੀ |
|---|---|---|
| 200/- | 2000/- | 20/- |
| 220/- | 2020/- | (For outstation cheques) |

## ਸੰਪਰਕ ਨੰ. ਰਤਵਾੜਾ ਸਾਹਿਬ

| | |
|---|---|
| ਪਰਮ ਸਤਿਕਾਰ ਯੋਗ ਬੀਜੀ | 9417214381 |
| **'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ** | **- 9417214391,80,79** |
| ਅਖੰਡਪਾਠ ਬੁਕਿੰਗ | 9417214386 |
| ਸਕੂਲ ਟਰਾਂਸਪੋਰਟ | 9417214384 |
| ਆਈ.ਟੀ. ਕਾਲਜ | 9417214382 |
| ਆਡੀਓ ਵੀਡੀਓ ਲਾਇਬ੍ਰੇਰੀ | 9417214385 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 926 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਬਾਰਹਮਾਹਾ
# ਮਾਘਿ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥*
*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥*
***ਅੰਗ - 136***

*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥* ***ਅੰਗ - 658***

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ ॥*
***ਭਾਈ ਗੁਰਦਾਸ ਜੀ ਦੀ ਵਾਰ 27/4***

*ਜਉ ਤੁਮ ਗਿਰਿਵਰ ਤਉ ਹਮ ਮੋਰਾ ॥*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥*
*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥*
*ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥*
*ਜਉ ਤੁਮ ਦੀਵਰਾ ਤਉ ਹਮ ਬਾਤੀ ॥*
*ਜਉ ਤੁਮ ਤੀਰਥ ਤਉ ਹਮ ਜਾਤੀ ॥*
*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥*
*ਜਹ ਜਹ ਜਾਉ ਤਹਾ ਤੇਰੀ ਸੇਵਾ ॥*
*ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥*
*ਤੁਮਰੇ ਭਜਨ ਕਟਹਿ ਜਮ ਫਾਂਸਾ ॥*
*ਭਗਤਿ ਹੇਤ ਗਾਵੈ ਰਵਿਦਾਸਾ ॥* ***ਅੰਗ - 658***

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਅੱਜ ਦਾ ਦਿਨ 12 ਮਹੀਨਿਆਂ ਦੇ ਅੰਦਰੋਂ ਮਾਘਿ ਦੀ ਸੰਗਰਾਂਦ, ਸਾਡੇ ਲਈ ਇਕ ਵਿਸ਼ੇਸ਼ ਮਹੱਤਤਾ ਰੱਖਦੀ ਹੈ। ਪਹਿਲੇ ਜ਼ਮਾਨਿਆਂ ਦੇ ਅੰਦਰ ਕਿਉਂਕਿ ਸੂਰਜ ਅੱਜ ਆਪਣੀ ਚਾਲ ਛੱਡ ਕੇ ਦੂਸਰੇ ਘਰ ਵਿਚ ਪੈਂਦਾ ਹੈ ਅਤੇ ਉਨ੍ਹਾਂ ਹਿਸਾਬਾਂ ਦੇ ਨਾਲ ਅੱਜ ਦਾ ਦਿਨ ਬੜਾ ਪਵਿੱਤਰ ਗਿਣਿਆ ਜਾਂਦਾ ਹੈ। ਐਸਾ ਲਿਖਿਆ ਹੋਇਆ ਹੈ ਸਾਸ਼ਤਰਾਂ ਦੇ ਅੰਦਰ ਕਿ ਅੱਜ ਕੋਈ ਪੁੰਨ ਕਰੇ, ਦਾਨ ਕਰੇ, ਭਜਨ ਬੰਦਗੀ ਕਰੇ ਉਹਦਾ ਹਜ਼ਾਰਾਂ ਗੁਣਾਂ ਫਲ ਵਧ ਜਾਇਆ ਕਰਦਾ ਹੈ। ਜਾਂ ਤਾਂ ਇਸ ਤਰ੍ਹਾਂ ਸਮਝ ਲਓ ਕਿ ਕੋਈ ਵਤਰ ਹੋਣੀ ਹੈ ਸੰਸਾਰ ਦੇ ਅੰਦਰ ਬਣਾਈ ਹੋਈ ਕਿ ਅੱਜ ਦਾ ਦਾਨਾ ਪਾਇਆ ਹੋਇਆ ਵਧ ਜਾਏਗਾ। ਸੋ ਇਸ ਕਰਕੇ ਇਸ ਮਹੀਨੇ ਇਹ ਵਿਸ਼ਵਾਸ਼ ਤੁਰਿਆ ਆਉਂਦਾ ਸੀ ਕਿ ਅੰਮ੍ਰਿਤ ਵੇਲੇ ਉਠ ਕੇ ਕੇਸੀ ਇਸ਼ਨਾਨ ਕਰੋ ਤਾਂ ਜਿੰਨੇ ਕੇਸ ਨੇ ਸਭ ਸੋਨੇ ਦੇ ਬਣ ਜਾਣਗੇ। ਸੋਨੇ ਦੇ ਬਾਲ ਬਣਾਉਂਦੇ ਸੀ। ਪਿੰਡਾਂ ਦੇ ਅੰਦਰ ਰਿਵਾਜ ਹੋਇਆ ਕਰਦਾ ਸੀ। ਸਾਡੇ ਕੋਲ ਦੀ ਨਹਿਰ ਲੰਘਦੀ ਸੀ, ਪਾਣੀ ਠਰਿਆ ਹੁੰਦਾ, ਹੱਥ ਨਹੀਂ ਲਗਦਾ ਸੀ, ਲੇਕਿਨ ਜਿਹੜੇ ਸ਼ੌਂਕ ਵਾਲੇ ਬੰਦੇ ਸੀ, ਬੀਬੀਆਂ, ਭਾਈ ਉਹ ਅੰਮ੍ਰਿਤ ਵੇਲੇ ਉਠ ਕੇ ਨਹਿਰ 'ਚ ਜਾ ਕੇ ਇਸ਼ਨਾਨ ਕਰਦੇ ਸੀ। ਅਰ ਇਕ ਮਹੀਨਾ ਪੂਰਾ ਇਸ਼ਨਾਨ ਕਰਦੇ। ਲੇਕਿਨ ਗੁਰੂ ਮਹਾਰਾਜ ਨੇ ਕਿਹਾ ਕਿ ਜਿਵੇਂ ਤੁਸੀਂ ਇਕ ਮਹੀਨਾ ਕਰਦੇ ਓਂ ਤੁਸੀਂ ਸਾਰਾ ਸਾਲ ਇਵੇਂ ਕਰੋ ਫੇਰ ਦੇਖੋ ਕਿੰਨਾ ਫਲ ਹੁੰਦਾ ਹੈ? ਇਹ ਕਹਿੰਦੇ ਸੀ ਕਿ ਜੇ ਮਾਘ ਦੇ ਮਹੀਨੇ ਇਸ਼ਨਾਨ ਕਰਿਆ ਜਾਵੇ ਤਾਂ ਉਹ ਪਵਿੱਤਰ ਹੋ ਜਾਂਦਾ ਹੈ। ਉਹਦੇ ਪਾਪ ਹਟ ਜਾਂਦੇ ਨੇ। ਬਹੁਤ ਵੱਡਾ ਉਸਨੂੰ ਫਲ ਪ੍ਰਾਪਤ ਹੁੰਦਾ ਹੈ। ਮਾਘਿ ਦੇ ਮਹੀਨੇ ਵਿਚ ਜੇ ਦਾਨ ਕਰੇ, ਪਿੱਤਰ ਲੋਕ 'ਚ ਜਾ ਕੇ ਖਤਮ ਹੋਣ 'ਚ ਨਹੀਂ ਆਉਂਦਾ। ਲੱਖਾਂ ਗੁਣਾਂ ਵਧ ਜਾਇਆ ਕਰਦਾ ਹੈ। ਸੇਵਾ ਕਰੀ ਵਧ ਜਾਂਦੀ ਹੈ। ਸੋ ਗੁਰੂ ਮਹਾਰਾਜ ਦੇ ਕੋਲ ਜਦੋਂ ਅਰਜ਼ ਕਰੀ ਕਿ ਸੱਚੇ ਪਾਤਸ਼ਾਹ! ਮਾਘ ਦੇ ਮਹੀਨੇ ਦਾ ਬੜਾ ਮਹਾਤਮਾ ਹੈ। ਆਪ ਭੀ ਕ੍ਰਿਪਾ ਕਰਕੇ ਦੱਸੋ। ਲੋਕ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਦੇ ਨੇ, ਦਾਨ ਕਰਦੇ ਨੇ ਤੇ ਸਾਨੂੰ ਵੀ ਦੱਸੋ ਕੋਈ ਤਰੀਕਾ ਦਾਨ ਕਰਨ ਦਾ ਤੇ ਇਸ਼ਨਾਨ ਕਰਨ ਦਾ, ਜਿਹਦੇ ਨਾਲ ਅਸੀਂ ਪਵਿੱਤਰ ਹੋ ਜਾਈਏ, ਸਾਡੇ ਪਾਪ ਲਹਿ ਜਾਣ। ਤਾਂ ਮਹਾਰਾਜ ਨੇ ਫੁਰਮਾਨ ਕਰਿਆ ਕਿ ਪਿਆਰਿਓ! ਬਾਹਰਲੇ ਜਿਹੜੇ ਤੀਰਥ ਨੇ ਇਨ੍ਹਾਂ ਵਿਚ ਮੈਲ ਭਰ ਗਈ -

***ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥***
***ਅੰਗ - 747***

ਕਰੋੜਾਂ ਤੀਰਥਾਂ ਦੇ ਵਿਚ ਮੈਲ ਭਰ ਗਈ। ਇਨ੍ਹਾਂ ਦੇ ਵਿਚ ਨਾਤ੍ਹਿਆਂ ਤੇ ਮੈਲ ਉਤਰਦੀ ਨਹੀਂ ਸਗੋਂ ਹੋਰ ਮੈਲ ਲਗ ਜਾਂਦੀ ਹੈ। ਤੀਰਥ ਤੇ ਜਾਂਦਾ ਹੈ ਜੇ ਮਨ ਦੇ ਅੰਦਰ ਅਭਿਮਾਨ ਆ ਜਾਵੇ ਕਿ ਮੈਂ ਜਾ ਕੇ ਇਸ਼ਨਾਨ ਕਰਿਆ ਹੈ। ਮਹਾਰਾਜ ਕਹਿੰਦੇ ਉਹ ਤਾਂ ਨਿਸਫਲ ਚਲਿਆ ਗਿਆ।

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ॥***
***ਅੰਗ - 1428***

ਵਰਤ ਵੀ ਰੱਖਿਆ, ਦਾਨ ਵੀ ਕੀਤਾ ਤੇ ਅਭਿਮਾਨ ਹੋ ਗਿਆ ਮਨ ਦੇ ਅੰਦਰ ਤਾਂ ਤੀਰਥ ਦਾ ਫਲ ਜਾਂਦਾ ਰਿਹਾ। ਹਾਥੀ ਨਹਾ ਕੇ ਆਇਆ ਹੈ ਤੇ ਉਤੇ ਮਿੱਟੀ ਪਾ ਲਈ। ਕਹਿੰਦੇ ਜਿਸ ਤਰ੍ਹਾਂ ਇਹਦਾ ਇਸ਼ਨਾਨ ਨਿਹਫਲ ਚਲਿਆ ਜਾਂਦਾ ਹੈ ਇਵੇਂ ਜਿਵੇਂ ਬਿਨਾਂ ਸੋਚੇ ਸਮਝੇ ਤੇ ਜੋ ਦਾਨ ਕਰਨਾ ਹੈ, ਵਰਤ ਰੱਖਣਾ ਹੈ, ਇਸ਼ਨਾਨ ਕਰਨਾ ਹੈ, ਤੀਰਥ ਯਾਤਰਾ ਕਰਨੀ ਹੈ ਉਹ ਵੀ ਫਲ ਨਹੀਂ ਦਿਆ ਕਰਦੀ। ਸੋ ਗੱਲ ਨੂੰ ਸਮਝਣ ਦਾ ਯਤਨ ਕਰੋ। ਜੇ ਤਾਂ ਮਨ ਮੈਲਾ ਹੈ ਤਾਂ ਸਭ ਕੁਛ ਮੈਲਾ ਹੈ।

***ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥***
***ਅੰਗ - 558***

ਜੇ ਤਨ ਧੋ ਲਿਆ ਤਾਂ ਮਨ ਨਹੀਂ ਅੱਛਾ ਹੋਇਆ ਕਰਦਾ। ਜੇ ਮਨ ਧੋ ਲਿਆ ਫੇਰ ਤਨ ਪਵਿੱਤਰ ਹੋ ਜਾਇਆ ਕਰਦਾ ਹੈ। ਸੋ ਮਨ ਨੂੰ ਧੋਣ ਦੀ ਜ਼ਰੂਰਤ ਹੈ। ਮਨ ਕਿਥੇ ਧੋਵੇ? ਮਹਾਰਾਜ ਕਹਿੰਦੇ ਇਕ ਤੀਰਥ ਹੈ ਤੁਹਾਡੇ ਅੰਦਰ, ਹਰੇਕ ਦੇ ਅੰਦਰ ਹੈ-

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥***
***ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥***
***ਅੰਗ - 468***

ਆਤਮਾ ਦਾ ਤੀਰਥ, ਨਾਮ ਦਾ ਤੀਰਥ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥ ਅੰਗ - 293***

ਉਹ ਅੰਦਰ ਹੈ ਨਾਮ ਦਾ ਤੀਰਥ ਉਹਦੇ ਵਿਚ ਜਦੋਂ ਇਸ਼ਨਾਨ ਕਰਦੇ ਹਾਂ ਨਾ -

***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥ ਅੰਗ - 4***

ਉਹ ਮਨ ਮੈਲਾ ਹੋਇਆ, ਨਾਮ ਦੇ ਪਿਆਰ ਦੇ ਨਾਲ ਧੋਤਾ ਹੋਇਆ ਸੁਥਰਾ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਕਿ ਮਾਘ ਦੇ ਵਿਚ ਉਹ ਪਵਿੱਤਰ ਹੋ ਜਾਂਦੇ ਨੇ ਜਿਨ੍ਹਾਂ ਨੂੰ ਅੰਦਰਲੇ ਤੀਰਥ ਦਾ ਪਤਾ ਲੱਗ ਗਿਆ -

***ਧਾਰਨਾ - ਮਾਘਿ ਪੁਨੀਤ ਭਈ ਤੀਰਥ ਅੰਤਰ ਜਾਨਿਆ॥***
***ਅੰਗ - 1109***

ਅੰਦਰਲਾ ਇਸ਼ਨਾਨ ਕਰਨ ਦੀ ਜਾਚ ਗੁਰੂ ਮਹਾਰਾਜ ਦਸਦੇ ਨੇ। ਪਹਿਲਾਂ ਮਨ ਨੂੰ ਸ਼ਬਦ ਦੇ ਨਾਲ ਇਸ਼ਨਾਨ ਕਰਾਓ। ਮਾਘ ਦੇ ਮਹੀਨੇ ਜੋ ਬੁੱਧੀ ਹੈ, ਜੀਵ ਆਤਮਾ ਹੈ ਉਹ ਪਵਿੱਤਰ ਹੋ ਜਾਂਦੀ ਹੈ, ਜੇ ਅੰਦਰਲੇ ਤੀਰਥ ਦੀ ਸੋਝੀ ਆ ਜਾਵੇ। ਹੁਣ ਕਿੰਨਾ ਫਾਇਦਾ ਹੋ ਗਿਆ ਸਾਨੂੰ ਬਾਹਰ ਜਾ ਕੇ ਖਰਚ ਕੇ, ਦੂਰ-ਦੂਰ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਦੀ ਲੋੜ ਨਹੀਂ ਹੈ। ਅੰਦਰਲੇ ਤੀਰਥ ਦੀ ਜੇ ਸਮਝ ਆ ਜਾਵੇ, ਕਹਿੰਦੇ ਪਵਿੱਤਰ ਤਾਂ ਇਸ ਪਾਸੇ ਰਿਹਾ, ਜੇ ਹਜ਼ਾਰ ਵਾਰੀ ਪਵਿੱਤਰ-ਪਵਿੱਤਰ ਕਹੀ ਜਾਓ ਨਾ, ਇਕ ਵਾਰੀ ਪੁਨੀਤ ਕਹਿ ਦਿਓ ਉਹਦੇ ਬਰਾਬਰ ਹੋ ਜਾਂਦਾ ਹੈ। ਐਨਾ ਮਹਾਂ ਪਵਿੱਤਰ ਹੋ ਜਾਂਦਾ ਹੈ ਜੇ ਅੰਦਰਲੇ ਤੀਰਥ ਦੀ ਸੋਝੀ ਆ ਜਾਵੇ। ਫੇਰ ਜਿਹੜੇ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ, ਗੁਰੂ ਦੇ ਦਰਸ਼ਨ ਨਹੀਂ ਹੁੰਦੇ, ਮਾਘ ਦੇ ਮਹੀਨੇ ਜੇ ਤੀਰਥ ਨਾਹੁਣ ਦੀ ਜਾਚ ਆ ਜਾਵੇ ਤਾਂ ਕਹਿੰਦੇ ਉਹ ਵੀ ਮਿਲ ਜਾਂਦੇ ਨੇ।

***ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥***
***ਅੰਗ - 1109***

ਗੁਣ ਗਾਏ ਅਤੇ ਅੰਤ ਦੇ ਵਿਚ ਉਹਨੇ ਬੁੱਕਲ ਵਿਚ ਲੈ ਲਿਆ।

***ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥***
***ਅੰਗ - 1109***

ਜੇ ਮੈਂ ਤੈਨੂੰ ਭਾਉਂਦਾ ਹਾਂ ਵਾਹਿਗੁਰੂ ਤਾਂ ਮੈਂ ਕਿਸੇ 'ਸਰਿ' ਦੇ ਉਤੇ ਇਸ਼ਨਾਨ ਕਰ -

***ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥***
***ਅੰਗ - 2***

ਜੇ ਅਸੀਂ ਭਾਉਂਦੇ ਹੀ ਨਹੀਂ ਵਾਹਿਗੁਰੂ ਨੂੰ ਤਾਂ ਤੀਰਥਾਂ ਦੇ ਨਹਾ ਕੇ ਦੱਸੋ ਕੀ ਬਣਿਆ। ਕੁਝ ਵੀ ਨਾ ਬਣਿਆ। ਮਹਾਰਾਜ ਕਹਿੰਦੇ ਫੇਰ ਨਾਹੁੰਣ ਦਾ ਕੀ ਫਾਇਦਾ ਜੇ ਭਾਇਆ ਹੀ ਨਾ ਵਾਹਿਗੁਰੂ ਨੂੰ।

***ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥***
***ਅੰਗ - 1108***

ਫੇਰ ਸਰੋਵਰ ਦੇ ਵਿਚ ਇਸ਼ਨਾਨ ਕਰਾਂ, ਜੇ ਤੈਨੂੰ ਭਾਵੇ। ਉਹ ਸਰੋਵਰ ਕਿਹੋ ਜਿਹਾ ਹੈ? ਕਹਿੰਦੇ -

***ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥***
***ਅੰਗ - 1109***

ਸੱਤ ਸਮੁੰਦਰ ਉਹਦੇ ਵਿਚ ਸਮਾਏ ਹੋਏ ਨੇ। ਤਿੰਨ ਦਰਿਆ ਬੜੇ ਪਵਿੱਤਰ ਗਿਣੇ ਗਏ ਨੇ। ਗੰਗਾ, ਸੁਰਸਤੀ ਤੇ ਜਮਨਾ। ਜਿਥੇ ਸਾਰਿਆਂ ਦਾ ਸੰਗਮ ਹੁੰਦਾ ਹੈ। ਉਹਨੂੰ ਵੇਣੀ ਕਹਿੰਦੇ ਨੇ। ਮਹਾਰਾਜ ਕਹਿੰਦੇ ਇਸੇ ਤਰ੍ਹਾਂ ਇਸ ਸਰੀਰ ਦੇ ਅੰਦਰ ਤਿੰਨ ਦਰਿਆ ਨੇ, ਇਕ ਨੂੰ ਈੜਾ ਕਹਿੰਦੇ, ਇਕ ਨੂੰ ਪਿੰਗਲਾ, ਇਕ ਨੂੰ ਸੁਖਮਨਾ। ਤਿੰਨਾਂ ਦਾ ਜਿਥੇ ਸੰਗਮ ਹੁੰਦਾ ਹੈ, ਉਥੇ ਪਰਾਗ ਦਾ ਮਹਾਂਪੁਰਬ ਲਗਦਾ ਹੈ। ਉਥੇ ਸੰਗਮ ਹੁੰਦਾ ਹੈ, ਇੜਾ ਕਹਿੰਦੇ ਨੇ ਸੱਜੀ ਨਾੜ ਨੂੰ। ਖੱਬੀ ਤੇ ਸੱਜੀ ਨਾੜੀ ਵਿਚ ਵਿਚਾਲੇ ਸੁਖਮਨਾ ਨਾੜੀ, ਮੱਥੇ ਤੇ ਇਕੱਠੇ ਹੁੰਦੇ ਨੇ ਤਿੰਨੋ, ਕਹਿੰਦੇ ਉਹ ਤੀਰਥ ਹੈ ਪ੍ਰੇਮੀਓ। ਉਥੇ ਸੱਤ ਸਮੁੰਦਰ ਸਮਾਉਂਦੇ ਨੇ। ਜਦੋਂ ਅਸੀਂ ਵਾਹਿਗੁਰੂ ਕਹਿ ਕੇ ਅੰਦਰ ਨੂੰ ਜਾਂਦੇ ਹਾਂ। ਅੰਦਰ ਜਾ ਕੇ ਰੁਕਦੇ ਹਾਂ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਹਿ ਕੇ ਉਥੇ ਉਸ ਤੀਰਥ ਦਾ ਇਸ਼ਨਾਨ ਹੋਣਾ ਸ਼ੁਰੂ ਹੋ ਜਾਂਦਾ ਹੈ। ਇਹਦੇ

ਵਿਚ ਸੱਤਾਂ ਹੀ ਸਮੁੰਦਰਾਂ ਦਾ ਇਸ਼ਨਾਨ ਆ ਜਾਂਦਾ ਹੈ।

***ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥***

***ਅੰਗ - 1109***

ਜੋ ਪੁੰਨ ਹੈ, ਦਾਨ ਹੈ, ਪ੍ਰਮੇਸ਼ਰ ਦੀ ਪੂਜਾ ਇਹ ਸਮਝ ਕੇ ਕਰਨੀ ਕਿ ਤੂੰ ਸਦਾ ਹੀ ਇਕੋ ਹੈਂ, ਹਰ ਥਾਂ ਦੇ ਉਤੇ ਹੈਂ।

***ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥***

***ਅੰਗ - 1109***

ਇਥੇ ਹੁਣ ਮਹਾਰਾਜ ਨੇ ਹੋਰ ਘੁੰਡੀ ਖੋਲ੍ਹ ਦਿਤੀ ਕਿ ਮਾਘ ਜਿਹੜਾ ਹੈ ਇਹਦੇ ਵਿਚ ਮਹਾਂ ਰਸ ਮਿਲਦਾ ਹੈ ਤੇ 68 ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ। ਇਹ ਇਸ਼ਨਾਨ ਕਰਕੇ ਜੀਵ ਪਵਿੱਤਰ ਹੋ ਜਾਂਦਾ ਹੈ -

***ਧਾਰਨਾ - ਮਹੀਨਾ ਮਾਘ ਦਾ ਪਵਿੱਤਰ ਹੋ ਜਾਵੇ,***
***ਜਪ ਸਤਿਨਾਮ ਵਾਹਿਗੁਰੂ।***

***ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥***
***ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥***

ਮਾਘ ਦਾ ਮਹੀਨਾ, ਮਹਾਰਾਜ ਨੇ ਕਿੰਨਾ ਖੋਲ੍ਹ-ਖੋਲ੍ਹ ਕੇ ਸਾਨੂੰ ਸਮਝਾਇਆ ਹੈ। ਅਰਥ ਕਰਨ ਦੀ ਲੋੜ ਨਹੀਂ ਕਿਉਂਕਿ ਵਿਚੇ ਬਾਣੀ ਦੇ ਅਰਥ ਆਪਣੇ ਆਪ ਹੋ ਗਏ। ਇਸ ਮਹੀਨੇ ਦੇ ਅੰਦਰ ਨਾਮ ਦੇ ਵਿਚ ਇਸ਼ਨਾਨ ਕਰੋ। ਨਾਮ ਦਾ ਦਾਨ ਕਰੋ। ਦਾਨ ਬੜੀ ਕਿਸਮ ਦੇ ਨੇ। ਅੰਨ ਦਾ ਦਾਨ ਹੈ, ਵਸਤਰ ਦਾ ਦਾਨ ਹੈ, ਭੂਮੀ ਦਾ ਦਾਨ ਹੈ ਹੋਰ ਅਨੇਕਾਂ ਕਿਸਮ ਦੇ ਦਾਨ ਨੇ। ਮਿੱਠੇ ਬਚਨਾਂ ਦਾ ਦਾਨ ਹੈ, ਮਨ ਦੀ ਸ਼ੁਭ ਇੱਛਾ ਦਾ ਦਾਨ ਹੈ, ਬੁੱਧੀ ਸ਼ੁਭ ਸਲਾਹ ਦਾ ਦਾਨ ਹੈ, ਲੇਕਿਨ ਸਾਰਿਆਂ ਨਾਲੋਂ ਉਤਮ ਦਾਨ ਮਹਾਰਾਜ ਨੇ ਕਿਹਾ ਹੈ ਕਿ -

***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***

***ਅੰਗ - 749***

ਬੰਦਗੀ ਆਪ ਕਰੋ ਤੇ ਹੋਰਾਂ ਨੂੰ ਕਰਾਓ।

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਅੰਗ - 306***

ਸੋ ਇਹ ਮਾਘ ਦੇ ਮਹੀਨੇ ਦੀ ਮਹੱਤਤਾ ਸੁਣੀ ਹੈ, ਪਰ ਇਹਦੇ ਵਿਚ ਇਕ ਸ਼ਰਤ ਰਹਿ ਗਈ। ਉਹਨੂੰ ਵੀ ਸਮਝਣ ਦਾ ਯਤਨ ਕਰੋ। ਮਹਾਰਾਜ ਕਹਿੰਦੇ -

***ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥***

***ਅੰਗ - 136***

ਪਹਿਲਾਂ ਤਾਂ ਆ ਗਿਆ ਕਿ ਸਾਧੂਆਂ ਦੇ ਨਾਲ ਮਿਲ ਕੇ, ਸੰਗਤ ਕਰਕੇ, ਉਨ੍ਹਾਂ ਦੀ ਧੂੜੀ ਵਿਚ ਇਸ਼ਨਾਨ ਕਰੋ। ਦੋ ਤਰ੍ਹਾਂ ਦੀ ਧੂੜੀ ਹੁੰਦੀ ਹੈ, ਇਕ ਚਰਨ ਧੂੜੀ ਹੁੰਦੀ ਹੈ, ਇਕ ਮੁੱਖ ਵਾਕ ਧੂੜੀ ਹੁੰਦੀ ਹੈ। ਚਰਨ ਧੂੜ ਜੋ ਹੈ ਉਹ ਵੀ ਬਹੁਤ ਪਵਿੱਤਰ ਹੈ। ਉਹਨੂੰ ਤੀਰਥ ਲੋਚਦੇ ਨੇ। ਜੋ ਵਾਕ ਧੂੜੀ ਹੈ ਇਹਨੂੰ ਦੇਵਤਾ ਲੋਚਦੇ ਨੇ ਸਾਰੇ। ਸਾਰੇ ਸੰਸਾਰ ਦਾ ਉਧਾਰ ਕਰਦੀ ਹੈ ਸੰਤਾਂ ਦੀ ਵਾਕ ਧੂੜੀ। ਮਹਾਰਾਜ ਕਹਿੰਦੇ-

***ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥***

***ਅੰਗ - 135***

ਸੁਣਨਾ ਕਰੋ, ਫੇਰ ਇਹਦਾ ਦਾਨ ਕਰੋ, ਆਪਣੇ ਕੋਲ ਨਾ ਰੱਖੋ। ਫੇਰ ਨਤੀਜਾ ਕੀ ਹੋਏਗਾ ਕਰੋੜਾਂ ਜਨਮਾਂ ਦੀ ਮੈਲ ਲਹਿ ਜਾਏਗੀ ਤੇ ਮਨ ਦੇ ਉਤੇ ਹਉਮੈ ਦਾ ਜਿਹੜਾ ਗੁਮਾਨ ਪਿਆ ਹੋਇਆ ਹੈ, ਹੰਕਾਰ ਦਾ। ਉਹ ਉਤਰ ਜਾਏਗਾ। ਜਦੋਂ ਉਤਰ ਗਿਆ ਉਸ ਵੇਲੇ ਨਾ ਕਾਮ, ਨਾ ਕ੍ਰੋਧ, ਨਾ ਲੋਭ, ਨਾ ਮੋਹ, ਨਾ ਅਹੰਕਾਰ। ਕੋਈ ਨਹੀਂ ਉਹਨੂੰ ਮੋਹ ਸਕੇਗਾ ਤੇ ਲੋਭ ਕੁੱਤਾ ਵੀ ਵਿਚੋਂ ਨਿਕਲ ਜਾਏਗਾ। ਜਦੋਂ ਫੇਰ ਨਿਕਲ ਜਾਣਗੇ ਫੇਰ ਰਸਤਾ ਸੱਚਾ ਹੋ ਜਾਏਗਾ। ਜਦੋਂ ਸੱਚੇ ਰਾਹ ਤੇ ਅਸੀਂ ਚੱਲਾਂਗੇ ਫੇਰ ਸਾਰਾ ਸੰਸਾਰ ਧੰਨ-ਧੰਨ ਕਹੇਗਾ। ਦਰਗਾਹ ਵਿਚ ਵੀ ਧੰਨ-ਧੰਨ ਹੋਏਗੀ। 68 ਤੀਰਥਾਂ ਦਾ ਪੁੰਨ ਹੈ ਜੀਅ ਦੇ ਉਤੇ ਦਇਆ ਕਰਨੀ। ਟੁੱਟਿਆਂ ਨੂੰ ਜੋੜ ਦੇਣਾ, ਵਿਗੜਿਆਂ ਦਾ ਸੰਵਾਰ ਦੇਣਾ। ਰੁੱਸਿਆਂ ਨੂੰ ਮਨਾ ਦੇਣਾ, ਗਫਲਤ 'ਚੋਂ ਕੱਢ ਕੇ ਬੰਦਗੀ ਵਲ ਲਾ ਦੇਣਾ। ਸ਼ਰਾਬਾਂ ਕਬਾਬਾਂ, ਗਲਤ ਰਸਤੇ ਤੇ ਪਏ ਨੂੰ, ਪ੍ਰਮੇਸ਼ਰ ਵਲ ਲਾ ਦੇਣਾ। ਇਸ ਤਰ੍ਹਾਂ ਕਰਨ ਦੇ ਨਾਲ ਆਪਣੇ ਪ੍ਰਭੂ ਦਾ ਮਿਲਾਪ ਹੋਣਾ ਹੈ। ਮਹਾਰਾਜ ਕਹਿੰਦੇ -

***ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥***

***ਅੰਗ - 136***

ਪੂਰਾ ਗੁਰੂ। ਮਾੜਾ ਮੋਟਾ ਗੁਰੂ ਨਹੀਂ। ਪੂਰੇ ਗੁਰੂ ਦੀ ਨਿਸ਼ਾਨੀ ਦਸਦੇ ਨੇ -

***ਧਾਰਨਾ - ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖ ਅਗੰਮ ਹੈ।***

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਹਾਲਾ।***
***ਜਿਉਕਰਿ ਨਿਰਮਲੁ ਆਰਸੀ ਜਗ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥***

***ਭਾਈ ਗੁਰਦਾਸ ਜੀ ਦੀ ਵਾਰ 34/1***

ਐਸਾ ਸਤਿਗੁਰੂ ਜਿਹਦਾ ਕਿਸੇ ਨਾਲ ਵੈਰ ਨਾ ਹੋਵੇ ਤੇ ਸਾਰੇ ਕਰਤੱਬ ਨਿਰਾਲੇ ਹੋਣ। ਐਸਾ ਪੂਰਾ ਗੁਰੂ ਮਿਹਰਵਾਨ ਹੋ ਜਾਵੇ। ਮਿਹਰਵਾਨ ਹੁੰਦਾ ਹੈ ਗੁਰੂ ਪਿਆਰ ਨਾਲ। ਉਂਝ ਦਿਖਾਵੇ ਨਾਲ ਗੱਲਾਂ-ਬਾਤਾਂ ਨਾਲ, ਭੇਖ ਨਾਲ ਗੁਰੂ ਦਇਆਲ ਨਹੀਂ ਹੁੰਦਾ। ਕਿਸੇ ਚੀਜ਼ ਨਾਲ ਨਹੀਂ ਹੁੰਦਾ। ਸੱਚਾ ਪਿਆਰ ਹੋਵੇ, ਆਪਣਾ ਆਪਾ ਗੁਰੂ ਨੂੰ ਸਮਰਪਣ ਕਰ ਦਿਤਾ ਹੋਵੇ, ਫੇਰ ਗੁਰੂ ਦਇਆਲ ਹੋ ਜਾਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਆਪ ਦੇ ਸਨਮੁਖ ਬਹੁਤ ਸਾਰੀ ਸੰਗਤ ਬੈਠੀ ਹੈ। ਕਹਿਣ ਲੱਗੀ, "ਪਾਤਸ਼ਾਹ! ਤੁਸੀਂ ਸਾਰੇ ਸਿੱਖਾਂ ਤੇ ਦਇਆਲ ਹੁੰਦੇ ਓਂ?" ਕਹਿੰਦੇ ਦੇਖੋ ਇਹਦੇ ਵਿਚ ਭੇਦ ਹੈ। ਗੁਰੂ ਹੁੰਦਾ ਹੈ ਪਾਰਸ। ਜਿਹੋ ਜਿਹੀ

ਭਾਵਨਾ ਕੋਈ ਕਰਕੇ ਆਉਂਦਾ ਹੈ, ਉਹਦੀ ਭਾਵਨਾ ਪੂਰੀ ਹੋ ਜਾਂਦੀ ਹੈ। ਕਿਹੋ ਜਿਹਾ ਹੀ ਸਿੱਖ ਹੋਵੇ ਚਾਹੇ। ਜਿਹੋ ਜਿਹੀ ਭਾਵਨਾ ਜਿਹੋ ਜਿਹੀ ਸ਼ਰਧਾ ਲੈ ਕੇ ਆਏਗਾ। ਕੱਚਾ ਹੋਵੇ, ਪੱਕਾ ਹੋਵੇ ਗੁਰੂ ਇਹ ਨਹੀਂ ਦੇਖਦਾ। ਗੁਰੂ ਦਿੰਦਾ ਹੀ ਰਹਿੰਦਾ ਹੈ ਸਭ ਨੂੰ। ਲੇਕਿਨ ਫੇਰ ਵੀ ਤਿੰਨ ਕਿਸਮ ਦੇ ਸਿੱਖ ਹੁੰਦੇ ਨੇ। ਤਿੰਨ ਕਿਸਮ ਦੇ ਮੁਰੀਦ ਹੁੰਦੇ ਨੇ। ਇਕ ਤਾਂ ਹੁੰਦਾ ਹੈ ਸਿੱਖ। ਦੂਜਾ ਦਰਜਾ ਕਿਹੜਾ ਹੁੰਦਾ ਹੈ ਕਹਿੰਦੇ ਸਿਦਕੀ ਸਿੱਖ। ਤੀਸਰੇ ਮਰਜੀਵੜੇ ਸਿੱਖ ਹੁੰਦੇ ਨੇ। ਪਹਿਲਾ ਮੁਰੀਦ ਹੁੰਦਾ ਹੈ, ਦੂਸਰਾ ਮੁਰੀਦ-ਏ-ਸਾਦਕ ਹੁੰਦਾ ਹੈ, ਤੀਸਰਾ ਮੁਰੀਦ-ਏ-ਫਿਦਾਈ ਹੁੰਦਾ ਹੈ। ਜਿਹੜਾ ਫਿਦਾ ਹੋ ਜਾਵੇ, ਆਪਣਾ ਆਪ ਗੁਰੂ ਤੇ ਕੁਰਬਾਨ ਕਰ ਦੇਵੇ। ਆਪਣਾ ਕੁਛ ਨਾ ਰੱਖੇ। ਜਿਹੜਾ ਸਿੱਖ ਹੈ ਇਹ ਤਾਂ ਡੋਲ ਡਾਲ ਜਾਇਆ ਕਰਦਾ ਹੈ, ਇਹ ਮਤਲਬ ਨਾਲ ਆਉਂਦਾ ਹੈ, ਇਹਦੀ ਕੋਈ ਗੁਰੂ ਨਾਲ ਪ੍ਰੀਤ ਨਹੀਂ ਹੋਇਆ ਕਰਦੀ। ਇਹਦੇ ਵਿਚ ਇਕ ਨਾ ਤਾਂ ਕਹੋ ਧੰਦੇ ਦੀ ਸਿੱਖੀ। ਧੰਦੇ ਦਾ ਸਿੱਖ ਉਹ ਹੁੰਦਾ ਹੈ ਸਤਿਸੰਗ 'ਚ ਗਿਆ, ਬੰਦਗੀ ਕਰਨ ਵਾਲਿਆਂ, ਗੁਰੂ ਵਾਲਿਆਂ 'ਚ ਰਹਿੰਦਾ ਹੈ। ਗੁਰੂ ਵਾਲੇ ਉਸਨੂੰ ਹਰ ਰੋਜ਼ ਇਹ ਬਚਨ ਸੁਣਾਉਂਦੇ ਨੇ ਕਿ ਨਗੁਰੇ ਕਾ ਹੈ ਨਾਉ ਬੁਰਾ। ਐਸੇ ਬਚਨ ਸੁਣਾਉਂਦੇ ਨੇ ਕਿ ਨਿਗੁਰਾ ਮੂਰਖ ਹੁੰਦਾ ਹੈ, ਮਰ-ਮਰ ਜੰਮਦਾ ਹੈ, ਕਰੋੜਾਂ ਜੂਨਾਂ ਵਿਚ ਜਾਂਦਾ ਹੈ, ਕਿਉਂਕਿ ਨਿਗੁਰੇ ਦੀ ਕੋਈ ਗਤੀ ਨਹੀਂ ਹੋਇਆ ਕਰਦੀ। ਜਿਥੇ ਨਿਗੁਰਾ ਬੈਠ ਜਾਵੇ ਸਵਾ ਗਜ਼ ਧਰਤੀ ਡੂੰਘੀ, ਸਵਾ ਗਜ਼ ਚੌੜੀ ਭਰਿਸ਼ਟ ਹੋ ਜਾਇਆ ਕਰਦੀ ਹੈ। ਉਹ ਇਸ ਲਾਹਨਤ ਤੋਂ ਬਚਣ ਵਾਸਤੇ ਸਿੱਖੀ ਧਾਰਨ ਕਰ ਲੈਂਦਾ ਹੈ। ਅੰਮ੍ਰਿਤ ਛਕ ਲੈਂਦਾ ਹੈ। ਉਹ ਫਿਟਕਾਰਾਂ ਤੋਂ ਡਰਦਾ ਹੈ। ਪ੍ਰੇਮ ਨਹੀਂ ਉਸਨੂੰ ਹੋਇਆ ਕਰਦਾ। ਉਹ ਸਿੱਖ ਤਾਂ ਪਹਿਲੇ ਹੱਲੇ ਹੀ ਝਟਕੇ ਜਾਂਦੇ ਨੇ। ਇਥੋਂ ਦੀ ਅੰਮ੍ਰਿਤ ਛਕ ਕੇ ਗਏ, ਥੋੜ੍ਹੀ ਜਿਹੀ ਹਵਾ ਦਾ ਬੁੱਲ੍ਹਾ ਆਇਆ, ਕੁਸੰਗ ਦਾ। ਜਿਵੇਂ ਗਲੇ ਹੋਏ ਫਲ ਝੜ ਜਾਂਦੇ ਨੇ ਐਉਂ ਝੜ ਜਾਂਦੇ ਨੇ। ਉਸੇ ਵੇਲੇ ਸ਼ਰਾਬ ਪੀਣ ਲੱਗ ਗਏ, ਮਾਸ ਖਾਣ ਲਗ ਗਏ, ਉਸੇ ਵੇਲੇ ਕਿਰਪਾਨ ਲਾਹ ਦਿਤੀ। ਕਿਧਰੇ ਸਿੱਖੀ ਗਈ, ਕਿਧਰੇ ਗੁਰੂ ਗਿਆ। ਇਹ ਤਾਂ ਹੁੰਦੇ ਨੇ ਧੰਦੇ ਦੇ ਸਿੱਖ।

ਦੂਸਰੇ ਹੋਇਆ ਕਰਦੇ ਨੇ ਦੇਖਾ-ਦੇਖੀ ਦੇ। ਗੁਰੂ ਕੋਲ ਜਾਣ ਲਗ ਗਿਆ, ਉਹਦਾ ਕਾਰੋਬਾਰ ਠੀਕ ਹੋ ਗਿਆ। ਘਰ ਮਿਲ ਗਿਆ, ਪਦਾਰਥ ਮਿਲ ਗਏ, ਪੁੱਤਰ ਹੋ ਗਿਆ। ਇਜ਼ਤ ਹੋ ਗਈ, ਪੈਸਾ ਆ ਗਿਆ। ਪਤ ਵਧ ਗਈ, ਦੁਧ ਹੋ ਗਿਆ, ਜ਼ਮੀਨਾਂ ਜਾਇਦਾਦਾਂ ਹੋਣੀਆਂ ਸ਼ੁਰੂ ਹੋ ਗਈਆਂ। ਹੋਰ ਅਨੇਕਾਂ ਕਿਸਮ ਦੇ ਸੁਖ ਹੋ ਗਏ। ਸੁਸਾਇਟੀ ਵਿਚ ਉਹਦੀ ਇਜ਼ਤ ਹੋ ਗਈ। ਇਹ ਚੀਜ਼ਾਂ ਦੇਖ ਕੇ ਉਹਦੇ ਮਨ ਵਿਚ ਵੀ ਆਉਂਦਾ ਹੈ ਕਿ ਆਹ ਤਾਂ ਵਧ ਗਿਆ ਤੇ ਮੈਂ ਵੀ ਜੇ ਸਿੱਖ ਬਣ ਜਾਵਾਂ ਤਾਂ ਮੇਰਾ ਵੀ ਭਲਾ ਹੋ ਜਾਵੇਗਾ। ਬਹੁਤੇ ਮਹਾਤਮਾ ਕੋਲ ਵੀ ਇਸੇ ਤਰ੍ਹਾਂ ਹੀ ਆਇਆ ਕਰਦੇ ਨੇ। ਉਹ ਇਸ ਪਾਸੇ ਨੂੰ ਲਗ ਜਾਂਦੇ ਨੇ, ਲੇਕਿਨ ਉਨ੍ਹਾਂ ਦਾ ਪਿਆਰ ਨਹੀਂ ਹੁੰਦਾ ਕਿ ਫਲਾਣੀ ਬੀਬੀ ਰਾਜ਼ੀ ਹੋਈ ਹੈ ਜੀ। ਉਹਦੇ ਪੁੱਤਰ ਨਹੀਂ ਸੀ ਉਹਨੂੰ ਸੇਵਾ ਕਰਕੇ ਪੁੱਤਰ ਦੀ ਦਾਤ ਪ੍ਰਾਪਤ ਹੋਈ। ਫਲਾਣੇ ਦਾ ਮੁਕੱਦਮਾ ਨਹੀਂ ਸੀ ਠੀਕ ਹੁੰਦਾ ਇਥੇ ਅਰਦਾਸ ਕਰਾ ਕੇ ਠੀਕ ਹੋਇਆ। ਇਹ ਸੋਚ ਕੇ ਕਹਿੰਦੇ ਨੇ ਕਿ ਆਪਾਂ ਵੀ ਫੇਰ ਕਰਾ ਲਓ। ਗੁਰੂ ਨਾਲ ਉਨ੍ਹਾਂ ਦਾ ਕੋਈ ਲੈਣ ਨਾ ਦੇਣ, ਕੁਛ ਨਹੀਂ ਹੁੰਦਾ।

ਉਹ ਵੀ ਗੁਰੂ ਦਾ ਸਿੱਖ ਬਣ ਗਿਆ। ਨਾ ਨਾਮ ਜਪਣਾ ਹੈ ਉਹਨੇ, ਨਾ ਬੰਦਗੀ ਕਰਨੀ ਹੈ, ਨਾ ਕਥਾ ਸੁਣਨੀ ਹੈ, ਨਾ ਬਾਣੀ ਵਿਚਾਰਨੀ ਹੈ। ਨਾ ਮਹਾਂਪੁਰਸ਼ਾਂ ਦੀ ਸੇਵਾ ਕਰਨੀ ਹੈ, ਨਾ ਗੁਰੂ ਘਰ ਵਿਚ ਨੇਮ ਨਾਲ ਜਾਣਾ ਹੈ। ਕਹਿੰਦੇ ਇਹ ਸਿੱਖੀ ਨੂੰ ਦੇਖਾ-ਦੇਖੀ ਦੀ ਸਿੱਖੀ ਕਹਿੰਦੇ ਨੇ।

ਤੀਸਰੀ ਹੋਇਆ ਕਰਦੀ ਹੈ ਹਿਰਸ ਦੀ ਸਿੱਖੀ। ਉਹਨੂੰ ਨਾ ਤਾਂ ਸ਼ਬਦ ਦਾ ਪਰਚਾ ਆਉਂਦੈ। ਨਾਮ ਨਾਲ ਨਹੀਂ ਉਸ ਦਾ ਪਰਚਾ ਪਿਆ ਹੁੰਦਾ। ਨਾ ਉਹ ਭਜਨ ਕਰਦਾ ਹੈ, ਗੁਰੂ ਦਾ ਸਰੂਪ ਨਹੀਂ ਹਿਰਦੇ 'ਚ ਵਸਾਇਆ ਹੁੰਦਾ। ਕਹਿੰਦੇ ਬਹੁਤਾ ਕਰਦੇ ਨੇ ਉਹਦੇ ਮਗਰ ਲਗ ਕੇ ਉਹ ਵੀ ਹੋ ਜਾਂਦਾ ਹੈ। ਇਹਨੂੰ ਹਿਰਸ ਦੀ ਸਿੱਖੀ ਕਹਿੰਦੇ ਨੇ। ਲੋਭ ਦੀ ਸਿੱਖੀ ਹੁੰਦੀ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਆਪਣੇ ਲੋਭ ਲਈ ਬਣਾਇਆ***
***ਮਿਤਰ ਗੁਰਾਂ ਨੂੰ,***
***ਦੇਖਾ ਦੇਖੀ ਸਿੱਖੀ ਧਾਰ ਕੇ।***

***ਅਪਨੇ ਲੋਭ ਕਉ ਕੀਨੋ ਮੀਤੁ॥***
***ਸਗਲ ਮਨੋਰਥ ਮੁਕਤਿ ਪਦੁ ਦੀਤੁ॥ ਅੰਗ – 195***

ਮਿਤਰ ਬਣਾ ਲਿਆ ਕਿ ਮੇਰਾ ਗੁਰੂ ਭਾਈ ਬਣ ਜਾਏਗਾ। ਅੰਮ੍ਰਿਤ ਛਕ ਲਵਾਂ। ਕਿਸੇ ਥਾਂ ਦੇ ਉਤੇ ਆਦਰ ਸਤਿਕਾਰ ਹੁੰਦਾ ਹੈ ਉਹੋ ਜਿਹਾ ਹੀ ਬਣ ਜਾਣੈ। ਅੰਦਰੋਂ ਪਿਆਰ ਨਹੀਂ ਹੈ। ਉਹੀ ਮਨਮਤਿ ਧਾਰੀ ਹੋਈ ਹੈ, ਉਹੀ ਨਿੰਦਿਆ, ਚੁਗਲੀ, ਈਰਖਾ, ਝਗੜੇ ਝਾਟੇ, ਉਹੀ ਸਮਗਲਿੰਗ ਕਰਨੀ, ਉਹੀ ਮਿਲਾਵਟਾਂ ਕਰਨੀਆਂ। ਸੰਗਤ 'ਚ ਆ ਕੇ ਨਹੀਂ ਬੈਠਦਾ। ਜਿਹੜੀ ਪਾਹੁਲ ਪੀਤੀ ਸੀ ਉਹਦਾ ਭੇਤ ਨਹੀਂ ਸਮਝਿਆ ਕਿ ਮੈਂ ਅੰਮ੍ਰਿਤ ਕਿਉਂ ਛਕਿਆ। ਪੰਜ ਪਿਆਰਿਆਂ ਨੇ ਦੱਸਿਆ ਕਿ ਜਿਹੜੀ ਪਾਹੁਲ ਦਿੰਦੇ ਹਾਂ ਇਹਦੇ ਨਾਲ ਤੇਰਾ ਜਨਮ ਵਟ ਗਿਆ। ਪਹਿਲੇ ਤੇਰੇ ਸੰਸਕਾਰ ਜਿਹੜੇ ਨੇ ਉਹ ਖਤਮ ਹੋ ਗਏ, ਹੁਣ ਉਹ ਨਾ ਕਰੀ। ਗੁਰੂ ਦੀ ਮਤ ਵਿਚ ਆ।

ਮਹਾਰਾਜ ਕਹਿੰਦੇ ਨੇ ਅੰਮ੍ਰਿਤ ਤਾਂ ਨਾਮ ਹੁੰਦਾ ਹੈ।

***ਧਾਰਨਾ – ਸੁਣ ਮੇਰੇ ਮਨਾ, ਅੰਮ੍ਰਿਤ ਹਰਿ ਹਰਿ ਨਾਮ ਹੈ।***

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਅੰਗ – 538***

ਗੁਰੂ ਦੀ ਮਤ ਧਾਰਨ ਕਰੇ ਤਾਂ ਇਹ ਅੰਮ੍ਰਿਤ ਮਿਲਦਾ

ਹੈ। ਪਾਹੁਲ ਤਾਂ ਛਕ ਲਈ, ਪਾਹੁਲ ਦਾ ਭੇਦ ਨਹੀਂ ਜਾਣਿਆ। ਜਿਹਨੂੰ ਅਸੀਂ ਅੰਮ੍ਰਿਤ ਕਹਿੰਦੇ ਹਾਂ, ਅੰਮ੍ਰਿਤ ਤਾਂ ਛਕ ਲਿਆ ਪਰ ਭੇਦ ਨਹੀਂ ਜਾਣਿਆ।

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ ਅੰਗ - 538***

ਆਹ ਜਿਹੜੀ ਹਉਮੈ ਲੱਗੀ ਹੋਈ ਹੈ, ਮਾਇਆ ਦੇ ਵਿਚ ਸਾਰਾ ਸੰਸਾਰ ਫਸਿਆ ਹੋਇਆ ਹੈ ਕਹਿੰਦੇ ਜ਼ਹਿਰ ਹੈ ਜ਼ਹਿਰ। ਹਰੀ ਦਾ ਮੰਤਰ ਜਿਹੜਾ ਲਿਆ ਹੋਇਆ ਹੈ ਨਾ ਇਹਦੇ ਜਪਣ ਦੇ ਨਾਲ ਇਹ ਵਿਹੁ ਲਹਿ ਜਾਂਦੀ ਹੈ।

ਚੌਥੀ ਸਿੱਖੀ ਸਿਦਕ ਦੀ ਸਿੱਖੀ ਹੈ। ਜਿਹਨੂੰ ਮੁਰੀਦ-ਏ-ਸਾਦਕ ਕਹਿੰਦੇ ਨੇ ਉਹ ਜਿਹੜਾ ਹੁੰਦਾ ਹੈ ਗੁਰੂ ਤੋਂ ਬਗੈਰ ਕਿਸੇ ਨੂੰ ਨਹੀਂ ਮੰਨਦਾ। ਨਾ ਕਿਸੇ ਜੋਤਸ਼ ਨੂੰ, ਨਾ ਕਿਸੇ ਗ੍ਰਹਿ ਨੂੰ। ਕਿਸੇ ਨੂੰ ਨਹੀਂ ਮੰਨਦਾ। ਜੇ ਮੰਨੇਗਾ ਤਾਂ ਗੁਰੂ ਨੂੰ। ਕਿਸੇ ਵਹਿਮ 'ਚ ਨਹੀਂ ਪੈਂਦਾ। ਮੇਰੇ ਸਿਰ ਦੇ ਉਤੇ ਗੁਰੂ ਦਾ ਹੱਥ ਹੈ। ਮੇਰਾ ਗੁਰੂ ਜਿਹੜਾ ਹੈਗਾ -

***ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰ ਅਨੇਕ ਚਲਾਵਤ ਘਾਵ, ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ, ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੋਂ, ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***
***ਤ੍ਵਪ੍ਰਸਾਦਿ ਸ੍ਵਯੇ***

ਉਹਦਾ ਭਰੋਸਾ ਛੱਡ ਕੇ ਕੋਈ ਭਰੋਸਾ ਨਹੀਂ ਕਰਦਾ। ਗੁਰੂ ਤੋਂ ਬਗੈਰ ਕਿਸੇ ਨੂੰ ਨਹੀਂ ਮੰਨਦਾ। ਜੇ ਜਿਉਂਦੇ ਹਾਂ ਤਾਂ ਵੀ ਗੁਰੂ ਦੀ ਸ਼ਰਨੀ, ਜੇ ਮਰ ਗਏ ਤਾਂ ਵੀ ਗੁਰੂ ਦੀ ਸ਼ਰਨੀ। ਕੋਈ ਮਰ ਗਿਆ ਤਾਂ ਤਾਂ ਵੀ ਕਹਿਣਾ ਹੈ -

***ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥***
***ਅੰਗ - 917***

ਰੋਂਦਾ ਨਹੀਂ ਸਿੱਖ। ਸਸਕਾਰ ਕਰਕੇ ਕਹਿੰਦਾ ਹੈ ਕਿ 'ਅਨੰਦ ਭਇਆ ਮੇਰੀ ਮਾਇ'। ਕਦੇ ਨਹੀਂ ਕਹਿੰਦਾ ਕਿ ਮੈਨੂੰ ਬਹੁਤ ਦੁੱਖ ਹੋ ਗਿਆ ਕਿਉਂਕਿ ਗੁਰੂ ਦੇ ਭਾਣੇ ਵਿਚ ਚਲਦਾ ਹੈ। ਦੁਖ ਆ ਜਾਏ, ਸੁਖ ਆ ਜਾਏ, ਭਵਰਾਂ ਆ ਜਾਣ ਦੁਖਾਂ ਦੀਆਂ ਤਾਂ ਵੀ ਗੁਰੂ ਨੂੰ ਨਹੀਂ ਛਡਦਾ। ਸਿਰ ਚਲਿਆ ਜਾਵੇ, ਲੇਕਿਨ ਆਪਣੇ ਅਸੂਲ ਤੋਂ ਨਹੀਂ ਬਦਲਿਆ ਕਰਦਾ। ਸਿਦਕ ਦੇ ਵਿਚ ਨਹੀਂ ਕਮਜ਼ੋਰੀ ਆਉਂਦੀ। ਜਾਂਦਾ ਹੈ ਸਿਰ ਜਾਣ ਦੇ। ਤੇ ਉਹਦੀ ਤਾਂ ਆਵਾਜ਼ ਇਹ ਹੁੰਦੀ ਹੈ -

***ਧਾਰਨਾ - ਸਿਰ ਜਾਵੇ ਤਾਂ ਜਾਵੇ***
***ਮੇਰਾ ਸਿੱਖੀ ਸਿਦਕ ਨਾ ਜਾਵੇ।***

ਜਦ ਅੰਤਲਾ ਸੁਆਸ ਆਉਂਦਾ ਹੈ ਉਸ ਵੇਲੇ ਤੱਕ ਗੁਰੂ ਦਾ ਪਿਆਰ ਅਤੇ ਸਿੱਖੀ ਦਾ ਨਿਬਾਹ ਕਰਦਾ ਹੈ। ਕਹਿੰਦਾ ਹੈ ਇਹ ਤਨ ਨੇ ਤਾਂ ਜਾਣਾ ਹੀ ਜਾਣਾ ਹੈ ਇਹਦੇ ਵਿਚੋਂ ਗੁਰੂ ਦਾ ਪਿਆਰ ਨਾ ਜਾਵੇ। ਜਦੋਂ ਪਿਆਰ ਚਲਿਆ ਗਿਆ ਗੁਰੂ ਦੀ ਸਿੱਖੀ ਚਲੀ ਗਈ, ਤਾਂ ਕੁਝ ਵੀ ਸਾਡੇ ਕੋਲ ਬਾਕੀ ਨਹੀਂ ਰਹਿਣਾ। ਪ੍ਰਾਣਾਂ ਨੇ ਤਾਂ ਜਾਣਾ ਹੀ ਜਾਣਾ ਹੈ, ਪਰ ਜਿਹੜੀ ਚੀਜ਼ ਨਹੀਂ ਜਾਣ ਦੇਣੀ ਉਹ ਗੁਰੂ ਦੇ ਪਿਆਰ ਤੇ ਸਿੱਖੀ ਨਹੀਂ ਜਾਣ ਦੇਣੀ। ਉਹ ਵਾਹਿਗੁਰੂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਸੱਚ ਦੇ ਉਤੇ ਜੀਵਨ ਗੁਜ਼ਾਰਦਾ ਹੈ। ਪ੍ਰਾਣ ਜਦੋਂ ਜਾਂਦੇ ਨੇ ਉਸ ਵੇਲੇ ਤੱਕ। ਜ਼ਿੰਦਗੀ ਦੇ ਅੰਦਰ ਸਾਰੇ ਦਿਨ ਕਿਤੇ ਚੰਗੇ ਤਾਂ ਨਹੀਂ ਨਾ ਹੁੰਦੇ। ਮਾੜਾ ਚੱਕਰ ਵੀ ਆ ਜਾਂਦਾ ਹੈ, ਚੰਗਾ ਵੀ ਆ ਜਾਂਦਾ ਹੈ।

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ***
***ਦੁਖਿ ਭੀ ਤੁਝੈ ਧਿਆਈ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ***
***ਦੁਖ ਵਿਚਿ ਸੂਖ ਮਨਾਈ॥***
***ਤਨੁ ਮਨੁ ਕਾਟਿ ਕਾਟਿ ਸਭੁ ਅਰਪੀ***
***ਵਿਚਿ ਅਗਨੀ ਆਪੁ ਜਲਾਈ॥ ਅੰਗ - 757***

ਕੁਛ ਆ ਜਾਵੇ। ਜਿਹੜੀ ਪੀਡੀ ਗੰਢ ਪਾਈ ਹੋਈ ਹੈ ਪਿਆਰ ਦੀ, ਤੋਰੀ ਨਾ ਟੁਟੈ ਛੋਰੀ ਨ ਛੁਟੈ ਉਹਨੂੰ ਨਹੀਂ ਛੱਡਦਾ, ਨਿਭਾ ਦਿੰਦਾ ਹੈ। ਇਕ ਪਲ ਵਿਚ ਗੁਰੂ ਕਹਿ ਦੇ ਸਿਰ ਚਾਹੀਦਾ ਹੈ ਉਸੇ ਵੇਲੇ ਦੇ ਦਿੰਦਾ ਹੈ। ਮਹਾਰਾਜ ਕਹਿੰਦੇ ਨੇ ਉਹ ਸਿੱਖ ਮੇਰਾ ਪੂਰਨ ਹੁੰਦਾ ਹੈ। ਮਹਾਰਾਜ ਕਹਿੰਦੇ ਇਹ ਚੌਥੀ ਸਿੱਖੀ ਹੁੰਦੀ ਹੈ ਜਿਹਨੂੰ ਸਿਦਕ ਦੀ ਸਿੱਖੀ ਕਹਿੰਦੇ ਨੇ।

ਪੰਜਵੀ ਸਿੱਖੀ ਹੋਇਆ ਕਰਦੀ ਹੈ ਭਾਵਨਾ ਦੀ। ਗੁਰੂ ਨੂੰ ਪ੍ਰਮੇਸ਼ਰ ਸਮਝਣਾ।

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਅੰਗ - 442***

ਗੁਰੂ ਤੇ ਗੋਬਿੰਦ ਵਿਚ ਕੋਈ ਭੇਦ ਨਾ ਸਮਝਣਾ। ਹਰ ਵਕਤ ਗੁਰੂ ਦਾ ਧਿਆਨ ਹਿਰਦੇ ਵਿਚ ਰੱਖਣਾ। ਕਦੇ ਵੀ ਨਾ ਗੁਰੂ ਨੂੰ ਭੁੱਲਣਾ। ਮਹਾਰਾਜ ਕਹਿੰਦੇ ਪ੍ਰੇਮੀਓ! ਇਹ ਸਿੱਖੀ ਦਾ ਭੇਦ ਹੈ। ਮਹਾਰਾਜ ਕਹਿੰਦੇ ਅਸਲੀ ਸਿੱਖ ਤਾਂ ਟਾਵਾਂ-ਟਾਵਾਂ ਹੁੰਦਾ ਹੈ।

ਬੇਨਤੀ ਚਲਦੀ ਹੈ ਕਿ ਪੂਰਾ ਗੁਰੂ ਕਿਵੇਂ ਮਿਹਰਵਾਨ ਹੁੰਦਾ ਹੈ? ਜਦੋਂ ਪੂਰਾ ਗੁਰੂ ਮਿਹਰਵਾਨ ਕਰ ਲਿਆ, ਦੁਨੀਆਂ ਵਿਚ ਕਿਸੇ ਚੀਜ਼ ਦੀ ਲੋੜ ਨਹੀਂ ਰਹਿੰਦੀ। ਗੁਰੂ ਮਹਾਰਾਜ ਜੀ ਜਿਥੇ ਨਾਮ ਜਪਦੇ ਆ ਰਹੇ ਸੀ ਸਾਰੇ ਉਥੇ ਥੋੜ੍ਹਾ ਜਿਹਾ ਬਾੜ ਕਰ ਦਿਤੀ ਖੇਤ ਨੂੰ ਅਤੇ ਅੰਮ੍ਰਿਤ ਦੀ ਦਾਤ ਖੰਡੇ ਬਾਟੇ ਦੇ ਨਾਲ ਬਾਣੀ ਪੜ੍ਹ ਕੇ ਇਕ ਐਸਾ ਪਵਿੱਤਰ ਤੇ ਸ਼ਕਤੀ ਵਾਲਾ ਜਲ ਆਦਮੀ ਦੇ ਅੰਦਰ ਪ੍ਰਵੇਸ਼ ਕਰਾਇਆ ਕਿ ਉਹ ਕਿੱਡਾ ਵੱਡਾ ਬਹਾਦਰ ਬਣਾ ਦਿਤਾ। ਮਹਾਰਾਜ ਕਹਿੰਦੇ 'ਸਵਾ ਲਾਖ ਸੇ ਏਕ ਲੜਾਊਂ, ਚਿੜੀਆਂ ਕੋਲੋਂ ਬਾਜ ਤੁੜਾਊਂ, ਤਬ ਗੋਬਿੰਦ ਸਿੰਘ ਨਾਮ ਸਦਾਊਂ। ਚੜ੍ਹੇ ਸਿੰਘ ਤਿਸ ਮੁਕਤ ਕਰਾਊਂ।' ਜੇ ਸ਼ਹੀਦ ਹੋ ਜਾਵੇ ਸਿੰਘ ਅਸੀਂ ਉਹਨੂੰ ਆਪਣੇ ਲੋਕ ਵਿਚ ਲੈ ਜਾਵਾਂਗੇ। ਸੋ

ਸਮੇਂ ਦੀ ਲੋੜ ਦੇ ਮੁਤਾਬਿਕ ਅੰਮ੍ਰਿਤ ਛਕਾਇਆ ਵਿਸਾਖੀ ਵਾਲੇ ਦਿਨ। ਲੇਕਿਨ ਇਹ ਰਾਜ ਵਾਲਿਆਂ ਨੂੰ ਚੰਗਾ ਨਾ ਲੱਗਿਆ। ਰਾਜਾ ਆਪਣਾ ਹਿਤ ਦੇਖਦਾ ਹੈ। ਪਹਾੜੀ ਰਾਜੇ ਵੀ ਖੁਣਸਾਂ ਖਾਣ ਲਗ ਗਏ। ਇਹ ਤਾਂ ਫੌਜ ਪ੍ਰਗਟ ਹੋਈ ਸੀ -

***ਖਾਲਸਾ ਅਕਾਲ ਪੁਰਖ ਕੀ ਫੌਜ॥***
***ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥***

***(ਸਰਬ ਲੋਹ ਗ੍ਰੰਥ 'ਚੋਂ)***

ਖਾਲਸਾ ਕੌਣ ਸੀ ਪਵਿੱਤਰ ਮਨੁੱਖ -

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***

***(ਸਰਬ ਲੋਹ ਗ੍ਰੰਥ'ਚੋਂ)***

ਖਾਲਸਾ ਉਹ ਹੁੰਦਾ ਹੈ ਜਿਹੜਾ ਹਰੇਕ ਦੇ ਵਿਚ ਵਾਹਿਗੁਰੂ ਦੇਖ ਲਵੇ। ਜਿਹੜਾ ਹਰੇਕ ਵਿਚ ਵਾਹਿਗੁਰੂ ਦੇਖੇਗਾ ਉਹ ਕਿਸੇ ਦਾ ਬੁਰਾ ਨਹੀਂ ਕਰਦਾ। ਗਰੀਬ ਦੀ ਰੱਖਿਆ ਕਰਦਾ ਹੈ, ਲੋੜਵੰਦ ਦੀ ਲੋੜ ਪੂਰੀ ਕਰਦਾ ਹੈ। ਸੋ ਮਹਾਰਾਜ ਨੇ ਨਵਾਂ ਮੋੜ ਦੇ ਕੇ 'ਖਾਲਸੇ' ਦਾ ਆਦਰਸ਼ ਭਰ ਕਰ ਦਿਤਾ ਆਮ ਮਨੁੱਖਾਂ ਵਿਚ, ਨਾਮ ਜਪਣ ਵਾਲਿਆਂ ਵਿਚ। ਉਹ ਚੰਗਾ ਨਾ ਲੱਗਿਆ ਤੇ ਮਹਾਰਾਜ ਜੀ ਨੂੰ ਬੜੇ ਯੁੱਧ ਲੜਨੇ ਪਏ। ਕਿਸੇ ਦੇ ਉਤੇ ਗੁਰੂ ਦਸਵੇਂ ਪਾਤਸ਼ਾਹ ਨੇ ਜਾ ਕੇ ਚੜ੍ਹਾਈ ਨਹੀਂ ਕੀਤੀ। ਕਿਸੇ ਨੂੰ ਜਾ ਕੇ ਮਾਰਿਆ ਨਹੀਂ। ਜੇ ਕੋਈ ਚੜ੍ਹ ਕੇ ਆਇਐ ਜਿਹੋ ਜਿਹੀ ਭਾਵਨਾ ਲੈ ਕੇ ਆਇਆ ਹੈ, ਸ਼ਸਤਰਾਂ ਵਾਲੀ ਭਾਵਨਾ ਲੈ ਕੇ ਆਇਆ ਹੈ ਤਾਂ ਸ਼ਸਤਰਾਂ ਨਾਲ ਹੀ ਉਹਦਾ ਜਵਾਬ ਦਿਤਾ ਹੈ।

ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਨੇ ਇਕ ਨਵਾਂ ਰੂਪ ਦਿਤਾ ਸਿੱਖੀ ਨੂੰ ਸਾਧਸੰਗਤ ਜੀ। ਯੁੱਧ ਹੋਣੇ ਕੁਦਰਤੀ ਸੀ। ਕੁੱਲ 13 ਯੁੱਧ ਗੁਰੂ ਦਸ਼ਮੇਸ਼ ਪਿਤਾ ਦੇ ਨਾਲ ਹੋਏ। ਹਰੇਕ ਯੁੱਧ ਦੇ ਅੰਦਰ ਦੁਸ਼ਮਣ ਨੇ ਹਾਰ ਖਾਧੀ ਹੈ। ਚਾਹੇ ਦੱਸ ਲੱਖ ਫੌਜ ਸੀ ਚਾਹੇ ਕੁਛ। ਹਾਰ ਉਹ ਹੁੰਦੀ ਹੈ ਜਿਹੜਾ ਹਥਿਆਰ ਸੁੱਟ ਦੇਵੇ।

ਗੁਰੂ ਦਸਵੇਂ ਪਾਤਸ਼ਾਹ ਨੇ ਜਦੋਂ ਚਮਕੌਰ ਸਾਹਿਬ ਛੱਡ ਕੇ ਦੀਨੇ ਕਾਂਗੜ ਜਾ ਕੇ ਚਿੱਠੀ ਲਿਖੀ ਹੈ। ਉਹ ਚਿੱਠੀ ਦਾ ਨਾਮ 'ਜਫਰਨਾਮਾ' ਲਿਖਿਆ, ਫਤਹਿ ਦੀ ਚਿੱਠੀ। ਅਸੀਂ ਨਹੀਂ ਹਾਰੇ, ਅਸੂਲਾਂ ਵਿਚ ਹਾਰਿਆ ਹੈ ਤਾਂ ਔਰੰਗਜ਼ੇਬ ਹਾਰਿਆ ਹੈ। ਅਸੂਲਾਂ ਦੀ ਜੰਗ ਦੇ ਅੰਦਰ ਜੇ ਹਾਰੇ ਨੇ ਤਾਂ ਪਹਾੜੀ ਰਾਜੇ ਹਾਰੇ ਨੇ। ਅਸੀਂ ਨਹੀਂ ਹਾਰੇ ਸਾਡੀ ਜਿੱਤ ਹੋਈ ਹੈ ਕਿਉਂਕਿ ਅਸੀਂ ਅਤਿ ਮੁਸੀਬਤ ਵਿਚ, ਅਤਿ ਦੁਖ ਦੇ ਵਿਚ ਆਪਣੇ ਅਸੂਲ ਨਹੀਂ ਹੱਥੋਂ ਜਾਣ ਦਿਤੇ। ਧਰਮ ਨੂੰ ਹੱਥੋਂ ਨਹੀਂ ਜਾਣ ਦਿਤਾ। ਧਰਮ ਦੇ ਲਈ ਯੁੱਧ ਕੀਤਾ।

ਸੋ ਅੱਜ ਛੇ ਮਹੀਨੇ ਤੋਂ ਘੇਰਾ ਪਿਆ ਹੋਇਆ ਹੈ। ਬੜਾ ਨੁਕਸਾਨ ਹੋ ਗਿਆ, ਬੇਅੰਤ ਸਿੰਘ ਸ਼ਹੀਦ ਹੋ ਗਏ। ਇਤਿਹਾਸ ਦਸਦਾ ਹੈ, ਕੋਈ ਤਾਂ ਦਸਦਾ ਹੈ ਕਿ ਪੰਜ ਹਜ਼ਾਰ ਸਿੰਘ ਮਹਾਰਾਜ ਨਾਲ ਸੀ, ਪਰ ਦੱਸ ਹਜ਼ਾਰ ਦੀ ਗਿਣਤੀ ਵੀ ਲਿਖਦੇ ਨੇ। ਚਾਰ ਕਿਲ੍ਹਿਆਂ ਦੇ ਅੰਦਰ ਢਾਈ-ਢਾਈ ਹਜ਼ਾਰ ਸਿੰਘ ਨੇ ਛੇ ਮਹੀਨੇ, ਦੱਸ ਲੱਖ ਫੌਜ ਨੂੰ ਨੇੜੇ ਨਹੀਂ ਆਉਣ ਦਿਤਾ। ਬਾਹਰੋਂ ਰਾਸ਼ਨ ਬੰਦ ਹੋ ਗਿਆ, ਪਾਣੀ ਵੀ ਬੰਦ ਕਰ ਦਿਤਾ, ਕੋਈ ਅੰਦਰ ਨਹੀਂ ਆ ਸਕਦਾ। ਕੋਈ ਅੰਦਰੋਂ ਬਾਹਰ ਨਹੀਂ ਜਾ ਸਕਦਾ। ਸੋ ਐਸੀ ਹਾਲਤ ਵਿਚ ਇਕ ਦਿਨ ਗੁਰੂ ਮਹਾਰਾਜ ਕਿਲੇ ਤੋਂ ਬਾਹਰ ਖੜ੍ਹੇ ਦੇਖਦੇ ਨੇ। ਬਸੰਤ ਰੁੱਤ ਅਜੇ ਆਈ ਨਹੀਂ ਹੈ, ਅਜੇ ਪੋਹ ਦਾ ਮਹੀਨਾ ਸ਼ੁਰੂ ਹੋਣ 'ਚ ਥੋੜ੍ਹੀ ਦੇਰ ਹੈ। ਪੋਹ ਦਾ ਮਹੀਨਾ ਹੈ ਤੇ ਉਸ ਵੇਲੇ ਆਪ ਨੇ ਕੀ ਦੇਖਿਆ ਕਿ ਪੱਤੇ ਝੜ ਗਏ ਦਰਖਤਾਂ ਦੇ ਸਾਰੇ ਤੇ ਛਿਲ ਵੀ ਇਨ੍ਹਾਂ ਉਤੇ ਨਹੀਂ। ਕਹਿਣ ਲੱਗੇ, ਕੀ ਗੱਲ ਪਹਿਲਾਂ ਹੀ ਪਤਝੜ ਆ ਗਈ। ਇਹ ਤਾਂ ਅੱਗੇ ਜਾ ਕੇ ਆਉਂਦੀ ਹੈ। ਸਿੱਖਾਂ ਨੇ ਕਿਹਾ, "ਸੱਚੇ ਪਾਤਸ਼ਾਹ! ਤੇਰੇ ਸਿਦਕੀ ਸਿੱਖਾਂ ਨੇ ਆਪਣੇ ਸਰੀਰ ਨੂੰ ਕਾਇਮ ਰੱਖਣ ਵਾਸਤੇ, ਛਿੱਲਾਂ ਪੀਹ-ਪੀਹ ਕੇ ਖਾ ਲਈਆਂ, ਪੱਤੇ ਉਬਾਲ-ਉਬਾਲ ਕੇ ਖਾ ਲਏ। ਕਿਉਂਕਿ ਰਾਸ਼ਨ ਹੈ ਨਹੀਂ। ਕਿਉਂਕਿ ਇਕ-ਇਕ ਮੁੱਠੀ ਮਿਲਦੀ ਸੀ ਛੋਲਿਆਂ ਦੀ। ਸਾਹਿਬਜ਼ਾਦਿਆਂ ਨੂੰ ਇਕ-ਇਕ ਮੁੱਠੀ ਮਿਲਦੀ ਸੀ, ਗੁਰੂ ਮਹਾਰਾਜ ਨੂੰ ਇਕ-ਇਕ ਮੁੱਠੀ ਮਿਲਦੀ ਸੀ। ਐਸਾ ਲਿਖਿਆ ਹੋਇਆ ਹੈ ਇਤਿਹਾਸ ਦੇ ਅੰਦਰ ਤੇ ਸਿੰਘਾਂ ਨੂੰ ਦੂਜੇ ਦਿਨ ਮਿਲ ਜਾਂਦੀ ਸੀ।

ਸੋ ਭੁੱਖ ਦਾ ਦੁੱਖ, ਸਾਧਸੰਗਤ ਜੀ, ਸਭ ਤੋਂ ਵੱਡਾ ਹੁੰਦਾ ਹੈ। ਵੱਡੇ-ਵੱਡੇ ਸੂਰਮੇ ਜਿਹੜੇ ਨੇ ਭੁੱਖ ਦੇ ਹੱਥੋਂ ਹਾਰੇ ਨੇ। ਰਾਣਾ ਪ੍ਰਤਾਪ ਚਿਤੌੜਗੜ੍ਹ ਦਾ ਰਾਜਾ ਅਕਬਰ ਦੇ ਨਾਲ ਯੁੱਧ ਕਰਦਾ ਹੈ। ਹਲਦੀ ਘਾਟ ਦੇ ਮੁਕਾਮ ਦੇ ਉਤੇ ਉਹਦੀ ਫੌਜ ਸਾਰੀ ਮਾਰੀ ਗਈ। ਉਹ ਇਕੱਲਾ ਬਚਿਆ। ਘੋੜਾ ਜ਼ਖ਼ਮੀ ਹੋ ਗਿਆ, ਉਸ ਵੇਲੇ ਜੰਗਲ ਦੇ ਵਿਚ ਜਾ ਕੇ ਛੁੱਪ ਗਿਆ, ਨਾਲ ਘਰਵਾਲੀ ਹੈ ਤੇ ਲੜਕੀ ਹੈ। ਐਸਾ ਹੋਇਆ ਕਿ ਭੁੱਖ ਦੇ ਨਾਲ ਲੜਕੀ ਜਿਹੜੀ ਸੀ ਉਹ ਧਰਤੀ ਤੇ ਗਿਰ ਗਈ। ਕੋਈ ਚੀਜ਼ ਨਹੀਂ ਮਿਲਦੀ ਕਿ ਖਾਈਏ ਕੀ। ਭੱਖੜਾ, ਪਿਆਜੀ, ਬਾਥੂ, ਇਹ ਇਕੱਠਾ ਕਰਕੇ ਪੀਸ ਕੇ ਇਕ ਰੋਟੀ ਬਣਾਈ। ਉਹਦਾ ਅੱਧਾ ਹਿੱਸਾ ਲੜਕੀ ਨੂੰ ਦੇਣ ਵਾਸਤੇ ਰੱਖਿਆ ਤੇ ਚੌਥਾ ਚੌਥਾ ਆਪ ਖਾਣ ਨੂੰ ਰੱਖਿਆ। ਜੋ ਲੜਕੀ ਨੂੰ ਦਿਤਾ ਸੀ, ਇਕ ਜੰਗਲੀ ਬਿੱਲਾ ਆਇਆ ਉਹ ਰੋਟੀ ਚੁੱਕ ਕੇ ਲੈ ਗਿਆ। ਉਸ ਵੇਲੇ ਰਾਣਾ ਪ੍ਰਤਾਪ ਸੂਰਮਾ ਜਿਹੜਾ ਕਦੇ ਨਹੀਂ ਸੀ ਰੋਇਆ, ਉਸ ਵੇਲੇ ਧਾਹਾਂ ਮਾਰ ਕੇ ਰੋ ਪਿਆ। ਘਰਵਾਲੀ ਨੂੰ ਕਹਿਣ ਲੱਗਿਆ ਕਿ ਇਸ ਤੋਂ ਜ਼ਿਆਦਾ ਦੁੱਖ ਤਾਂ ਹੋ ਹੀ ਨਹੀਂ ਸਕਦਾ। ਲੜਕੀ ਆਪਣੀ ਮਰ ਰਹੀ ਹੈ ਭੁੱਖ ਦੇ ਦੁੱਖ ਨਾਲ। ਮੈਂ ਅਕਬਰ ਦੇ ਕੋਲ ਜਾ ਕੇ ਹਥਿਆਰ ਰੱਖਦਾ ਹਾਂ। ਹਾਰ ਮੰਨ ਲਵਾਂ ਆਪਣੀ। ਉਸ ਵੇਲੇ ਲੜਕੀ ਨੇ ਸੁਣ ਲਿਆ। ਲੜਕੀ ਪਿਤਾ ਵਲ ਦੇਖ ਰਹੀ ਸੀ। ਮੂੰਹ ਪਰਲੇ

ਪਾਸੇ ਕਰ ਲਿਆ। ਪਿਤਾ ਹੈਰਾਨ ਹੋ ਗਿਆ ਕਿ ਮੂੰਹ ਪਰ੍ਹੇ ਕਿਉਂ ਕਰ ਲਿਆ। ਕਹਿਣ ਲੱਗਿਆ, ਬੇਟੀ! ਤੂੰ ਮੂੰਹ ਦੂਜੇ ਪਾਸੇ ਕਰ ਲਿਆ। ਕਹਿੰਦੀ, "ਮੈਂ ਤੈਨੂੰ ਹੁਣ ਪਿਤਾ ਨਹੀਂ ਕਹਿ ਸਕਦੀ ਕਿ ਭੁੱਖ ਦੇ ਦੁੱਖ ਤੋਂ ਦੁਖੀ ਹੋ ਕੇ ਤੂੰ ਹਥਿਆਰ ਸੁੱਟਣ ਲੱਗਿਆ ਹੈਂ? ਰਾਜਪੂਤਾਂ ਦੀ ਅਣਖ ਖਤਮ ਕਰਨ ਲੱਗਿਆ ਹੈਂ, ਤੂੰ ਮੇਰਾ ਪਿਤਾ ਨਹੀਂ ਹੈ, ਹੁਣ ਚੰਗਾ ਹੋਵੇ ਤਾਂ ਮੈਂ ਮਰ ਜਾਵਾਂ, ਐਨਾ ਕਹਿ ਕੇ ਉਸ ਨੇ ਸੁਆਸ ਛੱਡ ਦਿਤੇ। ਇਹਦੇ ਲਈ ਬਹੁਤ ਵੱਡਾ ਦੁੱਖ ਲੱਗਿਆ ਇਸਨੂੰ। ਡੋਲ ਗਿਆ ਸਾਧਸੰਗਤ ਜੀ। ਜੇ ਬਾਬਾ ਸ੍ਰੀ ਚੰਦ ਜੀ ਨਾ ਜਾਂਦੇ ਉਸ ਵੇਲੇ, ਤਾਂ ਹਥਿਆਰ ਇਹਨੇ ਸਿੱਟ ਦੇਣੇ ਸੀ। ਲੜਕੀ ਦਾ ਡੋਲਾ ਦੇਣ ਨੂੰ ਤਿਆਰ ਹੋ ਜਾਣਾ ਸੀ।

ਲੇਕਿਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਯੁੱਧ ਹੋ ਰਿਹਾ ਬੜਾ ਹੀ ਭਿਆਨਕ, ਸਾਰੇ ਜਾਣਦੇ ਹੋਂ ਕਿ ਕਿੰਨੀਆਂ ਕੁਰਬਾਨੀਆਂ ਦਿਤੀਆਂ ਨੇ। ਚਿੱਠੀ ਲਿਖਦੇ ਨੇ ਫਤਹਿ ਦੀ, ਹਾਰ ਦੀ ਚਿੱਠੀ ਨਹੀਂ ਲਿਖਦੇ।

ਸੋ ਅੱਜ ਐਸਾ ਹੋਇਆ ਕਿ ਪਤਾ ਲੱਗ ਗਿਆ ਸਾਰਿਆਂ ਨੂੰ ਕਿ ਬਹੁਤ ਭੁੱਖੇ ਨੇ, ਹੁਣ ਤਾਂ ਬਾਹਰ ਵੀ ਨਹੀਂ ਆਉਂਦੇ। ਤਕੜਾਈ ਬਹੁਤ ਹੋ ਗਈ ਹੈ, ਚਾਰ ਮੀਲ ਤੇ ਜਾ ਕੇ ਘੇਰਾ ਪਾਇਆ ਹੋਇਆ ਹੈ। ਉਸ ਵੇਲੇ ਪਹਾੜੀ ਰਾਜਿਆਂ ਨੇ ਸਲਾਹ ਕੀਤੀ ਕਿ ਕਿਸੇ ਤਰੀਕੇ ਨਾਲ ਧੋਖਾ ਦਿਤਾ ਜਾਵੇ ਗੁਰੂ ਮਹਾਰਾਜ ਨੂੰ।

ਉਨ੍ਹਾਂ ਨੇ ਇਕ ਚਿੱਠੀ ਲਿਖੀ ਤੇ ਕਹਿਣ ਲੱਗੇ ਆਪਣੀਆਂ ਚਿੱਠੀਆਂ ਤੇ ਤਾਂ ਉਨ੍ਹਾਂ ਨੇ ਇਤਬਾਰ ਨਹੀਂ ਕਰਨਾ ਕਿਉਂਕਿ ਆਪਾਂ ਕਈ ਵਾਰੀ ਝੂਠੀਆਂ ਸੌਂਹਾਂ ਖਾ ਚੁੱਕੇ ਹਾਂ। ਆਹ ਮੁਸਲਮਾਨ ਕੁਰਾਨ ਸ਼ਰੀਫ ਨੂੰ ਬਹੁਤ ਮੰਨਦੇ ਨੇ, ਜੇ ਕੁਰਾਨ ਸ਼ਰੀਫ ਦੀ ਸਹੁੰ ਖਾ ਕੇ, ਥਾਲ ਦੇ ਵਿਚ ਰੱਖ ਕੇ ਭੇਜ ਦਿਤਾ ਜਾਵੇ ਤੇ ਚਿੱਠੀ ਤੇ ਦਸਤਖਤ ਹੋਣ ਔਰੰਗਜ਼ੇਬ ਦੇ। ਫੇਰ ਹੋ ਸਕਦਾ ਹੈ ਕਿ ਗੁਰੂ ਕਿਲਾ ਛੱਡ ਦੇਵੇ। ਜਦੋਂ ਛੱਡ ਦੇਏਗਾ, ਬਾਹਰ ਆਏ ਨੂੰ ਆਪਾਂ ਸਾਂਭ ਲਵਾਂਗੇ।

ਇਸ ਨੀਤ ਦੇ ਨਾਲ ਸਾਜ਼ਿਸ਼ ਕੀਤੀ, ਔਰੰਗਜ਼ੇਬ ਦੇ ਕੋਲ ਚਿੱਠੀ ਦਿੱਲੀ ਭੇਜੀ। ਉਹਦੇ ਦਸਤਖਤ ਕਰਾਏ ਤੇ ਫੁਰਮਾਨ ਲਿਆ, ਮੋਹਰ ਲਵਾਈ ਸਰਕਾਰੀ। ਥਾਲ ਵਿਚ ਚਿੱਠੀ ਰੱਖੀ, ਵਕੀਲ ਨਾਲ ਭੇਜੇ। ਇਕ ਹਿੰਦੂ ਹੈ ਤੇ ਇਕ ਮੁਸਲਮਾਨ ਹੈ। ਇਕ ਨੇ ਗਊ ਦੀ ਮੂਰਤੀ ਚੁੱਕੀ ਹੋਈ ਹੈ, ਇਕ ਨੇ ਕੁਰਾਨ ਸ਼ਰੀਫ ਨੂੰ ਥਾਲ ਵਿਚ ਪਾ ਕੇ ਚੁੱਕਿਆ ਹੋਇਆ ਹੈ। ਗੁਰੂ ਮਹਾਰਾਜ ਕੋਲ ਪੇਸ਼ ਕੀਤੇ ਜਾਂਦੇ ਨੇ। ਕਹਿਣ ਲੱਗੇ, "ਪਾਤਸ਼ਾਹ! ਕੀ ਫਾਇਦਾ ਲੜਾਈ ਦਾ। ਤੁਹਾਡੇ ਕੋਲ ਕੋਈ ਦੇਸ਼ ਨਹੀਂ ਜਿਹੜਾ ਲੈ ਲੈਣਾ ਹੈ। ਐਵੇਂ ਬਾਦਸ਼ਾਹਾਂ ਦੇ ਮਨ ਦੇ ਉਤੇ ਇਕ ਹੱਠ ਤਾਰੀ ਹੋਇਆ ਹੋਇਆ ਹੈ, ਪ੍ਰਭਾਵ ਪਿਆ ਹੋਇਆ ਹੋਇਆ ਹੈ, ਉਹ ਬੱਸ ਇੰਨਾ ਹੀ ਚਾਹੁੰਦੇ ਨੇ ਕਿ ਤੁਸੀਂ ਕਿਲਾ ਛੱਡ ਜਾਓ। ਜੇ ਤੁਸੀਂ ਕਿਲਾ ਛੱਡ ਜਾਵੋਂ ਤਾਂ ਮੌਜ ਹੈ ਤੁਹਾਡੀ। ਜਿਧਰ ਜੀਅ ਕਰੇ ਚਲੇ ਜਾਵੋ, ਸਾਰਾ ਹਿੰਦੋਸਤਾਨ ਤੁਹਾਡਾ ਹੀ ਹੈ। ਝਗੜਾ ਬੱਸ ਐਨਾ ਹੀ ਹੈ। ਆਹ ਦੇਖੋ, ਸ਼ਾਹੀ ਫੁਰਮਾਨ। ਮਹਾਰਾਜ ਨੇ ਚਿੱਠੀ ਲਈ ਲੈ ਕੇ ਪੜ੍ਹੀ। ਮਹਾਰਾਜ ਮੁਸਕਰਾ ਪਏ ਕਿ ਇਹ ਇਕ ਚਾਲ ਹੈ, ਠੱਗੀ ਹੈ। ਲੇਕਿਨ ਜਿਹੜੇ ਕਮਜ਼ੋਰ ਨਿਹਚਿਆਂ ਵਾਲੇ ਸੀ, ਉਹ ਡੋਲ੍ਹ ਗਏ ਸਾਰੇ ਹੀ। ਸਾਡੇ ਨਾਲੋਂ ਤਾਂ ਬਹੁਤ ਚੰਗੇ ਸੀ ਸਾਰੇ ਹੀ, ਜੇ ਅਸੀਂ ਕਹੀਏ ਕਿ ਡੋਲ੍ਹ ਗਏ ਸੀ ਅਸੀਂ ਤਾਂ ਪਹਿਲਾਂ ਹੀ ਡੋਲੇ ਪਏ ਹਾਂ ਬਗੈਰ ਕਿਸੇ ਤਕਲੀਫ ਤੋਂ ਹੀ। ਉਨ੍ਹਾਂ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਡੋਲ ਗਏ ਪਰ ਉਹ ਡੋਲੇ ਨਹੀਂ, ਉਨ੍ਹਾਂ ਨੇ 99 ਨੰਬਰ ਤਾਂ ਲੈ ਲਏ ਸੀ ਇਕ ਨੰਬਰ ਰਹਿ ਗਿਆ ਸੀ ਬਾਕੀ। ਇਕ ਨੰਬਰ ਤੇ ਫੇਲ੍ਹ ਹੋ ਰਹੇ ਸੀ। ਉਨ੍ਹਾਂ ਨੇ ਮਹਾਰਾਜ ਜੀ ਨੂੰ ਇਕੱਠੇ ਹੋ ਕੇ ਕਿਹਾ ਕਿ ਹੁਣ ਤਾਂ ਸੌਂਹਾਂ ਖਾਂਦੇ ਨੇ ਇਹ, ਹੁਣ ਤਾਂ ਕਿਲਾ ਛੱਡ ਦੇਈਏ। ਮਹਾਰਾਜ ਕਹਿਣ ਲੱਗੇ, ਨਹੀਂ ਪ੍ਰੇਮੀਓਂ! ਇਹ ਤਾਂ ਧੋਖਾ ਹੋ ਰਿਹਾ ਹੈ ਬਹੁਤ ਜ਼ਬਰਦਸਤ। ਕਿਲਾ ਨਹੀਂ ਛੱਡਣਾ, ਕਿਲਾ ਛੱਡਣ ਦੇ ਨਾਲ ਅੱਗੇ ਨਹੀਂ ਦੇਖਿਆ ਕਿ ਇਨ੍ਹਾਂ ਨੇ ਕੀ ਕਰਿਆ ਹੈ। ਕਹਿਣ ਲੱਗੇ, ਜੀ ਹੁਣ ਤਾਂ ਕੁਰਾਨ ਸ਼ਰੀਫ ਵੀ ਵਿਚ ਰੱਖ ਕੇ ਲਿਆਏ ਨੇ। ਕਹਿੰਦੇ ਰਾਜਾ ਜਿਹੜਾ ਹੈ ਇਹ ਜੇ ਲੱਖਾਂ ਸੌਂਹਾਂ ਵੀ ਖਾਵੇ ਨਾ ਤਾਂ ਵੀ ਨਾ ਇਹਦਾ ਇਤਬਾਰ ਕਰੋ। ਰਾਜਾ ਚਾਹੇ ਕੋਈ ਹੈ, ਇਥੇ ਤੱਕ ਵੀ ਕਿਹਾ ਹੈ ਕਿ ਜੇ ਬਾਂਹ ਨੂੰ ਲਾ ਲਓ ਨਾ ਲਾਲਾ (ਗੁੜ) ਤੇ ਤਿਲਾਂ ਦੇ ਵਿਚ ਰੱਖ ਦਿਓ, ਜਿੰਨੇ ਤਿਲ ਲਗ ਜਾਣ, ਜੇ ਐਨੀਆਂ ਸੌਂਹਾਂ ਰਾਜਾ ਖਾਵੇ, ਰਾਜੇ ਦਾ ਤਾਂ ਵੀ ਇਤਬਾਰ ਨਾ ਕਰੇ। ਰਾਜਾ ਬੇਇਤਬਾਰਾ ਹੁੰਦਾ ਹੈ। ਰਾਜੇ ਨੂੰ ਹਿੱਤ ਪਿਆਰਾ ਹੁੰਦਾ ਹੈ, ਸਹੁੰ ਪਿਆਰੀ ਨਹੀਂ ਹੁੰਦੀ। ਬਚਨ ਪਿਆਰਾ ਨਹੀਂ ਹੁੰਦਾ ਰਾਜੇ ਨੂੰ ਕਦੇ ਵੀ।

ਉਸ ਵੇਲੇ ਕੁਛ ਕਰੜੇ ਬੋਲ ਬੋਲਣ ਲਗ ਗਏ ਕਿ ਸੱਚੇ ਪਾਤਸ਼ਾਹ! ਖਾਣ ਨੂੰ ਤਾਂ ਹੈ ਨਹੀਂ। ਭੁੱਖੇ ਮਰ ਰਹੇ ਹਾਂ, ਕੱਲ੍ਹ ਨੂੰ ਸਾਰਿਆਂ ਨੂੰ ਕਤਲ ਕਰ ਦੇਣਗੇ। ਹੁਣ ਮੌਕਾ ਵੀ ਹੱਥੋਂ ਗਵਾ ਰਹੇ ਹਾਂ ਆਪਾਂ।

ਮਹਾਰਾਜ ਕਹਿੰਦੇ ਨਹੀਂ, ਤਿਆਰ ਹੋ ਗਏ ਜਾਣ ਨੂੰ। ਮਹਾਰਾਜ ਕਹਿੰਦੇ ਜੇ ਜਾਣਾ ਹੈ ਨਾ ਤਾਂ ਇਹਦੇ ਤੇ ਲਿਖ ਦਿਓ ਕਿ ਤੂੰ ਸਾਡਾ ਗੁਰੂ ਨਹੀਂ ਅਸੀਂ ਤੇਰੇ ਸਿੱਖ ਨਹੀਂ। ਦਸਤਖਤ ਕਰੀ ਜਾਓ ਤੇ ਚਲੇ ਜਾਓ। ਗੁਰੂ ਸਾਹਿਬ ਦੇ ਵੇਲੇ ਹੀ ਡਾਵਾਂਡੋਲ ਹੋ ਗਿਆ ਕੰਮ। ਜਿਹੜੇ ਕੱਚੇ ਸੀਗੇ ਸਾਧਸੰਗਤ ਜੀ ਉਨ੍ਹਾਂ ਸਾਰਿਆਂ ਨੇ ਦਸਤਖਤ ਕਰ ਦਿਤੇ ਚਿੱਠੀ ਤੇ। ਮਹਾਰਾਜ ਨੇ ਕਾਗਜ਼ ਲਿਆ ਤੇ ਖੀਸੇ ਵਿਚ ਪਾ ਲਿਆ। ਫੁਰਮਾਨ ਵੀ ਜੇਬ ਵਿਚ ਪਾ ਲਿਆ। ਉਸ ਤੋਂ ਬਾਅਦ ਕਹਿੰਦੇ ਜਾਓ ਤੁਸੀਂ ਸਾਡੇ ਸਿੱਖ ਨਹੀਂ ਅਸੀਂ ਤੁਹਾਡੇ ਗੁਰੂ ਨਹੀਂ। ਘਰਾਂ ਨੂੰ ਚਲੇ ਗਏ ਬੇਅੰਤ ਬੰਦੇ। ਉਹ ਰਹਿ ਗਏ ਜਿਹੜੇ ਸਨਮੁਖ ਸਿੱਖ ਸੀ। ਸਨਮੁਖ ਸਿੱਖ ਜਿਹੜਾ ਹੁੰਦਾ ਹੈ ਉਹ ਕਦੇ ਗੁਰੂ ਦਾ ਆਸਰਾ ਨਹੀਂ ਛੱਡਦਾ।

***ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ।***

***ਸਬਦੁ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ।***
***ਸਾਧ ਸੰਗਤਿ ਵਿਚਿ ਮੰਨੁ ਹੋਇ ਗੁਰਮਤਿ ਸੁਖ ਪਾਵੈ।***
***ਚਰਣ ਕਵਲ ਚਿਤਿ ਭਵਰੁ ਹੋਇ ਸੁਖ ਰੈਣਿ ਵਿਹਾਵੈ।***
***ਗੁਰ ਉਪਦੇਸੁ ਨ ਵਿਸਰੈ ਬਾਬੀਹਾ ਧਿਆਵੈ।***
***ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨ ਸੁਖਾਵੈ॥***
***ਭਾਈ ਗੁਰਦਾਸ ਜੀ ਦੀ 27/15***

ਮਿਸਾਲਾਂ ਦਿਤੀਆਂ ਨੇ ਕਿ ਪਤੰਗ ਜਦੋਂ ਦੇਖਦਾ ਹੈ ਜੋਤ ਨੂੰ ਉਹਦੇ ਵਿਚ ਸਮਾਅ ਜਾਂਦਾ ਹੈ। ਸ਼ਬਦ ਜਦੋਂ ਸੁਣਦਾ ਘੰਡੇਹੇੜੇ ਦਾ ਮਿਰਗ ਉਸੇ ਵੇਲੇ ਅਨਹਦ ਨਾਲ ਲਿਵ ਲਾ ਕੇ ਉਧਰ ਨੂੰ ਸਿੱਧਾ ਹੋ ਜਾਂਦਾ ਹੈ, ਸ਼ਿਕਾਰੀ ਫੜ ਕੇ ਮਾਰ ਲੈਂਦਾ ਹੈ। ਜਿਵੇਂ ਮੱਛੀ ਪਾਣੀ ਦੇ ਵਿਚ ਰਹਿੰਦੀ ਹੈ, ਸਾਧਸੰਗਤ ਦੇ ਵਿਚ ਐਉਂ ਲਿਵਲੀਨ ਹੋ ਕੇ ਰਹਿੰਦਾ ਹੈ। ਚਰਨਾਂ ਦੇ ਉਤੇ ਗੁਰੂ ਤੇ ਐਉਂ ਧਿਆਨ ਰਖਦਾ ਹੈ ਜਿਵੇਂ ਭਵਰਾ ਫੁੱਲ ਦੇ ਉਤੇ ਰਖਦਾ ਹੈ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਬਾਣੀ ਦਿਨ ਰਾਤ ਪੜ੍ਹਦਾ ਹੈ।

ਸੋ ਜਿਹੜੇ ਸਨਮੁਖ ਸਿੱਖ ਹੁੰਦੇ ਨੇ ਉਹ ਗੁਰੂ ਤੋਂ ਕੁਰਬਾਨ ਹੋ ਜਾਂਦੇ ਨੇ। ਉਨ੍ਹਾਂ ਨੂੰ ਕੋਈ ਡਰ ਨਹੀਂ ਹੋਇਆ ਕਰਦਾ।

ਗੁਰੂ ਮਹਾਰਾਜ ਦੇ ਕੋਲ ਜਿਹੜੇ ਰਹਿ ਗਏ ਉਨ੍ਹਾਂ ਦੀ ਹਾਲਤ ਸੀ -

***ਦੀਪਕ ਜਲੈ ਪਤੰਗ ਵਸੁ ਫਿਰਿ ਦੇਖਿ ਨ ਹਟੈ।***
***ਜਲ ਵਿਚਹੁ ਫੜਿ ਕਢੀਐ ਮਛ ਨੇਹੁ ਨ ਘਟੈ।***
***ਘੰਡਾ ਹੇੜੈ ਮਿਰਗ ਜਿਉ ਸੁਣਿ ਨਾਦੁ ਪਲਟੈ।***
***ਭਵਰੈ ਵਾਸੁ ਵਿਣਾਸੁ ਹੈ ਫੜਿ ਕਵਲ ਸੰਘਟੈ।***
***ਗੁਰਮੁਖਿ ਸੁਖ ਫਲੁ ਪਿਰਮ ਰਸੁ ਬਹੁ ਬੰਧਨ ਕਟੈ।***
***ਧੰਨੁ ਧੰਨੁ ਗੁਰਿ ਸਿਖ ਵੰਸੁ ਗੁਰਮਤਿ ਨਿਧਿ ਖਟੈ॥***
***ਭਾਈ ਗੁਰਦਾਸ ਜੀ ਦੀ ਵਾਰ27/23***

ਪਤੰਗ ਦੀ ਵੰਸ ਦਾ ਜਿਹੜਾ ਦੀਪਕ ਦੇਖ ਲਵੇ, ਉਹ ਪਿਛੇ ਨਹੀਂ ਹਟਦਾ। ਮੱਛੀ ਨੂੰ ਕੱਢ ਲਓ ਉਹਦਾ ਪਾਣੀ ਨਾਲੋਂ ਪਿਆਰ ਨਹੀਂ ਜਾਂਦਾ।

ਗੁਰੂ ਮਹਾਰਾਜ ਜੀ ਨੇ ਕਿਹਾ ਚੰਗਾ ਪ੍ਰੇਮੀਓ! ਤੁਸੀਂ ਜਾ ਸਕਦੇ ਹੋਂ। ਜਾਨ ਜਾਨ 'ਚ ਜਾਨ ਆਈ ਕਿ ਸ਼ੁਕਰ ਹੈ ਕਿ ਹੁਣ ਜਿਉਂਦੇ ਰਹਾਂਗੇ। ਫੇਰ ਤਾਂ ਨਹੀਂ ਮਰਨਾ ਦੁਬਾਰਾ? ਜੇ ਗੁਰੂ ਨੂੰ ਪਿੱਠ ਦੇ ਕੇ ਨੱਠ ਜਾਓ ਫੇਰ ਗਾਰੰਟੀ ਹੈ ਕਿ ਜੀਉਂਦੇ ਰਹਾਂਗੇ? ਸਗੋਂ ਹੋਰ ਸਜ਼ਾ ਮਿਲਦੀ ਹੈ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਮੁੜ-ਮੁੜ ਖਾਵੇਂਗਾ ਚੌਰਾਸੀ ਵਾਲੇ ਗੇੜੇ,***
***ਬੇਮੁਖ ਹੋ ਕੇ ਸਤਿਗੁਰ ਤੋਂ।***

ਜਾਨ ਬਚਾ ਲਈ। ਫੇਰ ਘਰ ਜਾ ਕੇ ਕੀ ਜੀਉਂਦੇ ਹੀ ਰਹਾਂਗੇ ਹਮੇਸ਼ਾ? ਮਹਾਰਾਜ ਕਹਿੰਦੇ ਜੇ ਪ੍ਰੇਮੀਓ! ਸ਼ਹੀਦ ਹੋ ਜਾਂਦੇ ਤਾਂ ਅਮਰਾਪੁਰੀ ਵਾਸਾ ਹੁੰਦਾ। ਹੁਣ ਕੀ ਹੋਏਗਾ? ਜਿੰਨਾ ਚਿਰ ਗੁਰੂ ਨਹੀਂ ਨਾ ਮਿਹਰ ਕਰਦਾ ਲੱਖਾਂ-ਕਰੋੜਾਂ ਜੂਨਾਂ ਦੇ ਵਿਚ ਘੁੰਮਦਾ ਰਹਿੰਦਾ ਹੈ।

***ਜੇ ਕੋ ਗੁਰ ਤੇ ਬੇਮੁਖੁ ਹੋਵੈ***
***ਬਿਨੁ ਸਤਿਗੁਰ ਮੁਕਤਿ ਨ ਪਾਵੈ॥ ਪੰਨਾ - 920***

ਲੇਕਿਨ ਇਹ ਗੱਲਾਂ ਭੁੱਲ ਗਏ ਸਾਰੇ, ਬਾਣੀ ਪੜ੍ਹੀ ਹੋਈ ਭੁੱਲ ਗਈ। ਕਿਉਂਕਿ ਕੱਚੇ ਸੀਗੇ ਉਹ। ਚਲੇ ਜਾਂਦੇ ਨੇ ਆਪਣੇ ਦੇਸ਼। ਜਿਹੜੇ ਗੁਰਮੁਖ ਸੀਗੇ -

***ਰਤੇ ਸੇਈ ਜਿ ਮੁਖੁ ਨ ਮੋੜੰਨਿ ਜਿਨੑੀ ਸਿਞਾਤਾ ਸਾਈ॥***
***ਅੰਗ - 1425***

ਰੱਤੇ ਉਹ ਨੇ ਜਿਹੜੇ ਮੁਖੜਾ ਨਹੀਂ ਮੋੜਦੇ, ਨਾ ਦੁੱਖ ਵਿਚ ਨਾ ਸੁਖ ਵਿਚ। ਸਿਦਕ ਦੇ ਵਿਚ ਹੁੰਦੇ ਨੇ।

ਸੋ ਜਦੋਂ ਇਹ ਆਪਣੇ ਪਿੰਡਾਂ ਵਿਚ ਪਹੁੰਚੇ ਤਾਂ ਬੜੀ ਲਾਹਣ-ਤਾਹਣ ਹੋਣੀ ਸ਼ੁਰੂ ਹੋ ਗਈ। ਨਾ ਘਰ ਦੇ ਮੂੰਹ ਲਾਉਂਦੇ ਨੇ ਨਾ ਇਲਾਕਾ ਮੂੰਹ ਲਾਉਂਦਾ ਹੈ। ਕਹਿੰਦੇ ਐਸ ਵੇਲੇ ਗੁਰੂ ਨੂੰ ਛੱਡ ਆਏ। ਉਸ ਤੋਂ ਬਾਅਦ ਛੇਤੀ ਹੀ ਸੁਣ ਲਿਆ ਸਭ ਨੇ ਕਿ ਸਾਹਿਬਜ਼ਾਦੇ ਸ਼ਹੀਦ ਹੋ ਗਏ। ਵੱਡੇ ਸਾਹਿਬਜ਼ਾਦੇ ਚਮਕੌਰ ਦੇ ਅੰਦਰ ਅਤੇ ਛੋਟੇ ਸਾਹਿਬਜ਼ਾਦੇ ਸਰਹਿੰਦ ਦੀਆਂ ਦੀਵਾਰਾਂ ਦੇ ਵਿਚ। ਲਾਹਨਤਾਂ ਪਾਉਂਦੇ ਨੇ ਸਾਰੇ, ਕਿ ਹੁਣ ਜੀਉਂਦੇ ਰਹੋਂਗੇ? ਸਿਆਣਿਆਂ-ਸਿਆਣਿਆਂ ਨੂੰ ਦਸਦੇ ਨੇ ਕਿ ਅਸੀਂ ਕਰਦੇ ਕੀ? ਖਾਲੀ ਹੋ ਗਏ ਅੰਦਰੋਂ ਗੁਰਾਂ ਨੂੰ ਪਿੱਠ ਦੇ ਕੇ। ਸਾਧਸੰਗਤ ਜੀ! ਜੀਵਨ ਦਾ ਰਸ ਗਿਆ, ਉਹਦੇ ਨਾਲੋਂ ਤਾਂ ਮਰਨਾ ਹੀ ਚੰਗਾ ਹੁੰਦਾ ਹੈ। ਸਾਰੇ ਲੋਕ ਦੇਖਦੇ ਨੇ ਕਿ ਗੁਰੂ ਤੋਂ ਬੇਮੁਖ ਹੋ ਕੇ ਫਿਰਦੇ ਨੇ। ਅਖੀਰ ਬੜਾ ਭਾਰਾ ਇਕੱਠ ਕਰਿਆ ਮਾਝੇ ਨੇ। ਉਹਦੇ ਵਿਚ ਦੋ-ਢਾਈ ਸੌ ਬੰਦੇ ਦਾ ਇਕ ਡੈਪੂਟੇਸ਼ਨ ਚੱਲਿਆ ਚੌਧਰੀਆਂ ਦਾ ਕਿ ਚਲੋ ਚੱਲ ਕੇ। ਇਹ ਤਾਂ ਬੇਦਾਵਾ ਦੇ ਆਏ ਤੇ ਗੁਰੂ ਨੇ ਸਿੱਖੀ ਤੋਂ ਮਾਝਾ ਖਾਰਜ ਕਰ ਦਿਤਾ। ਪਹਿਲਾਂ ਆਦਿ ਜੁਗਾਦਿ ਤੋਂ ਸਿੱਖ ਬਣੇ ਆਉਂਦੇ ਹਾਂ। ਚੱਲ ਕੇ ਗੱਲ ਤਾਂ ਕਰੀਏ।

ਇਧਰ ਗੁਰੂ ਮਹਾਰਾਜ ਜਦੋਂ ਕੋਟਕਪੂਰੇ ਪਹੁੰਚਦੇ ਨੇ। ਉਥੇ ਖਬਰ ਮਿਲੀ, ਨਵਾਬ ਸਰਹਿੰਦ ਅੱਠ ਹਜ਼ਾਰ ਫੌਜ ਲੈ ਕੇ, ਕੋਈ 12 ਹਜ਼ਾਰ ਕਹਿੰਦਾ ਹੈ ਆਪ ਦੇ ਪਿਛੇ ਆ ਰਿਹਾ ਹੈ ਤੇ ਥੋੜ੍ਹੀ ਮੰਜ਼ਲਾਂ ਦੇ ਉਤੇ ਹੈ। ਇਧਰ ਮਹਾਰਾਜ ਕਪੂਰੇ ਨੂੰ ਕਹਿੰਦੇ ਕਿ ਕਪੂਰਿਆ! ਤੂੰ ਕਿਲਾ ਦੇ ਦੇ ਆਪਣਾ ਅਸੀਂ ਯੁੱਧ ਕਰ ਲਈਏ। ਕਹਿੰਦਾ ਮਹਾਰਾਜ! ਤੁਸੀਂ ਤਾਂ ਉਜੜੇ ਪੁਜੜੇ ਓਂ, ਤੁਹਾਡਾ ਅਨੰਦਪੁਰ ਉਜੜ ਗਿਆ, ਮੈਨੂੰ ਤਾਂ ਫਾਹੇ ਲਾ ਦੇਣਗੇ। ਕਹਿੰਦੇ ਚੰਗਾ ਜੇ ਤੇਰੀ ਇਹੀ ਮਰਜ਼ੀ ਹੈ ਤੂੰ ਫਾਹੇ ਵੀ ਲੱਗੇਂਗਾ ਤੇ ਤੇਰਾ ਕਿਲਾ ਵੀ ਉਜੜੂਗਾ। ਫਰੀਦਕੋਟ ਵਾਲਿਆਂ ਦਾ ਵੱਡਾ ਸੀ ਇਹ। ਦੋਵੇਂ ਗੱਲਾਂ ਬਾਅਦ ਵਿਚ ਹੋ ਗਈਆਂ।

ਗੁਰੂ ਮਹਾਰਾਜ ਨੇ ਜਾਂਦੇ-ਜਾਂਦੇ ਇਕ ਜੱਟ ਦੇਖਿਆ। ਉਹਨੇ ਪੈਂਜੂ ਲਾਏ ਤੇ ਪੱਲੇ ਵਿਚ ਪਾਈ ਜਾਂਦਾ ਹੈ। ਮਹਾਰਾਜ ਕਹਿੰਦੇ ਕੀ ਨੇ, ਕਹਿੰਦਾ ਜੀ ਪੇਂਜੂ ਨੇ। ਕਹਿੰਦੇ ਸੁੱਟ ਦੇ, ਅਸੀਂ ਤੈਨੂੰ ਕਹਿੰਦੇ ਹਾਂ। ਉਸ ਨੇ ਚੌਥਾ ਹਿੱਸਾ ਸੁੱਟ

ਦਿਤਾ। ਕਹਿੰਦੇ ਆਹ ਵੀ ਸੁੱਟ ਦੇ। ਉਹਨੇ ਅੱਧੇ ਸੁੱਟ ਦਿਤੇ। ਜਦੋਂ ਤੀਸਰੀ ਵਾਰ ਕਿਹਾ ਕਿ ਸੁੱਟ ਦੇ ਤੂੰ ਸੁੱਟਦਾ ਕਿਉਂ ਨਹੀਂ। ਉਹਨੇ ਚੌਥਾ ਹਿੱਸਾ ਰੱਖ ਕੇ ਬਾਕੀ ਸੁੱਟ ਦਿਤੇ। ਮਹਾਰਾਜ ਕਹਿੰਦੇ ਜਾਹ ਓਏ, ਭੈੜਿਆ ਅਸੀਂ ਤਾਂ ਮਾਲਵੇ ਦਾ ਕਾਲ ਸਦਾ ਵਾਸਤੇ ਕੱਟਣ ਲੱਗੇ ਸੀ। ਤੂੰ ਚੌਥਾ ਹਿੱਸਾ ਰੱਖ ਹੀ ਲਿਆ।

ਸੋ ਐਸੇ ਕੌਤਕ ਕਰਦੇ ਮਹਾਰਾਜ ਜਾਂਦੇ ਨੇ ਅੱਗੇ ਚੌਧਰੀ ਮਿਲਿਆ। ਕਹਿਣ ਲੱਗੇ, ਦੇਖ ਚੌਧਰੀ ਤੂੰ ਸਾਨੂੰ ਦੇਖ ਲਿਆ, ਸਾਡੇ ਮਗਰ ਆਉਂਦੀ ਹੈ ਫੌਜ ਚੜ੍ਹੀ ਹੋਈ, ਦੱਸੀਂ ਨਾ। ਕਹਿੰਦਾ ਮੈਨੂੰ ਸਹੁੰ ਲੱਗੇ, ਜੇ ਮੈਂ ਦੱਸਾਂ। ਉਧਰਲੇ ਪਾਸੇ ਜਦੋਂ ਫੌਜ ਨੇੜੇ ਆਈ ਤਾਂ ਮੂਹਰੇ ਖੜ੍ਹਾ ਉਨ੍ਹਾਂ ਨੂੰ ਉਡੀਕਦਾ ਹੈ। ਕਹਿਣ ਲੱਗਿਆ, ਨਵਾਬ ਸਾਹਿਬ ਗੁਰੂ ਦਸਵੇਂ ਪਾਤਸ਼ਾਹ ਹੁਣੇ ਏਧਰ ਨੂੰ ਗਏ ਨੇ। ਘੋੜਿਆਂ ਦੀ ਪੈੜ ਦੇਖੋ। ਆਹ ਸ਼ਰਧਾ ਸੀ ਲੋਕਾਂ ਦੀ ਗੁਰੂ ਵਾਸਤੇ ਜਿਨ੍ਹਾਂ ਨੇ ਸਭ ਕੁਝ ਕੁਰਬਾਨ ਕਰ ਦਿਤਾ। ਐਨਾ ਵੀ ਨਹੀਂ ਕਿ ਗੱਲ ਛੁਪਾ ਲਵੇ।

ਮਹਾਰਾਜ ਨੂੰ ਦੱਸਿਆ ਕਿ ਸੱਚੇ ਪਾਤਸ਼ਾਹ! ਉਹਨੇ ਤਾਂ ਦਸ ਦਿਤਾ। ਕਹਿੰਦੇ ਭਾਈ! ਕਹਿੰਦਾ ਸੀ ਕਿ ਮੇਰਾ ਪਿੰਡ ਨਾ ਉਜੜੇ, ਹੁਣ ਪਿੰਡ ਉਜੜੂਗਾ ਹੀ ਇਹਦਾ। 30 ਸਾਲ ਉਜੜਿਆ ਰਿਹਾ ਬਾਅਦ ਵਿਚ।

ਖਾਨਾ ਉਹਨੇ ਇਕ ਬੰਦਾ ਦੇ ਦਿਤਾ। ਖਾਨਾ ਮੂਹਰੇ ਤੁਰਿਆ ਜਾਂਦਾ ਹੈ ਗੁਰੂ ਮਹਾਰਾਜ ਪਿਛੇ-ਪਿਛੇ ਜਾਂਦੇ ਨੇ। ਰਸਤੇ ਵਿਚ ਗੁਰੂ ਮਹਾਰਾਜ ਨੇ ਕਿਹਾ ਕਿ ਮਾਲਵੇ ਵਾਲਿਆਂ ਦੀ ਸਿੱਖੀ ਤਾਂ ਪਰਖ ਕੇ ਦੇਖੀਏ। ਕਹਿੰਦੇ ਸਾਨੂੰ ਪਿਆਸ ਬਹੁਤ ਲੱਗੀ ਹੈ। ਪਾਣੀ ਕਿਸੇ ਕੋਲ ਨਹੀਂ ਸੀ। ਖਾਨੇ ਦੇ ਕੋਲ ਪਾਣੀ ਦੀ ਸ਼ਾਗਲ ਭਰੀ ਹੋਈ ਸੀ। ਇਕ ਸਿੱਖ ਗਿਆ, ਕਹਿੰਦੇ ਖਾਨਿਆ! ਗੁਰੂ ਮਹਾਰਾਜ ਨੂੰ ਪਿਆਸ ਲੱਗੀ ਹੈ ਤੂੰ ਪਾਣੀ ਤਾਂ ਦੇ ਦੇ। ਕਹਿੰਦਾ ਮੇਰੇ ਕੋਲ ਤਾਂ ਹੈ ਹੀ ਨਹੀਂ। ਸਹੁੰ ਗਊ ਦੀ ਮੇਰੇ ਕੋਲ ਤਾਂ ਹੈ ਨਹੀਂ। ਕਹਿੰਦਾ ਜੇ ਲੈਣਾ ਹੈ ਤਾਂ ਇਕ ਛੰਨਾ ਇਕ ਰੁਪਈਏ ਦਾ ਦੇਵਾਂਗਾ। ਜਦੋਂ ਇਕ ਰੁਪਈਏ ਦੇ ਸਾਢੇ ਚਾਰ ਮਣ ਛੋਲੇ ਆਉਂਦੇ ਸੀ। ਸਮਝ ਲਓ 12-13 ਸੌ, ਜਾਂ ਇਸ ਤੋਂ ਵੀ ਜ਼ਿਆਦਾ ਦਾ ਸੀ। ਉਸ ਸਿੱਖ ਨੇ ਦੇ ਦਿਤਾ ਤੇ ਮਹਾਰਾਜ ਨੂੰ ਲਿਆ ਕੇ ਪਾਣੀ ਦੇ ਦਿਤਾ। ਮਹਾਰਾਜ ਨੇ ਜਾਣ ਕੇ ਡੋਲ੍ਹ ਦਿਤਾ, ਕਹਿੰਦੇ ਇਹ ਤਾਂ ਮੈਲਾ ਹੈ। ਕਹਿੰਦੇ ਹੋਰ ਲਿਆਓ। ਜਦੋਂ ਹੋਰ ਲੈਣ ਗਏ। ਉਹ ਕਹਿੰਦਾ ਕਿ ਮੈਂ ਤਾਂ ਇਕ ਮੋਹਰ ਸੋਨੇ ਦੀ ਲੈ ਕੇ ਪਾਣੀ ਦੇਵਾਂਗਾ। ਸੋਨੇ ਦੀ ਮੋਹਰ ਲੈ ਕੇ ਜਦੋਂ ਮਹਾਰਾਜ ਕੋਲ ਪਾਣੀ ਆਇਆ ਮਹਾਰਾਜ ਨੇ ਪੀਤਾ, ਕਹਿੰਦੇ ਖਾਨਿਆ! ਪਾਣੀ ਤਾਂ ਪਤਲਾ ਸਭ ਨੇ ਗਿਣਿਐ, ਪਰ ਤੂੰ ਪਾਣੀ ਤੋਂ ਵੀ ਪਤਲਾ ਨਿਕਲਿਆ। ਭੋਰਾ ਜਿੰਨਾ ਵੀ ਤੈਨੂੰ ਲਿਹਾਜ਼ ਨਹੀਂ ਆਇਆ ਕਿ ਅਸੀਂ ਕਿਸ ਵੱਡੇ ਕੰਮ ਵਾਸਤੇ ਤੁਰੇ ਫਿਰਦੇ ਹਾਂ। ਇਕ ਪਾਣੀ ਦਾ ਗਿਲਾਸ ਨਹੀਂ ਤੂੰ ਦੇ ਸਕਿਆ।

ਸੋ ਉਸ ਤੋਂ ਬਾਅਦ ਗੁਰੂ ਮਹਾਰਾਜ ਅੱਗੇ ਚਲੇ ਗਏ ਤੇ ਪਿਛੋਂ ਖਬਰ ਆ ਰਹੀ ਹੈ ਕਿ ਮਹਾਰਾਜ! ਫੌਜ ਨੇੜੇ ਹੀ ਹੈ ਤਿੰਨ-ਚਾਰ ਮੀਲ ਦਾ ਫਰਕ ਹੈ ਸਾਰਾ ਹੀ। ਉਧਰਲੇ ਪਾਸਿਓਂ ਮਾਝੇ ਦੀ ਪੰਚਾਇਤ ਆ ਗਈ। ਦੋ ਸੌ ਬੰਦੇ ਦੀ ਪੰਚਾਇਤ ਸੀ। ਮਹਾਰਾਜ ਨੂੰ ਕਹਿਣ ਲੱਗੇ, ਸੱਚੇ ਪਾਤਸ਼ਾਹ ਇਹ ਸਿੰਘ ਬੇਦਾਵਾ ਦੇ ਕੇ ਚਲੇ ਗਏ ਸੀ, ਅਸੀਂ ਲੈ ਕੇ ਆਏ ਹਾਂ। ਮਾਈ ਭਾਗੋ ਨਾਲ ਸੀ। ਕਹਿਣ ਲੱਗੇ ਅਸੀਂ ਸਾਰੇ ਮਾਝੇ ਦੇ ਚੌਧਰੀ ਇਕੱਠੇ ਹੋ ਕੇ ਆਏ ਹਾਂ। ਸਾਡੇ ਤੋਂ ਔਖੀ ਸਿੱਖੀ ਨਹੀਂ ਰੱਖ ਹੁੰਦੀ ਲੜਾਈਆਂ ਵਾਲੀ। ਤੁਸੀਂ ਲੜਾਈ ਛੱਡਣੀ ਮੰਨੋ ਅਸੀਂ ਹੁਣੇ ਔਰੰਗਜ਼ੇਬ ਦੇ ਕੋਲ ਜਾਂਦੇ ਹਾਂ। ਉਨ੍ਹਾਂ ਨੂੰ ਕਹਿੰਦੇ ਹਾਂ ਕਿ ਗੁਰੂ ਸਾਹਿਬ ਲੜਾਈ ਨਹੀਂ ਅੱਜ ਤੋਂ ਬਾਅਦ ਕਰਨਗੇ। ਯੁੱਧ ਜੰਗ ਛੱਡ ਦਿਤੇ। ਤੁਸੀਂ ਫੇਰ ਪ੍ਰਚਾਰ ਕਰੋ। ਤੁਹਾਡੀ ਸਾਰੀ ਸਿੱਖੀ ਸੇਵਕੀ ਹੈ। ਮਹਾਰਾਜ ਕਹਿੰਦੇ ਸਾਨੂੰ ਤਾਂ ਭੇਜਿਆ ਹੀ ਅਕਾਲ ਪੁਰਖ ਨੇ ਦੁਸ਼ਟਾਂ ਦੀ ਸੋਧ ਕਰਨ ਵਾਸਤੇ ਹੈ। ਕਹਿੰਦੇ ਫੇਰ ਸਾਡੇ ਤੋਂ ਤਾਂ ਨਹੀਂ ਇਹੋ ਜਿਹੀ ਸਿੱਖੀ ਪੁਗਦੀ। ਮਹਾਰਾਜ ਕਹਿੰਦੇ ਤੁਸੀਂ ਤਾਂ ਗੁਰੂ ਬਣ ਕੇ ਆਏ ਹੋਂ, ਸਿੱਖ ਬਣ ਕੇ ਤਾਂ ਨਹੀਂ ਨਾ ਆਏ। ਮੈਨੂੰ ਸਿਖਿਆ ਦਿੰਦੇ ਓਂ, ਮੈਂ ਤੁਹਾਡਾ ਸਿੱਖ ਬਣਨ ਨੂੰ ਤਿਆਰ ਨਹੀਂ ਹਾਂ। ਜਾਓ ਜਿਧਰੋਂ ਆਏ ਹੋਂ ਉਧਰ ਨੂੰ ਮੁੜ ਜਾਓ ਵਾਪਸ। ਉਸ ਵੇਲੇ ਬੜੀ ਬਾਤਚੀਤ ਹੋਈ। ਮਹਾਰਾਜ ਰੋਹ 'ਚ ਆ ਗਏ। ਆਹ ਲਓ ਕਾਗਜ਼ ਇਹਦੇ ਉਤੇ ਲਿਖ ਜਾਓ, ਅਸੀਂ ਤੁਹਾਡੇ ਸਿੱਖ ਨਹੀਂ ਤੂੰ ਸਾਡਾ ਗੁਰੂ ਨਹੀਂ। 160 ਬੰਦਿਆਂ ਨੇ ਦਸਤਖਤ ਕਰ ਦਿਤੇ। ਇਕ ਮਾਤਾ ਭਾਗੋ ਨੇ ਨਾ ਕਰਿਆ। ਬਾਕੀ ਸਿੰਘ ਝਿਜਕ ਵਿਚ ਪੈ ਗਏ ਕਿ ਕੀ ਕਰੀਏ। ਲਾਹਨਤਾਂ ਬਹੁਤ ਪੈਂਦੀਆਂ ਨੇ। ਉਸ ਵੇਲੇ ਮਹਾਰਾਜ ਕਹਿੰਦੇ ਜਾਓ। ਐਨੇ ਨੂੰ ਜਿਹੜਾ ਦਰਖਤ ਤੇ ਚਾੜ੍ਹਿਆ ਹੋਇਆ ਸੀ ਕਹਿੰਦਾ ਸੱਚੇ ਪਾਤਸ਼ਾਹ! ਘੋੜਿਆਂ ਦੇ ਖੁਰਾਂ ਦੀ ਖੜਾਕ ਸੁਣਨ ਲਗ ਗਈ ਹੈ। ਧੂੜ ਮੈਨੂੰ ਦਿਸਦੀ ਹੈ, ਦੋ ਮੀਲ ਤੋਂ ਵੱਧ ਨਹੀਂ ਹੈਗਾ ਇਸ ਵੇਲੇ ਦੁਸ਼ਮਣ। ਮਹਾਰਾਜ ਕਹਿੰਦੇ ਜਾਓ ਭਾਈ। ਐਨਾ ਕਹਿ ਕੇ ਮਹਾਰਾਜ ਜੀ ਉਥੋਂ ਤੁਰ ਪੈਂਦੇ ਨੇ। ਉਸ ਵੇਲੇ ਇਕ ਸਿੰਘ ਸਾਰਿਆਂ ਨੂੰ ਛੱਡ ਕੇ ਬਾਹਰ ਨਿਕਲ ਆਇਆ। ਕਹਿੰਦਾ ਮੈਂ ਨਹੀਂ ਜਾਂਦਾ। ਕਹਿੰਦਾ ਐਸ ਵੇਲੇ। ਐਹੋ ਜਿਹੇ ਮੌਕੇ ਹੁਣ ਗੁਰੂ ਦਾ ਸਾਥ ਛੱਡ ਦੇਈਏ।

***ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥***
***ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥***

***ਅੰਗ - 1367***

ਦੇਖਣਗੇ, ਪੁੱਛਣਗੇ ਤਾਂ ਸਹੀ ਕਿ ਆਹ ਸਿੱਖ ਕਿਥੋਂ ਮਰ ਗਿਆ। ਉਹਨੂੰ ਦੇਖ ਕੇ 10 ਹੋਰ ਨਿਕਲ ਆਏ। 15 ਹੋਰ ਨਿਕਲ ਆਏ, ਨਿਕਲਦੇ-ਨਿਕਲਦੇ ਚਾਲੀ ਹੋ ਗਏ। ਬਾਕੀਆਂ ਨੂੰ ਕਹਿਣ ਲੱਗੇ ਕਿ ਤੁਸੀਂ ਜਾਓ ਅਸੀਂ ਤਾਂ ਜੰਗ ਦੇ ਵਿਚ ਪ੍ਰਾਣ ਦੇਣੇ ਨੇ ਤੇ ਦੁਸ਼ਮਣਾਂ ਨੂੰ ਹਾਨ ਕਰਨਾ ਹੈ। ਹਜ਼ਾਰਾਂ ਤੁਰਕ ਗੁਰੂ ਦੇ ਗਿਰਦ ਘੇਰਾ ਪਾਈਂ ਬੈਠੇ ਨੇ। ਮਰਦ ਹੋ ਕੇ ਕੋਈ ਬੰਦਾ ਛੱਡ ਜਾਊਗਾ ਇਸ ਵੇਲੇ ਗੁਰੂ ਨੂੰ। ਮਰਦ

ਹਾਂ ਅਸੀਂ, ਹੁਣ ਨਹੀਂ ਛੱਡ ਸਕਦੇ ਗੁਰੂ ਨੂੰ। ਹਜ਼ਾਰ ਲਾਹਨਤ ਹੈ ਸਾਨੂੰ ਜੇ ਹੁਣ ਐਨੀ ਭੀੜ ਵਿਚ ਅਸੀਂ ਗੁਰੂ ਨੂੰ ਛੱਡ ਜਾਈਏ। ਕੀ ਕਰਨਾ ਹੈ ਅਸੀਂ ਜੀਉਂ ਕੇ। ਜੇ ਹੁਣ ਗੁਰੂ ਦੇ ਲੇਖੇ ਨਾ ਲੱਗਿਆ ਸਾਡਾ ਸਰੀਰ ਫੇਰ ਕੀ ਫਾਇਦਾ।

ਪਤਾ ਲੱਗਿਆ ਕਿ ਇਹ ਤਾਂ ਨੇੜੇ ਹੀ ਆ ਗਏ। ਉਸ ਵੇਲੇ ਘੋੜਿਆਂ ਤੇ ਚੜ੍ਹੇ ਹੋਏ ਸੀ ਇਕ ਦਮ ਵਿਚਾਲਿਓਂ ਦੀ ਨਿਕਲ ਗਏ ਕਿ ਕਿਤੇ ਅਸੀਂ ਨਾ ਵਿਚ ਆ ਜਾਈਏ। ਇਧਰ ਇਨ੍ਹਾਂ ਨੇ ਦੇਖਿਆ ਕਿ ਦੁਸ਼ਮਣ ਫੌਜ ਨੇੜੇ ਹੀ ਆ ਗਈ ਜਿਹੜੇ ਖੇਸ-ਖੁਸ ਉਤੇ ਲਏ ਹੋਏ ਸੀ, ਸਰਦੀ ਦਾ ਮਹੀਨਾ ਸੀ ਉਹ ਤੰਬੂਆਂ ਵਾਂਗੂੰ ਪਾ ਦਿਤੇ ਝਾੜਾਂ ਦੇ ਉਤੇ। ਆਪ ਛੁੱਪ ਕੇ ਬੈਠ ਗਏ। ਨੀਵੇਂ ਥਾਉਂ ਬੈਠ ਗਏ ਤੇ ਐਸਾ ਯੁੱਧ ਹੋਇਆ ਚਾਲੀ ਬੰਦਿਆਂ ਦਾ ਖੁਲ੍ਹੇ ਮੈਦਾਨ ਦੇ ਅੰਦਰ। ਇਧਰ ਅੱਠ ਹਜ਼ਾਰ ਜਾਂ ਬਾਰ੍ਹਾਂ ਹਜ਼ਾਰ ਸੀ, ਇਧਰ ਸਿਰਫ 40 ਨੇ। ਇਕ ਤੋਂ ਇਕ ਵੱਧ ਕੇ ਜਾਂਦਾ ਹੈ। ਸਾਰਿਆਂ ਨਾਲੋਂ ਪਹਿਲਾਂ ਇਕ ਨਿਕਲਿਆ ਬਾਹਰ। ਉਹ ਜਾਂਦਾ ਹੀ ਫੌਜ ਦੇ ਵਿਚ ਫੜ ਗਿਆ ਉਨ੍ਹਾਂ ਨੂੰ ਪਤਾ ਵੀ ਨਹੀਂ ਲੱਗਿਆ ਉਸ ਵੇਲੇ ਤੇ ਲੜੀ ਜਾਂਦਾ ਹੈ, ਗਿਰ ਪਿਆ ਧਰਤੀ ਤੇ ਫੇਰ ਵੀ ਤਲਵਾਰ ਘੁੰਮਾਈ ਜਾਂਦਾ ਹੈ। ਉਹਦੇ ਬਾਰੇ ਇਸ ਤਰ੍ਹਾਂ ਬਾਨੀ ਵਿਚ ਆਉਂਦਾ ਹੈ –

***ਧਾਰਨਾ – ਕਦੇ ਖੇਤ ਨਾ ਛੱਡਦੇ ਜੀ,***
***ਸੂਰਮੇ ਪੁਰਜਾ-ਪੁਰਜਾ ਕੱਟ ਕੇ।***
***ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ॥***
***ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥***
***ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥***
***ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥***
***ਅੰਗ – 1105***

ਇਕ-ਇਕ ਕਰਕੇ ਕਟਦੇ ਜਾਂਦੇ ਨੇ, ਦੱਸ ਬਾਹਰ ਆ ਗਏ, ਬਾਅਦ ਵਿਚ ਪੰਦਰਾਂ ਆ ਗਏ। ਬਾਕੀ ਫੇਰ ਸਾਰੇ ਹੀ ਆ ਗਏ। ਢਾਈ ਸੌ ਬੰਦਾ ਤੇ ਤਿੰਨ ਸੌ ਘੋੜਾ ਉਨ੍ਹਾਂ ਦਾ ਮਰ ਗਿਆ। ਉਨ੍ਹਾਂ ਨੇ ਕਿਹਾ ਕਿ ਪਤਾ ਨਹੀਂ ਕਿੰਨੇ ਕੁ ਨੇ। ਇਧਰੋਂ ਗੁਰੂ ਮਹਾਰਾਜ ਨੇ ਦੇਖਿਆ ਕਿ ਯੁੱਧ ਹੋ ਰਿਹਾ ਹੈ। ਉਚੀ ਟਿੱਬੀ ਤੇ ਦੋ ਮੀਲ ਤੇ ਖੜ੍ਹੇ ਨੇ। ਉਥੋਂ ਐਡੇ ਤਿੱਖੇ ਬਾਣ ਆਉਂਦੇ ਨੇ, ਪੰਜ-ਪੰਜ, ਸੱਤ-ਸੱਤ ਨੂੰ ਲਾਹੁੰਦੇ ਹੀ ਚਲੇ ਜਾਂਦੇ ਨੇ। ਉਸ ਵੇਲੇ ਫੌਜ ਨੂੰ ਪਿਆਸ ਲਗ ਗਈ, ਪਹਿਲਾਂ ਦੇ ਤੁਰੇ ਹੋਏ ਸੀ। ਕਪੂਰੇ ਨੂੰ ਪੁੱਛਿਆ ਪਾਣੀ, ਕਹਿੰਦਾ ਪਾਣੀ ਤਾਂ ਤੀਹ ਮੀਲ ਤੇ ਹੈ, ਪਿਛੇ ਹੈਗਾ ਦੱਸ ਮੀਲ ਤੇ। ਕਹਿੰਦੇ ਗੁਰੂ ਤਾਂ ਹੁਣ ਮਰ ਗਿਆ ਹੋਣਾ, ਹੁਣ ਕਿਸੇ ਨੇ ਗੋਲੀ ਨਹੀਂ ਚਲਾਉਣੀ। ਕਹਿੰਦਾ ਤੁਸੀਂ ਕਿਥੇ ਜੰਗਲਾਂ 'ਚ ਭਾਲੋਂਗੇ, ਮੈਂ ਟੋਲ੍ਹ ਕੇ ਤੁਹਾਨੂੰ ਭੇਜ ਦਊਂਗਾ ਜੇ ਹੋਇਆ।

ਪਰ ਗੁਰੂ ਕਿਥੇ ਅੜਿੱਕੇ ਆਉਂਦਾ ਹੈ ਤੁਹਾਡੇ। ਉਹ ਤਾਂ ਬਹੁਤ ਹੱਠੀ ਨੇ, ਉਥੇ ਚਮਕੌਰ ਦੇ ਘੇਰੇ 'ਚ ਨਾ ਆਏ, ਇਹ ਤਾਂ ਖੁਲ੍ਹਾ ਮੈਦਾਨ ਹੈ। ਘੋੜਾ ਵੀ ਉਨ੍ਹਾਂ ਦਾ ਬਹੁਤ ਤਕੜਾ ਹੈ, ਉਹ ਤਾਂ ਨਿਕਲ ਗਏ ਹੋਣੇ ਨੇ ਪੰਦਰਾਂ-ਵੀਹ ਮੀਲ ਕਿਧਰੇ। ਟਾਲ੍ਹ ਦਿਤੀ ਗੱਲ੍ਹ। ਫੌਜ ਨੂੰ ਪਿਛੇ ਮੋੜ ਕੇ ਲੈ ਗਿਆ।

ਏਧਰ ਗੁਰੂ ਮਹਾਰਾਜ ਨੇ ਦੇਖਿਆ ਕਿ ਕੋਈ ਨਹੀਂ ਹੈ, ਥੱਲੇ ਉਤਰੇ। ਮੈਦਾਨ-ਏ-ਜੰਗ ਵਿਚ ਆਏ, ਕੀ ਦੇਖਦੇ ਨੇ ਕਿ ਚਾਲੀ ਸਿੰਘ ਟੁਕੜੇ-ਟੁਕੜੇ ਹੋਏ ਪਏ ਨੇ। ਕੋਲ ਕਿਸੇ ਦੇ ਪੰਜ ਪਏ, ਕਿਸੇ ਦੇ ਅੱਠ ਪਏ ਨੇ, ਕਿਸੇ ਦੇ ਦੱਸ, ਕਿਸੇ ਦੇ ਪੰਦਰਾਂ। ਮੂੰਹ ਪੂੰਝਦੇ ਨੇ ਸਭ ਦੇ ਆਪਣੇ ਜਾਮੇ ਦੇ ਨਾਲ, ਰੁਮਾਲ ਨਹੀਂ ਕੱਢਿਆ। ਪਿਆਰ ਕਰਦੇ ਨੇ, ਮੇਰਾ ਪੰਜ ਹਜ਼ਾਰੀ, ਮੇਰਾ ਦੱਸ ਹਜ਼ਾਰੀ, ਮੇਰਾ ਸੱਤ ਹਜ਼ਾਰੀ, ਵਰ ਦਿੰਦੇ ਤੁਰੇ ਜਾਂਦੇ ਨੇ। ਇਕ ਸਿੰਘ ਜਿਸ ਦਾ ਨਾਂ ਮਹਾਂ ਸਿੰਘ ਸੀ। ਉਹ ਸਹਿਕ ਰਿਹਾ ਹੈ ਤੇ ਸਹਿਕਦਾ ਹੋਇਆ ਅਰਦਾਸਾਂ ਕਰਦਾ ਹੈ। ਬਾਰ-ਬਾਰ ਅਰਦਾਸਾਂ ਕਰਦਾ ਹੈ ਇਸ ਤਰ੍ਹਾਂ ਹੈ–

***ਧਾਰਨਾ – ਹੁਣ ਦਮ ਦਾ ਭਰੋਸਾ ਹੈ ਨਾ ਕੋਈ,***
***ਦਰਸ਼ਨ ਦੇ ਜਾ ਬਾਜਾਂ ਵਾਲਿਆ।***

ਬਾਰ-ਬਾਰ ਬੇਨਤੀਆਂ ਕਰਦਾ ਹੈ –

***ਦਿਓ ਦਰਸ ਕਲਗੀ ਵਾਲਿਆ ਆ ਬਹੁੜ ਵੇਲੇ ਅੰਤ ਦੇ।***
***ਹੁਣ ਢਿੱਲ ਦਾ ਕੁਝ ਸਮਾਂ ਨਾ ਆ ਵਾਸਤੇ ਭਗਵੰਤ ਦੇ।***
***ਇਕ ਤਿਲ ਨਾ ਵਧਣ ਉਮਰ ਮੇਰੀ ਇਸ ਸਮੇਂ ਸਿਰ ਟੁੱਟ ਜਾਵਣਾ।***
***ਉਸ ਸਮੇਂ ਨਾਲੋਂ ਰਤਾ ਪਹਿਲਾਂ ਪਿਆਰਿਆ ਤੂੰ ਆਵਣਾ।***
***ਰਤਾ ਕੁ ਪਹਿਲਾਂ ਆ ਜਾ। ਮੈਂ ਇਕ ਬੇਨਤੀ ਕਰਨੀ ਹੈ।***

ਗੁਰੂ ਮਹਾਰਾਜ ਉਸ ਕੋਲ ਜਦ ਪਹੁੰਚੇ, ਦੇਖਿਆ ਕਿ ਸਹਿਕਦਾ ਹੈ। ਜਲ ਚੋਇਆ ਮੂੰਹ ਦੇ ਵਿਚ, ਨੇਤਰ ਖੁਲ੍ਹੇ ਗਏ। ਕਹਿੰਦੇ ਮਹਾਂ ਸਿੰਘਾ! ਤੂੰ ਹੈਂ। ਕਹਿਣ ਲੱਗਿਆ, ਹਾਂ ਪਾਤਸ਼ਾਹ ਮੈਂ ਹਾਂ। ਬੜਾ ਮਾੜਾ ਕੰਮ ਹੋਇਆ ਸਾਡੇ ਤੋਂ ਅਸੀਂ ਤੈਨੂੰ ਅਨੰਦਪੁਰ ਧੋਖਾ ਦੇ ਗਏ। ਜੀਉਣ ਦੇ ਵਾਸਤੇ ਪਾਤਸ਼ਾਹ। ਤੇਰੇ ਦਰਸ਼ਨ ਦੀ ਚਾਹ ਸੀ। ਗੁਰੂ ਮਹਾਰਾਜ ਨੇ ਕਿਹਾ, ਮਹਾਂ ਸਿੰਘਾ! ਦੱਸ ਤੈਨੂੰ ਰਾਜ ਦੇ ਦੇਈਏ ਦੁਨੀਆਂ ਦਾ। ਤੈਨੂੰ ਜਿਉਂਦਾ ਕਰ ਦਿੰਦੇ ਹਾਂ, ਸਰੀਰ ਤੇਰਾ ਨਰੋਆ ਕਰ ਦਿੰਦੇ ਹਾਂ, ਤੈਨੂੰ ਸੁਰਜੀਤ ਕਰ ਦਿੰਦੇ ਹਾਂ। ਕਹਿੰਦਾ ਨਾ ਪਾਤਸ਼ਾਹ! ਰਾਜ ਦੀ ਮੈਨੂੰ ਹੁਣ ਲੋੜ ਨਹੀਂ ਹੈ।

***ਧਾਰਨਾ – ਮੈਨੂੰ ਰਾਜ ਦੀ ਲੋੜ ਨਾ ਕੋਈ,***
***ਟੁੱਟੀ ਗੰਢ ਬਾਜਾਂ ਵਾਲਿਆ।***

ਪਾਤਸ਼ਾਹ! ਮੂਰਖਮਤੀ ਕਰੀ ਸਾਡੇ ਚੌਧਰੀਆਂ ਨੇ। ਮਾਝੇ ਦੇ ਵਿਚੋਂ ਸਿੱਖੀ ਨੂੰ ਜਵਾਬ ਦਵਾ ਲਿਆ। ਬੇਦਾਵਾ ਦੇ ਦਿਤਾ। ਪਾਤਸ਼ਾਹ ਜੇ ਤੂੰ ਪ੍ਰਸੰਨ ਹੋਇਐਂ ਤਾਂ ਵਿਛੁੜਿਆਂ ਨੂੰ ਮੇਲ –

***ਨਾ ਵਿਛੋੜ ਇਸ ਟੁੱਟੜੀ ਨੂੰ ਮੇਲ ਲੇਵੋਂ,***
***ਗੰਢ ਲਵੋ ਵਿਛੜੀ***
***ਬੇਦਾਵਾ ਪੱਤਰ ਪਾੜ ਸੁੱਟੋ, ਕੱਜ ਲੇਵੋ ਉਛੜੀ।***
***ਜਦੋਂ ਇੰਨੇ ਬਚਨ ਕਹੇ,***
***ਗੁਰੂ ਤਾਂ ਪਿਆਰ ਵਾਲਾ ਹੁੰਦਾ ਹੈ।***

*ਓ ਗੁਰੂ ਹਿਰਦਾ ਪ੍ਰੇਮ ਵਾਲਾ ਦੇਖ ਸਿੱਖੀ ਪਿਆਰ ਨੂੰ।*
*ਉਹ ਦ੍ਰਵ ਗਿਆ ਹੱਦ ਲੰਘ ਕੇ,*
*ਪੇਖ ਸਿੱਕ ਦੀ ਇਸ ਕਾਰ ਨੂੰ।*

ਮਹਾਰਾਜ ਦੇ ਨੇਤਰਾਂ 'ਚੋਂ ਟਪ-ਟਪ ਹੰਝੂ ਗਿਰਨ ਲਗ ਗਏ। ਕਿਉਂਕਿ ਪਿਆਰ ਤਾਂ ਟੁੱਟਿਆ ਨਹੀਂ ਸੀ, ਉਹ ਤਾਂ ਆਦਮੀ ਦੀ ਕਮਜ਼ੋਰੀ ਹੁੰਦੀ ਹੈ। ਸਿੱਖ ਛੱਡਦਾ ਹੈ ਗੁਰੂ ਨੂੰ, ਗੁਰੂ ਨੇ ਸਿੱਖ ਨੂੰ ਅੱਜ ਤੱਕ ਨਹੀਂ ਛੱਡਿਆ। ਫੇਰ ਵੀ ਦਰਵਾਜ਼ਾ ਖੋਲ੍ਹ ਕੇ ਰੱਖਦਾ ਹੈ ਕਿ ਕਦੇ ਤਾਂ ਆਏਗਾ ਹੀ ਮੁੜ ਕੇ।

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ॥ ਅੰਗ - 544*

ਝੱਟ ਕੱਢ ਕਾਗਦ ਖੀਸਿਓਂ ਦਿਖਲਾਏ ਪਿਆਰੇ ਸਿੱਖ ਨੂੰ।

*ਪਾੜ ਦਿਤਾ ਉਸੀ ਵੇਲੇ ਠੰਢ ਪਾਈ ਸਿੱਖ ਨੂੰ।*

ਉਸ ਵੇਲੇ ਦੋਵੇਂ ਹੱਥ ਜੋੜੇ, ਪਾਤਸ਼ਾਹ! ਹੁਣ ਮੈਨੂੰ ਆਗਿਆ ਦੇਵੋ। ਮਹਾਰਾਜ ਕਹਿੰਦੇ ਮਹਾਂ ਸਿੰਘਾ! ਜਾਹ, ਸਾਡੇ ਲੋਕ ਵਿਚ। ਤੂੰ ਬੜਾ ਭਾਰਾ ਉਪਕਾਰ ਕਰਿਆ ਹੈ। ਟੁੱਟੀ ਹੋਈ ਸਿੱਖੀ ਨੂੰ ਗੰਢ ਲਿਆ। ਸੀਸ ਦੀ ਭੇਟਾ ਦੇ ਕੇ ਟੁੱਟੀ ਹੋਈ ਸਿੱਖੀ ਨੂੰ ਗੰਢ ਪਾ ਲਈ। ਸੋ ਇਸ ਤਰ੍ਹਾਂ ਮਹਾਰਾਜ ਉਸ ਥਾਂ ਤੋਂ ਅੱਜ ਦੇ ਦਿਨ ਕਹਿਣ ਲੱਗੇ ਪ੍ਰੇਮੀਓ! ਕਿਸੇ ਥਾਂ ਇਕ ਸਾਧੂ ਤਪ ਕਰਦਾ ਹੈ। ਕਿਸੇ ਥਾਂ ਦੋ ਰਿਸ਼ੀ ਤਪ ਕਰਦੇ ਨੇ ਤੇ ਉਨ੍ਹਾਂ ਦਾ ਥਾਂ ਪਵਿੱਤਰ ਹੋ ਕੇ ਤੀਰਥ ਬਣ ਜਾਂਦਾ ਹੈ। ਇਥੇ ਤਾਂ ਮੇਰੇ 40 ਪਿਆਰਿਆਂ ਨੇ ਆਪਣੇ ਸੀਸ ਵਾਰੇ ਨੇ। ਅੱਜ ਤੋਂ ਬਾਅਦ ਇਸਨੂੰ ਖਿਦਰਾਣਾ ਨਹੀਂ ਕਿਸੇ ਨੇ ਕਹਿਣਾ, ਇਹਦਾ ਨਾਂ ਮੁਕਤਸਰ ਹੋਇਆ ਤੇ ਮਾਘੀ ਦੇ ਦਿਨ ਇਥੇ ਇਸ਼ਨਾਨ ਕਰਨ ਤੇ ਸਾਰੇ ਤੀਰਥਾਂ ਤੋਂ ਸ਼੍ਰੋਮਣੀ ਤੀਰਥਾਂ ਦਾ ਫਲ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਮਹਾਰਾਜ ਜੀ ਵਰ ਦੇ ਕੇ ਸਿੱਖੀ ਗੰਢ ਕੇ ਅੱਗੇ ਜਾਂਦੇ ਨੇ।

ਚਲਦੇ-ਚਲਦੇ ਅੱਜ ਤਲਵੰਡੀ ਸਾਬੋ ਪਹੁੰਚ ਗਏ। ਉਥੇ ਸਿੱਖੀ ਮੁੜ ਕੇ ਕਾਇਮ ਕੀਤੀ। ਬੇਅੰਤ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਉਸੇ ਤਰ੍ਹਾਂ ਦੀਵਾਨ ਲੱਗਣ ਲਗ ਗਏ। ਉਸੇ ਤਰ੍ਹਾਂ ਸੰਗਤਾਂ ਆਉਣ ਲਗ ਗਈਆਂ। ਇਧਰੋਂ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਇਨ੍ਹਾਂ ਨੂੰ ਪਤਾ ਲੱਗਿਆ ਕਿ ਮਹਾਰਾਜ ਦਮਦਮਾ ਸਾਹਿਬ ਠਹਿਰੇ ਹੋਏ ਨੇ। ਭਾਈ ਮਨੀ ਸਿੰਘ ਜੀ ਨੂੰ ਜਦੋਂ ਲੈ ਕੇ ਆਉਂਦੇ ਨੇ ਤਾਂ ਹਜ਼ਾਰਾਂ ਸਿੱਖ ਬੈਠੇ ਨੇ। ਕੋਈ ਅੱਠ-ਨੌ-ਦੱਸ ਸੌ ਫੁੱਟ ਦੇ ਵਿਚ ਦੀਵਾਨ ਲੱਗਿਆ ਹੋਇਆ ਹੈ ਮਹਾਰਾਜ ਦਾ। ਬੇਅੰਤ ਸੰਗਤ ਬੈਠੀ ਹੈ। ਉਧਰੋਂ ਮਾਤਾ ਜੀ ਜਦੋਂ ਸੰਗਤ ਵਿਚ ਆਉਂਦੇ ਨੇ ਤਾਂ ਮਨ ਵਿਚ ਬੜਾ ਚਾਓ ਹੈ ਕਿ ਪੁੱਛਾਂਗੇ ਸਾਹਿਬਜ਼ਾਦਿਆਂ ਤੋਂ ਕਿ ਕਿਵੇਂ ਯੁੱਧ ਹੋਏ, ਕਿਵੇਂ ਤੁਸੀਂ ਨਿਕਲੇ। ਕੀ-ਕੀ ਹਾਲ ਹੋਇਆ? ਕਿਉਂਕਿ ਉਨ੍ਹਾਂ ਦਿਨਾਂ ਵਿਚ ਅਖਬਾਰ ਨਹੀਂ ਸੀ ਹੁੰਦੇ ਕਿ ਗੱਲ ਦਾ ਪਤਾ ਲਗ ਜਾਵੇ।

ਮਨ ਵਿਚ ਬੜੀ ਭਾਵਨਾ ਲੈ ਕੇ ਆਉਂਦੇ ਨੇ। ਐਧਰ ਦੇਖਦੇ ਨੇ, ਓਧਰ ਦੇਖਦੇ ਨੇ, ਕਦੇ ਮਾਈਆਂ ਵਲ ਦੇਖਦੇ ਨੇ। ਮਾਤਾ ਜੀ ਨੂੰ ਪਛਾਨਣ ਵਾਸਤੇ ਕਿ ਕਿਥੇ ਕੁ ਬੈਠੇ ਹੋਣੇ ਨੇ? ਇਧਰ ਬੱਚਿਆਂ ਵਲ ਦੇਖਦੇ ਨੇ ਖੇਡਣ ਵਾਲਿਆਂ ਵਲ ਕਿ ਸ਼ਾਇਦ ਇਥੇ ਜ਼ੋਰਾਵਰ ਤੇ ਫਤਹਿ ਸਿੰਘ ਖੇਡਦੇ ਹੋਣੇ ਨੇ ਬੱਚਿਆਂ ਨਾਲ। ਗੁਰੂ ਮਹਾਰਾਜ ਦੇ ਬਰਾਬਰ ਦੇਖਦੇ ਨੇ ਕਿ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਨਿਕਲ ਬੈਠੇ ਹੋਣੇ ਨੇ, ਪਰ ਨਜ਼ਰ ਨਹੀਂ ਆ ਰਹੇ। ਉਸ ਵੇਲੇ ਗੁਰੂ ਕਲਗੀਧਰ ਪਾਤਸ਼ਾਹ ਦੇ ਪਾਸ ਆ ਕੇ ਨਮਸ਼ਕਾਰ ਕਰੀ ਤੇ ਦੋਵੇਂ ਹੱਥ ਜੋੜੇ ਤੇ ਇਧਰ-ਉਧਰ ਦੇਖ ਰਹੇ ਨੇ। ਦੇਖਣਾ ਸ਼ੁਰੂ ਕਰ ਦਿਤਾ, ਜਦ ਕੁਝ ਵੀ ਨਜ਼ਰ ਨਾ ਆਇਆ ਤਾਂ ਉਸ ਵੇਲੇ ਉਨ੍ਹਾਂ ਨੇ ਇਸ ਤਰ੍ਹਾਂ ਦੇ ਨਾਲ ਬੇਨਤੀ ਕੀਤੀ -

*ਧਾਰਨਾ - ਦੱਸੀਂ ਸਾਹਿਬਾ! ਕਿੱਥੇ ਪੁੱਤਰ ਚਾਰੇ ਭੇਜ 'ਤੇ।*

ਪਾਤਸ਼ਾਹ! ਨਾ ਅਜੀਤ ਸਿੰਘ ਨਜ਼ਰ ਆ ਰਿਹਾ ਹੈ, ਨਾ ਜੁਝਾਰ ਸਿੰਘ, ਨਾ ਫਤਹਿ ਸਿੰਘ, ਨਾ ਜ਼ੋਰਾਵਰ ਸਿੰਘ, ਕਿੱਡੇ-ਕਿੱਡੇ ਹੋ ਗਏ, ਬੇ-ਪਛਾਣ ਤਾਂ ਨਹੀਂ ਹੋ ਗਏ। ਤੁਸੀਂ ਕਿਥੇ ਭੇਜੇ ਨੇ, ਕ੍ਰਿਪਾ ਕਰਕੇ ਦੱਸ ਤਾਂ ਦਿਓ।

ਕਹਿਣ ਲੱਗੇ, "ਤੁਸੀਂ ਧੰਨ ਹੋ ਗਏ, ਧੰਨ ਮਾਂ ਹੋ ਗਏ। ਤੁਹਾਡੇ ਬੱਚਿਆਂ ਨੇ ਧਰਮ ਦੀ ਰਾਖੀ ਵਾਸਤੇ ਆਪਣੀ ਅਹੂਤੀ ਦੇ ਦਿਤੀ। **ਆਪਣਾ ਬਲੀਦਾਨ ਦੇ ਦਿਤਾ ਇਸ ਦੇਸ਼ ਨੂੰ ਆਜ਼ਾਦ ਕਰਨ ਵਾਸਤੇ, ਧਰਮ ਦੀ ਰੱਖਿਆ ਵਾਸਤੇ, ਪਾਪ ਦੇ ਨਾਸ਼ ਵਾਸਤੇ।** ਮਾਤਾ ਜੀ ਦੇ ਨੇਤਰਾਂ 'ਚੋਂ ਜਲ ਆਉਣਾ ਸ਼ੁਰੂ ਹੋ ਗਿਆ। ਸਾਰੀ ਸੰਗਤ ਦੇ ਨੇਤਰਾਂ 'ਚ ਜਲ ਆ ਰਿਹਾ ਹੈ। ਮਾਂ ਪੁੱਤਰ ਨੂੰ ਭਾਲਦੀ ਹੋਵੇ ਤੇ ਪੁੱਤਰ ਨਜ਼ਰ ਨਾ ਆਵੇ। ਆਸਾਂ ਤਾਂ ਹੋਰ ਸੀ ਲੇਕਿਨ ਉਸ ਦੇ ਵਿਪਰੀਤ ਜਦੋਂ ਸੁਣਿਆ ਤਾਂ ਮਹਾਰਾਜ ਨੇ ਜੋ ਫੁਰਮਾਨ ਕੀਤਾ ਕਿਸੇ ਕਵੀ ਨੇ ਲਿਖਿਐ -

*ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।*
*ਚਾਰ ਮੂਏ ਤੋ ਕਿਆ ਹੂਆ ਜਊ ਜੀਵਤ ਕਈ ਹਜ਼ਾਰ।*

ਐਸਾ ਗੁਰੂ ਨੇ ਸਾਧਸੰਗਤ ਜੀ! ਦਸ਼ਮੇਸ਼ ਪਾਤਸ਼ਾਹ, ਜਿਹੜੇ ਉਹਦੇ ਬਣ ਕੇ ਟੁੱਟ ਜਾਂਦੇ ਨੇ ਹਜ਼ਾਰ ਫਿਟਕਾਰ ਹੈ ਉਨ੍ਹਾਂ ਨੂੰ। ਐਸਾ ਗੁਰੂ ਜਿਹਨੇ ਕੁਛ ਵੀ ਨਹੀਂ ਰੱਖਿਆ -

*ਧਾਰਨਾ - ਪਿਤਾ ਵਾਰਿਆ ਪੁੱਤਰ ਚਾਰੇ ਵਾਰੇ,*
*ਸਿੰਘਾਂ ਤੇਰੀ ਸ਼ਾਨ ਬਦਲੇ।*

ਸੋ ਐਸਾ ਗੁਰੂ ਜਿਹੜਾ ਉਹਦਾ ਹੋ ਕੇ ਉਹਨੂੰ ਛੱਡ ਜਾਂਦਾ ਹੈ। ਅੰਮ੍ਰਿਤ ਦੀ ਘੁੱਟ ਪੀ ਕੇ ਫੇਰ ਜਾ ਕੇ ਸ਼ਰਾਬ ਪੀਂਦਾ ਹੈ। ਝੂਠ ਬੋਲਦਾ ਹੈ, ਚੁਗਲੀਆਂ ਕਰਦਾ ਹੈ, ਨਿੰਦਿਆ ਕਰਦਾ ਹੈ, ਸਿੱਖੀ ਤੋਂ ਗਿਰ ਜਾਂਦਾ ਹੈ ਫੇਰ ਤਾਂ ਉਹਨੂੰ ਜਿੰਨੀ ਧਿਰਕਾਰ ਪਾਓ ਓਨੀ ਥੋੜ੍ਹੀ ਹੈ। ਅੱਜ ਦਾ ਦਿਨ ਹੈ ਸਾਡੇ ਵਾਸਤੇ ਪਵਿੱਤਰ, ਇਸ ਕਰਕੇ ਹੈ ਕਿ ਅੱਜ ਸਿੱਖੀ ਟੁੱਟੀ ਹੋਈ ਘੰਢੀ ਸੀ। ਕਰੋ ਅਰਦਾਸ ਗੁਰੂ ਪਾਸ ਕਿ ਪਾਤਸ਼ਾਹ! ਅਸੀਂ ਕਮਜ਼ੋਰ ਹਾਂ। ਸਾਡੇ ਤੋਂ ਭੁੱਲਾਂ ਹੋ ਗਈਆਂ ਤੇ ਸਾਨੂੰ ਤੁਸੀਂ ਆਪਣੇ ਬਣਾ ਲਓ।

# ਸੰਪਾਦਕੀ

'ਆਤਮ ਮਾਰਗ' ਦੇ ਪਿਆਰੇ ਸੁਹਿਰਦ ਪਾਠਕੋ! ਸੰਨ 2006, ਨਵਾਂ ਸਾਲ ਤੁਹਾਨੂੰ ਸਭਨਾਂ ਨੂੰ ਮੁਬਾਰਕ ਹੋਵੇ। ਗੁਰੂ ਦੀ ਮਿਹਰ ਸਦਕਾ ਤੁਸੀਂ ਸਭ ਗੁਰਬਾਣੀ ਦੇ ਚਾਨਣ ਵਿਚ ਸੁਖ ਮਾਣੋ! ਚਿੰਤਾਵਾਂ ਰਹਿਤ ਹੋ ਕੇ, ਨਾਮ-ਬਾਣੀ ਦੇ ਅੰਮ੍ਰਿਤ ਨਾਲ ਸਰਸ਼ਾਰ ਹੋਵੋ! ਗੁਰੂ ਚਰਨਾਂ ਨਾਲ ਜੁੜੋ ਅਤੇ ਸਰਬੱਤ ਸੰਸਾਰ ਦਾ ਭਲਾ ਮੰਗੋ। ਐਸਾ ਸਾਡੇ ਗੁਰੂਆਂ ਦਾ ਆਦਰਸ਼ ਅਤੇ ਆਦੇਸ਼ ਹੈ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਅਸੀਂ 5 ਜਨਵਰੀ 2006 ਨੂੰ ਬੜੇ ਉਤਸ਼ਾਹ ਨਾਲ ਮਨਾ ਰਹੇ ਹਾਂ। ਐਸੇ ਗੌਰਵਮਈ ਸ਼ੁੱਭ ਪੁਰਬ ਦੀਆਂ ਆਪ ਸਭਨਾਂ ਨੂੰ ਲੱਖ ਲੱਖ ਵਧਾਈ ਹੋਵੇ! ਗੁਰੂ ਮਹਾਰਾਜ ਕਿਰਪਾ ਕਰਨ, ਸਾਨੂੰ ਸੋਝੀ ਬਖਸ਼ਣ, ਬਿਬੇਕ ਬੁੱਧ ਬਖਸ਼ਿਸ਼ ਕਰਨ ਤਾਕਿ ਅਸੀਂ ਉਨ੍ਹਾਂ ਦੇ ਆਦੇਸ਼ਾਂ ਅਤੇ ਆਦਰਸ਼ਾਂ ਨੂੰ ਜੀਵਨ ਵਿਚ ਕਮਾ ਸਕੀਏ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਲਾਸਾਨੀ ਸਖਸ਼ੀਅਤ ਦੇ ਮਾਲਕ ਸਨ। ਉਨ੍ਹਾਂ ਦੀ ਸੰਸਾਰ ਯਾਤਰਾ ਬਹੁਤ ਛੋਟੀ ਕੇਵਲ 42 ਸਾਲ ਦੀ ਸੀ ਪਰ ਉਨ੍ਹਾਂ ਦੇ ਕਾਰਨਾਮੇ ਬਹੁਤ ਮਹਾਨ ਹਨ ਜੋ ਸਦੀਆਂ ਦੀ ਘਾਲਣਾ ਵਿਚੋਂ ਪ੍ਰਾਪਤ ਹੋਣੇ ਵੀ ਕਠਨ ਜਾਪਦੇ ਹਨ। ਉਨ੍ਹਾਂ ਦੇ ਸੰਦੇਸ਼ ਅਤੇ ਕਾਰਨਾਮੇ ਨਾ ਕੇਵਲ ਭਾਰਤ ਦੀ ਸਮੂੰਹ ਜਨਤਾ ਲਈ ਲਾਸਾਨੀ ਸਨ ਸਗੋਂ ਸੰਸਾਰ ਦੀ ਸਮੂਹ ਮਨੁੱਖਤਾ ਲਈ ਅਮੋਲਕ ਸਨ। ਉਨ੍ਹਾਂ ਦੀ ਜੀਵਨ ਯਾਤਰਾ 26 ਦਸੰਬਰ 1666 ਈ. ਨੂੰ ਪਟਨਾ ਸਾਹਿਬ ਤੋਂ ਆਰੰਭ ਹੋਈ। ਆਪ ਜੀ ਦੇ ਆਗਮਨ ਸਮੇਂ ਹੀ ਮਹਾਨ ਸੂਫੀ ਫਕੀਰ ਭੀਖਣਸ਼ਾਹ ਨੂੰ ਅਨੁਭਵ ਵਿਚ ਪ੍ਰਤੀਤ ਹੋ ਗਿਆ ਸੀ ਕਿ ਪਟਨਾ ਸ਼ਹਿਰ ਵਿਖੇ ਕਿਸੇ ਮਹਾਨ ਰੱਬੀ ਨੂਰ ਦਾ ਪ੍ਰਕਾਸ਼ ਹੋਇਆ ਹੈ। ਲੰਮਾ ਪੈਂਡਾ ਤਹਿ ਕਰਦਿਆਂ ਆਪ ਜੀ ਦੇ ਦਰਸ਼ਨ ਦੀਦਾਰ ਕੀਤੇ ਤੇ ਇਸ਼ਾਰਿਆਂ ਤੇ ਚਿੰਨ੍ਹਾਂ ਰਾਹੀਂ ਬਾਲ ਗੋਬਿੰਦ ਰਾਇ ਨਾਲ ਸੰਬਾਦ ਕੀਤਾ ਤੇ ਪੂਰੇ ਤਸੱਲੀ ਬਖਸ਼ ਉਤਰ ਸੁਣ ਸਜਦਾ ਕਰ, ਵਾਪਸ ਪੰਜਾਬ ਪਰਤਿਆ। ਬਾਲ ਅਵਸਥਾ ਵਿਚ ਅਨੇਕ ਕੌਤਕ ਕਰਦੇ ਆਪ ਜੀ ਪਰਿਵਾਰ ਸਣੇ ਅਨੰਦਪੁਰ ਸਾਹਿਬ ਆ ਬਿਰਾਜੇ। ਏਥੇ ਆਪ ਦੀ ਪਹਿਲੀ ਪ੍ਰੀਖਿਆ ਓਦੋਂ ਹੋਈ ਜਦੋਂ ਆਪ ਜੀ ਕੇਵਲ ਨੌਂ ਵਰ੍ਹਿਆਂ ਦੇ ਸੀ। ਹਿੰਦੁਸਤਾਨ ਦੀ ਆਬਰੂ ਨੂੰ ਮਹਾਨ ਖਤਰਾ ਸਨਮੁਖ ਹੋਇਆ।

ਔਰੰਗਜ਼ੇਬ ਅਤੇ ਉਸਦੇ ਮੁਤੱਸਬੀ ਮੁਲਾਂ ਮੁਲਾਣੇ ਤੇ ਅਹਿਲਕਾਰ ਸਾਰੇ ਹਿੰਦੁਸਤਾਨ ਨੂੰ ਜਬਰਨ ਮੁਸਲਮਾਨ ਬਣਾਉਣ ਤੇ ਤੁਲੇ ਹੋਏ ਸੀ। ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਨੌਵੇਂ ਪਾਤਸ਼ਾਹ ਗੰਭੀਰ ਸੋਚ ਵਿਚ ਸਨ ਜਦੋਂ ਬਾਲ ਗੋਬਿੰਦ ਨੇ ਮਹਾਨ ਗੁਰੂ ਪਿਤਾ-ਹਿੰਦ ਦੀ ਚਾਦਰ ਦਾ ਬਲੀਦਾਨ ਦੇਣਾ ਸਹਿਜਮਈ ਢੰਗ ਵਿਚ ਹੀ ਪਰਵਾਨ ਕਰ ਲਿਆ। ਇਸ ਕੁਰਬਾਨੀ ਨੇ ਬਾਲ-ਗੁਰੂ ਅੰਦਰ ਹਿੰਦੁਸਤਾਨ ਅੰਦਰ ਇਕ ਮਹਾਨ ਇਨਕਲਾਬ ਲਿਆਉਣ ਦਾ ਇਰਾਦਾ ਦ੍ਰਿੜ੍ਹ ਕੀਤਾ। ਬਚਿਤ੍ਰ ਨਾਟਕ ਵਿਚ ਆਪ ਜੀ ਸਪਸ਼ਟ ਲਿਖਦੇ ਹਨ ਕਿ ਹਿੰਦੂ ਧਰਮ ਦੇ ਮੁੱਖ ਚਿੰਨ੍ਹ ਤਿਲਕ ਅਤੇ ਜੰਜੂ ਖਤਰੇ ਵਿਚ ਸਨ ਜੋ ਸਦਾ ਲਈ ਮਲੀਆਮੇਟ ਹੋ ਜਾਣੇ ਸਨ। ਇਸਦੀ ਰੱਖਿਆ ਹਿਤ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸੀਸ ਦਾ ਬਲੀਦਾਨ ਦਿਤਾ। ਕਲਜੁਗ ਅੰਦਰ ਇਹ ਇਕ ਮਹਾਨ ਸਾਕਾ ਸੀ -

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂ ਮਹਿ ਸਾਕਾ।***
***ਸਾਧਨਿ ਹੇਤਿ ਇਤੀ ਜਿਨਿ ਕਰੀ***
***ਸੀਸੁ ਦੀਆ ਪਰ ਸੀ ਨ ਉਚਰੀ।***
***ਧਰਮ ਹੇਤ ਸਾਕਾ ਜਿਨਿ ਕੀਆ।***
***ਸੀਸੁ ਦੀਆ ਪਰੁ ਸਿਰੁ ਨ ਦੀਆ॥ (ਬਚਿਤ੍ਰ ਨਾਟਕ)***

ਗੁਰੂ ਗੋਬਿੰਦ ਸਿੰਘ ਨੂੰ ਆਪਣਾ ਜੀਵਨ ਮਨੋਰਥ ਬਿਲਕੁਲ ਸਪਸ਼ਟ ਸੀ -

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***ਜਹਾ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ। ਅਕਾਲ ਪੁਰਖ॥ਚੌਪਈ॥***

ਆਪ ਜੀ ਨੇ ਗੁਰਗੱਦੀ ਸੰਭਾਲਣ ਉਪਰੰਤ ਸਿੱਖ ਲਹਿਰ ਨੂੰ ਸਪੰਨਤਾ ਪ੍ਰਦਾਨ ਕਰਨ ਲਈ ਸਿੱਖੀ ਦੇ ਸੰਤ ਸਰੂਪ ਨੂੰ ਸੰਤ-ਸਿਪਾਹੀ ਸਰੂਪ ਵਿਚ ਵੱਧਣ ਫਉਲਣ ਲਈ ਪੁਰਸਾਹਤ ਕੀਤਾ। ਛੇਵੀਂ ਪਾਤਸ਼ਾਹੀ ਵਲੋਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਦੇ ਅਮਲ ਨੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦੀ ਪ੍ਰੇਰਨਾ ਮਿਲ ਚੁਕੀ ਸੀ। ਆਪ ਜੀ ਨੇ ਇਸ ਨੂੰ ਲਾਜ਼ਮੀ ਕਰ ਦਿਤਾ ਤਾਕਿ ਹਰ ਸਿੱਖ ਇਕ ਬੰਨੇ ਆਪਣੀ ਸ੍ਵੈ-ਰੱਖਿਆ ਕਰ ਸਕਣ ਦੇ ਯੋਗ ਹੋਵੇ ਤੇ ਨਾਲ ਹੀ ਮਜ਼ਲੂਮ, ਕਮਜ਼ੋਰ ਉਤੇ ਹੋ ਰਹੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਵੀ ਹਰ ਸਮੇਂ ਤਿਆਰ ਹੋਵੇ। ਉਨ੍ਹਾਂ ਨੇ ਭਾਰਤੀ ਜਨਤਾ ਵਿਚ ਜਾਗਰਤੀ, ਦਲੇਰੀ, ਏਕਤਾ ਅਤੇ ਸਮਾਨਤਾ ਦੀਆਂ ਭਾਵਨਾਵਾਂ ਉਜਾਗਰ ਕਰਨ ਦਾ ਬੀੜਾ ਚੁਕਿਆ। ਭਾਰਤੀ ਜਨਤਾ ਏਨੀ ਡਰੂ ਅਤੇ ਬੁਜ਼ਦਿਲ ਹੋ ਚੁੱਕੀ ਸੀ ਕਿ ਉਹ ਆਪਣੀ, ਆਪਣੇ ਧਰਮ ਦੀ, ਆਪਣੀਆਂ ਬਹੂ ਬੇਟੀਆਂ ਦੀ, ਆਪਣੇ ਧਰਮ ਅਸਥਾਨਾਂ ਦੀ ਰੱਖਿਆ ਕਰਨ ਦੀ ਸੋਚ ਗਵਾ ਚੁੱਕੇ ਸੀ ਅਤੇ ਜਾਬਰ ਹਾਕਮਾਂ ਦੇ ਸਾਹਮਣੇ

ਘੁਟਨੇ ਟੇਕ ਚੁੱਕੇ ਸੀ। ਸ੍ਵੈ ਮਾਨ ਅਤੇ ਅਜ਼ਾਦੀ ਬਾਰੇ ਸੋਚਣਾ ਉਨ੍ਹਾਂ ਲਈ ਸੁਪਨੇ ਨਿਆਈਂ ਸੀ। ਐਸੇ ਹਾਲਾਤ ਵਿਚ ਗੁਰੂ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਭਾਰੀ ਇਕੱਠ ਵਿਚ 'ਖਾਲਸਾ ਪੰਥ' ਦੀ ਸਿਰਜਨਾ ਕੀਤੀ। ਅੰਮ੍ਰਿਤ ਛਕਾ ਕੇ ਸਿੱਖ ਸ਼ਰਧਾਲੂਆਂ ਨੂੰ ਸਿੰਘ (ਸ਼ੇਰ) ਸਜਾਇਆ, ਦੇਗ-ਤੇਗ ਫਤਹਿ ਦਾ ਸੰਕਲਪ ਦਿਤਾ, ਸ਼ਸ਼ਤਰਧਾਰੀ ਹੋਣਾ ਲਾਜ਼ਮੀ ਕਰਾਰ ਦਿਤਾ, ਹਰ ਤਰ੍ਹਾਂ ਦੀ ਜ਼ਾਤ-ਪਾਤ, ਊਚ-ਨੀਚ, ਅਮੀਰ-ਗਰੀਬ, ਛੂਤ-ਛਾਤ ਦੀ ਵੰਡ ਤੇ ਭਰਮਾਂ ਤੋਂ ਮੁਕਤ ਕਰਕੇ ਸਿੰਘ ਸੂਰਮਿਆਂ ਨੂੰ ਅਕਾਲ-ਪੁਰਖ ਦੀ ਫੌਜ ਗਰਦਾਨਿਆ (ਖਾਲਸਾ ਅਕਾਲ ਪੁਰਖ ਕੀ ਫੌਜ) ਜੋ ਜੋ ਕਿਰਿਆ ਮੁਗਲ ਹਕੂਮਤ ਵਲੋਂ ਵਰਜਿਤ ਸੀ, ਉਸ ਨੂੰ ਸਿੰਘਾਂ ਵਿਚ ਖੁਲ੍ਹੇ ਤੌਰ ਤੇ ਦਰ ਅਮਲ ਲਿਆਂਦਾ। ਸ਼ਸਤਰ-ਬਸਤਰ ਧਾਰਨ ਕੀਤੇ, ਘੋੜ-ਸਵਾਰੀ, ਨੇਜਾ-ਬਾਜੀ, ਤੀਰ-ਅੰਦਾਜ਼ੀ ਦੇ ਜੌਹਰਾਂ ਵਿਚ ਨਿਪੁੰਨਤਾ ਦੇ ਪ੍ਰਬੰਧ ਕੀਤੇ। ਅਜੀਤ ਨਿਗਾਰੇ ਤੇ ਜਿੱਤ ਦੀ ਚੋਟ ਲਗਾਈ। ਜਾਤਾਂ ਪਾਤਾਂ ਅਤੇ ਊਚ-ਨੀਚ ਵਿਚ ਵੰਡੀ ਭਾਰਤੀ ਜਨਤਾ ਮੁੜ ਸੁਰਜੀਤ ਹੋਣ ਲੱਗੀ। ਇਨ੍ਹਾਂ ਨੇ ਪਹਾੜੀ ਰਾਜਿਆਂ ਨੂੰ ਸੋਧਿਆ, ਮੁਗਲਾਂ ਨਾਲ ਲੋਹਾ-ਲਾਖੇ ਹੋਏ। ਲੱਖਾਂ ਦੀ ਗਿਣਤੀ ਦੀ ਮੁਗਲਈ ਅਤੇ ਪਹਾੜੀ ਸੈਨਾ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੇ ਮਹੀਨੇ ਤਕ ਘੇਰੀ ਰੱਖਿਆ ਪਰ ਸਿੰਘਾਂ ਨੇ ਈਨ ਨਹੀਂ ਮੰਨੀ, ਡੱਟ ਕੇ ਲੜਦੇ ਰਹੇ। ਮੁਗਲਾਂ ਅਤੇ ਪਹਾੜੀਆਂ ਨੇ ਧੋਖੇ ਫਰੇਬ ਨਾਲ ਅਤੇ ਝੂਠੀਆਂ ਸੌਹਾਂ ਖਾ ਕੇ ਸੁਲਾਹ-ਸਫਾਈ ਦੀ ਪੇਸ਼ਕਸ਼ ਕੀਤੀ, ਕਿਲ੍ਹਾ ਖਾਲੀ ਕਰਵਾ ਲਿਆ ਪਰ ਝੱਟ ਹੀ ਸਿੰਘਾਂ ਨੂੰ ਜਾ ਘੇਰਿਆ। ਸਰਸਾ ਨਦੀ ਦੇ ਕੰਢੇ ਯੁੱਧ ਹੋਏ, ਚਮਕੌਰ ਦੀ ਗੜ੍ਹੀ ਦੇ ਯੁੱਧ ਵਿਚ ਵੱਡੇ ਸਾਹਿਬਜ਼ਾਦੇ ਅਤੇ ਕਈ ਸਿੰਘ ਸ਼ਹੀਦ ਹੋਏ। ਮੁਗਲ ਐਨੇ ਘਾਬਰੇ ਤੇ ਭੈਭੀਤ ਹੋਏ ਹੋਏ ਸੀ ਕਿ ਉਨ੍ਹਾਂ ਨੇ 7 ਸਾਲ ਅਤੇ 9 ਸਾਲ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਨਾਂਹ ਬਖਸ਼ਿਆ ਤੇ ਸ਼ਹੀਦ ਕਰ ਦਿਤਾ। ਇਨ੍ਹਾਂ ਸਾਰੇ ਯੁੱਧਾਂ ਵਿਚ ਅਨੇਕ ਗਿਣਤੀ ਵਿਚ ਸਿੰਘ ਸ਼ਹੀਦ ਹੋਏ ਪਰ ਈਨ ਨਾਂਹ ਮੰਨੀ। ਆਜ਼ਾਦੀ ਦੀ ਇਹ ਲਹਿਰ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਵਿਚ ਸਿਖਰਾਂ ਛੂੰਹਣ ਲੱਗੀ, ਸਰਹੰਦ ਦੀ ਇੱਟ ਨਾਲ ਇੱਟ ਵਜਾਈ ਗਈ, ਦੋਖੀਆਂ ਜ਼ਾਲਮਾਂ ਨੂੰ ਕੀਤੇ ਜ਼ੁਲਮ ਦੀ ਸਜ਼ਾ ਦਿਤੀ ਗਈ। ਇਹ ਲੜਾਈ 1700 ਤੋਂ 1800 ਈ. ਤਕ ਸੌ ਸਾਲ ਜਾਰੀ ਰਹੀ ਤੇ ਅੰਤ ਮੁਗਲਾਂ ਧਾੜਵੀਆਂ ਨੂੰ ਨਾ ਕੇਵਲ ਪੰਜਾਬ ਵਿਚੋਂ ਬੇਦਖਲ ਕਰ ਦਿਤਾ ਗਿਆ ਸਗੋਂ ਦਰਾ ਖੈਬਰ ਤੋਂ ਪਾਰ ਭਜਾ ਦਿਤਾ ਗਿਆ। ਇਹ ਸੱਚਾ ਤੇ ਸੁੱਚਾ ਇਤਿਹਾਸ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਜਿਹੇ ਜੀਵਨ ਕਾਲ ਦਾ।

ਐਸੇ ਸੂਰਬੀਰ ਸਿੰਘਾਂ ਨੂੰ ਗੁਰੂ ਜੀ ਨੇ ਹਰ ਸਮੇਂ ਅਕਾਲ ਪੁਰਖ ਨਾਲ ਜੁੜੇ ਰਹਿਣ ਦਾ ਉਪਦੇਸ਼ ਦਿਤਾ -

***ਧੰਨ ਜੀਓ ਤਿਹ ਕੋ ਜਗ ਮੈ,***
***ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥***
***ਦੇਹ ਅਨਿੱਤ ਨ ਨਿੱਤ ਰਹੈ***
***ਜਸੁ ਨਾਵ ਚੜੈ ਭਵ ਸਾਗਰ ਤਾਰੈ॥***

ਆਪ ਜੀ ਦੀਆਂ ਸਿਖਿਆਵਾਂ ਅੱਜ ਦੇ ਸੰਸਾਰ ਲਈ ਚਾਨਣ ਮੁਨਾਰਾ ਹਨ। ਆਪ ਜੀ ਨੇ ਸਰਬ-ਮਨੁਖਤਾ ਨੂੰ ਇਕ ਪ੍ਰਭੂ ਪਿਆਰੇ ਦੇ ਕਲਾਵੇ ਵਿਚ ਲਿਆਂਦਾ ਅਤੇ ਧਰਮਾਂ ਦੇ ਕਰਮ-ਕਾਂਡੀ ਰਸਤਿਆਂ ਨੂੰ ਤਿਆਗ ਕੇ ਪ੍ਰੇਮ ਰਾਹੀਂ ਵਾਹਿਗੁਰੂ ਦੀ ਪ੍ਰਾਪਤੀ ਦਾ ਅਮਲ ਦਰਸਾਇਆ -

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥***

***(ਤ੍ਵਪ੍ਰਸਾਦਿ ਸਵੱਯੇ)***

ਆਪ ਨੇ ਦ੍ਰਿੜ੍ਹ ਕਰਵਾਇਆ ਕਿ ਸਾਰੇ ਮਨੁੱਖਾਂ ਵਿਚ ਇਕ ਪ੍ਰਭੂ ਦੀ ਜੋਤਿ ਹੈ, ਸਭ ਬਰਾਬਰ ਹਨ। ਇਹ ਅੱਜ ਦੇ ਸੰਸਾਰ ਦੀ ਸਭ ਤੋਂ ਵੱਡੀ ਮੰਗ ਹੈ -

***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ***
***ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ***
***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥***

***ਅਕਾਲ ਉਸਤਤਿ***

ਗੁਰੂ ਮਹਾਰਾਜ ਕਿਸੇ ਜਾਤੀ, ਧਰਮ ਜਾਂ ਕੌਮ ਵਿਰੁੱਧ ਨਹੀਂ ਸਨ, ਪਾਪ ਅਤੇ ਜ਼ੁਲਮ ਦੇ ਵਿਰੁੱਧ ਸੀ। ਏਸੇ ਲਈ ਪੀਰ ਬੁੱਧੂ ਸ਼ਾਹ, ਨਬੀ ਖਾਂ, ਗਨੀ ਖਾਂ ਅਤੇ ਹੋਰ ਅਨੇਕਾਂ ਨੇਕ ਮੁਸਲਮਾਨਾਂ ਨੇ ਗੁਰੂ ਜੀ ਦਾ ਸਾਥ ਦਿਤਾ। ਏਧਰ ਆਪਣੇ ਹੀ ਭੁੱਲੜ ਪਹਾੜੀ ਰਾਜਿਆਂ ਨੇ ਗੁਰੂ ਜੀ ਵਿਰੁੱਧ ਮੁਗਲਾਂ ਦਾ ਸਾਥ ਦਿਤਾ। ਗੁਰੂ ਜੀ ਦੀ ਲੜਾਈ ਬਦੀ ਵਿਰੁੱਧ ਸੀ, ਅੰਤ ਬਦੀ ਦੀ ਹਾਰ ਹੋਈ ਅਤੇ ਨੇਕੀ ਦੀ ਜਿੱਤ।

ਗੁਰੂ ਜੀ ਦੇ ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ ਆਪ ਜੀ ਵਿਸਥਾਰ ਵਿਚ ਪੜ੍ਹੋ, ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਮਹਾਰਾਜ ਦਾ ਲੇਖ 'ਹਮ ਇਹ ਕਾਜ ਜਗਤ ਮੋ ਆਏ। 'ਆਤਮ ਮਾਰਗ' ਦੀ ਸਾਰੀ ਸਮੱਗਰੀ ਦਾ ਨਿਸ਼ਾਨਾ ਆਤਮ ਦੇ ਮਾਰਗ ਦੀ ਨਿਸ਼ਾਨਦੇਹੀ ਹੈ ਤਾਕਿ ਜਗਿਆਸੂਆਂ ਦਾ ਆਤਮ ਪੈਂਡਾ ਸਹਿਲ ਹੋ ਸਕੇ।

ਇਕ ਵਾਰ ਫੇਰ ਆਪ ਜੀ ਸਭਨਾਂ ਨੂੰ ਨਵੇਂ ਸਾਲ ਦੀ ਅਤੇ ਮਹਾਨ ਪੁਰਬ ਦੀ ਲੱਖ-ਲੱਖ ਵਧਾਈ ਹੋਵੇ।

ਨਵੇਂ ਸਾਲ ਵਿਚ ਨਵੀਂ ਮੈਂਬਰਸ਼ਿਪ ਲਈ ਸਭਨਾਂ ਨੇ ਹਮਲਾ ਮਾਰਨਾ ਹੈ ਤਾਕਿ ਅਸੀਂ ਗੁਰੂ ਜੀ ਦੀਆਂ ਅਸੀਸਾਂ ਅਤੇ ਮਹਾਂਪੁਰਖਾਂ ਦੀਆਂ ਖੁਸ਼ੀਆਂ ਹਾਸਲ ਕਰ ਸਕੀਏ।

# ਹਮ ਇਹ ਕਾਜ ਜਗਤ ਮੋ ਆਏ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਇਸ ਦਿਨ ਨੂੰ ਸੰਸਾਰ ਦੇ ਅੰਦਰ ਬਹੁਤ ਹੀ ਮਹੱਤਵਪੂਰਨ ਦਿਨ ਗਿਣਿਆ ਗਿਆ ਹੈ, ਕਿਉਂਕਿ ਇਸ ਦਿਨ ਦੀ ਉਡੀਕ ਵਿਚ ਹਜ਼ਾਰਾਂ ਸਾਲ ਮਨੁੱਖ ਨੂੰ ਇੰਤਜਾਰ ਕਰਨਾ ਪਿਆ। ਜੋ ਸੰਸਾਰ ਵਿਚ ਵੱਡੇ ਮਹਾਂਪੁਰਸ਼ ਹੋ ਚੁਕੇ ਹਨ ਉਨ੍ਹਾਂ ਸਾਰਿਆਂ ਨੇ ਇਸ ਗੱਲ ਨੂੰ ਅਨੁਭਵ ਕਰ ਲਿਆ ਸੀ ਕਿ ਕੁਛ ਸਮਾਂ ਲੰਘਣ ਦੇ ਨਾਲ ਸੰਸਾਰ ਦੇ ਉਤੇ ਇਕ ਐਸੀ ਹਸਤੀ ਪ੍ਰਗਟ ਹੋਵੇਗੀ, ਜੋ ਸੰਸਾਰ ਤੇ ਇਕ ਐਸਾ ਪੰਥ ਚਲਾਏਗਾ ਜੋ ਧਰਮ ਦੀ ਰਾਖੀ ਲਈ ਤੱਤਪਰ ਰਹੇਗਾ ਤੇ ਸਭ ਨੂੰ ਪਿਆਰ ਕਰੇਗਾ ਤੇ ਸਭ ਦਾ ਸਾਂਝਾ ਹੋਵੇਗਾ।

ਈਸਾ ਜੀ 2000 ਸਾਲ ਪਹਿਲਾ, ਇਕ ਦਿਨ ਇਬਾਦਤ 'ਚੋਂ ਉਠੇ, ਆਪਦੇ ਨਕਸ਼ ਬਹੁਤ ਗੰਭੀਰ ਹੋ ਗਏ ਸਨ, ਨਾਲ ਦੇ ਸਾਥੀ ਚੇਲੇ ਪੀਟਰਸ ਵਗੈਰਾ ਸਨ, ਉਹਨਾਂ ਨੇ ਪੁਛਿਆ ਕਿ ਹਜ਼ਰਤ ਅੱਜ ਆਪ ਇੰਨੇ ਗੰਭੀਰ ਹੋ, ਕ੍ਰਿਪਾ ਕਰੋ ਜੇ ਕੋਈ ਅਲੋਕਿਕ ਬਾਤ ਜੋ ਅੱਜ ਤੁਸੀਂ ਖੁਦਾ ਦੇ ਦਰ ਤੇ ਦੇਖੀ ਹੈ, ਸਾਡੇ ਨਾਲ ਸਾਂਝੀ ਕਰੋ ਕਿਉਂਕਿ ਈਸਾ ਜੀ ਨੇ ਬਾਈਬਲ ਦੇ ਅੰਦਰ ਜੋ ਬਾਤਾਂ ਦੱਸੀਆਂ ਹਨ ਉਹ ਇਸ ਤਰ੍ਹਾਂ ਨਹੀਂ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਉਚਾਰੀ ਹੈ। ਮਹਾਰਾਜ ਜੀ ਨੇ ਤਾਂ ਇਕੋ ਵਾਰ ਕਹਿ ਦਿੱਤਾ -

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ॥*** *ਪੰਨਾ - 722*

ਈਸਾ ਜੀ ਬਾਰ ਬਾਰ ਦੱਸਿਆ ਕਰਦੇ ਸੀ, ਅੱਜ ਸਾਨੂੰ ਅਸਮਾਨੀ ਫਰਿਸ਼ਤੇ ਨੇ ਆ ਕੇ ਇਹ ਗੱਲ ਕਹੀ ਹੈ। ਉਹਨਾਂ ਦੀ ਸਾਰੀ ਬਾਈਬਲ ਇਸ ਤਰ੍ਹਾਂ ਦੇ ਨਾਲ ਹੈ ਕਿ ਅੱਜ ਫਰਿਸ਼ਤੇ ਨੇ ਇਹ ਗੱਲ ਕਹੀ, ਉਹ ਗੱਲ ਕਹੀ, ਉਹ ਜੋੜਨੀ ਤੋੜਨੀ ਪੈਂਦੀ ਹੈ। ਆਪ ਸਮਝਣੀ ਪੈਂਦੀ ਹੈ ਕਿ ਕਿਥੇ ਕੀ ਗੱਲ ਬਣੀ।

ਮੁਹੰਮਦ ਸਾਹਿਬ ਅੰਦਰ ਹੋ ਕੇ ਦਸ ਦਿਆ ਕਰਦੇ ਸੀ ਕਿ ਅੱਜ ਅਸਮਾਨ ਦੇ ਅੰਦਰ ਜੋ ਲੋਹ ਕਲਮ ਹੈ, ਫੱਟੀ ਦੇ ਉੱਤੇ ਅਜ ਇਹ ਚੀਜ਼ ਲਿਖੀ ਹੋਈ ਹੈ, ਇਸਨੂੰ ਕਹਿੰਦੇ ਸੀ ਆਇਤਾ ਉਤਰਦੀਆਂ ਨੇ, ਇਲਹਾਮ ਆਉਂਦਾ ਹੈ। ਰਿਸ਼ੀ, ਮੁਨੀਆਂ ਨੂੰ ਵੀ ਇਲਹਾਮ ਆਉਂਦਾ ਸੀ, ਵੇਦਾਂ ਦੀ ਰਚਨਾ, ਸਾਰੀ ਈਸ਼ਵਰ ਦੀ ਕਿਰਤ ਦਸਦੇ ਨੇ, ਕੋਈ ਰਿਸ਼ੀ ਨਹੀਂ ਮੰਨਦਾ ਕਿ ਮੈਂ ਇਹ ਉਚਾਰੀ ਹੈ। ਉਹ ਕਹਿੰਦੇ ਨੇ ਇਹ ਬ੍ਰਹਮਾ ਵਲੋਂ ਆਈ ਹੈ। ਇਲਹਾਮ ਦਾ ਸੰਕਲਪ ਸਾਡੇ ਵਿਚੋਂ ਹੀ ਆਇਆ ਹੈ। ਮੁਹੰਮਦ ਸਾਹਿਬ ਕਹਿ ਦਿਆ ਕਰਦੇ ਸਨ ਕਿ ਲੋਹ ਕਲਮ ਦੇ ਉਤੇ ਅਜ ਇਹ ਲਿਖਿਆ ਹੋਇਆ ਹੈ। ਅਸਮਾਨ ਨੂੰ ਇਕ ਫੱਟੀ ਗਿਣਦੇ ਸੀ, ਉਸਦੇ ਉਤੇ ਆਇਤਾਂ ਪੜ੍ਹ ਕੇ ਸੁਣਾ ਦਿਆ ਕਰਦੇ ਸੀ।

ਸੋ ਉਸ ਦਿਨ ਜਦ ਪੁਛਿਆ ਕਿ ਮਹਾਰਾਜ ਅੱਜ ਤੁਸੀਂ ਕੋਈ ਅਲੋਕਿਕ ਬਾਤ ਦੇਖੀ ਹੈ। ਕਹਿਣ ਲੱਗੇ, ਹਾਂ। ਅਜ ਦਰਗਾਹ ਤੋਂ ਇਕ ਹਸਤੀ ਪਰਗਟ ਹੋਈ ਹੈ ਜਿਸਦੇ ਚਿਹਰੇ ਉਤੇ ਬਹੁਤ ਹੀ ਸੁੰਦਰ ਦਾੜ੍ਹਾ ਹੈ, ਨੂਰਾਨੀ ਚਿਹਰਾ ਹੈ, ਚਿੱਬ ਖੜਬਾ ਨਹੀਂ ਹੈ। ਬਹੁਤ ਹੀ ਸੁੰਦਰ ਮਨ ਨੂੰ ਮੋਹਣ ਵਾਲੇ ਸਿਰ ਦੇ ਉਤੇ ਕੇਸ ਹਨ, ਪਰ ਉਹ ਢੱਕੇ ਹੋਏ ਹਨ, ਖੁੱਲ੍ਹੇ ਨਹੀਂ ਹਨ ਤੇ ਦਸਤਾਰ ਬੰਨੀ ਹੋਈ ਹੈ ਦਸਤਾਰ ਦੇ ਉਤੇ ਸ਼ਿੰਗਾਰ ਜੋ ਹੈ, ਸਜਾਵਟ ਹੋ ਹੈ, ਉਹ ਮਹਾਰਾਜਿਆਂ ਵਰਗੀ ਹੈ ਤੇ ਕਲਗੀ ਲੱਗੀ ਹੋਈ ਹੈ। ਉਹ ਮੋਹਣੀ ਸੂਰਤ ਜੋ ਹੈ ਘੋੜੇ ਤੇ ਸਵਾਰ ਹੈ। ਬਾਂਹ ਦੇ ਮੋਡੇ ਉਤੋਂ ਦੀ ਧਨੁਸ਼ ਬਾਣ ਲਟਕਦਾ ਹੈ ਤੇ ਪਿਛੇ ਸੋਨੇ ਦੇ ਤੀਰਾਂ ਦਾ ਭੱਥਾ ਹੈ, ਸੋਨੇ ਦੇ ਮੁਖੀਆਂ ਵਾਲੇ ਤੀਰ ਹਨ। ਉਸਦੇ ਉਤੇ ਖੁਦਾ ਦੀ ਖਾਸ ਰਹਿਮਤ ਹੋ ਰਹੀ ਹੈ, ਉਹ ਸਮਾਂ ਆਏਗਾ ਕਿ ਉਹ ਸੰਸਾਰ ਅੰਦਰ ਪ੍ਰਗਟ ਹੋਏਗਾ। ਪਰ ਅਜੇ ਬੜਾ ਸਮਾਂ ਹੈ। ਸਮੇਂ ਦੀ ਗਿਣਤੀ ਕਰਨੀ ਬੜੀ ਔਖੀ ਹੋਇਆ ਕਰਦੀ ਹੈ। ਗੁਰੂ ਮਹਾਰਾਜ ਜੀ ਜਦ ਬਚਨ ਕਰਿਆ ਕਰਦੇ ਸੀ, ਉਸ ਵੇਲੇ ਸਮੇਂ ਦੀ ਗਿਣਤੀ ਮਿਣਤੀ ਕਰਨੀ ਬੜੀ ਔਖੀ ਹੋਇਆ ਕਰਦੀ ਸੀ ਕਿ ਆਪ ਕਹਿ ਦਿੰਦੇ ਸੀ ਸਮਾਂ ਦੇਖੋਗੇ, ਆਏਗਾ ਐਸਾ, ਹੌਲੀ-ਹੌਲੀ ਓਹੀ ਹੋ ਜਾਂਦਾ ਹੈ। ਕਿਉਂਕਿ 100 ਸਾਖੀ ਜੋ ਹੈ ਅੰਗਰੇਜ਼ ਬੜਾ ਸਿਆਣਾ ਸ਼ਾਸਕ ਸੀ ਉਹਨੇ ਕਿਹਾ ਕਿ ਜੇ 100 ਸਾਖੀ ਰਹਿ ਗਈ ਤੇ ਇਹਨਾਂ ਨੂੰ ਪਹਿਲਾਂ ਹੀ ਪਤਾ ਲਗ ਜਾਣਾ ਹੈ ਕਿ ਹੁਣ ਇਹ ਹੋਣਾ ਹੈ।

ਇਕ ਬੇਦੀ ਖਾਨਦਾਨ ਵਿਚੋਂ ਵਿਦਵਾਨ ਸੀ, ਲਾਹੌਰ ਨਿਵਾਸੀ, ਅੱਠ ਭਾਸ਼ਾਵਾਂ ਜਾਨਣ ਵਾਲਾ। ਉਹਨਾਂ ਨੂੰ ਲੱਖਾਂ ਰੁਪਏ ਦੇ ਕੇ, ਕੋਠੀਆਂ ਦੇ ਕੇ, ਵੱਡੀਆਂ ਸਵਾਰੀਆਂ ਦੇ ਕੇ ਉਸ ਤੋਂ ਇਹ ਕੰਮ ਕਰਵਾਇਆ ਕਿ ਤੂੰ ਸੌ ਸਾਖੀ ਨੂੰ ਪਹਿਲਾਂ ਸਮਝ। ਫੇਰ ਜੋ ਸੰਮਤ ਹਨ, ਉਹ ਅਖਰਾਂ ਵਿਚ ਨਹੀਂ ਆਏ ਹੋਏ। ਸਿਫਰਿਆਂ-ਸਿਫਰਿਆਂ, ਏਕੇ-ਦੂਏ ਵਿਚ ਨਹੀਂ ਆਏ ਹੋਏ, ਉਹ ਸ਼ਬਦਾਂ ਵਿਚ ਲਿਖੇ ਹੋਏ ਨੇ। ਜੋ ਚਾਰ ਆ ਗਿਆ ਤਾਂ ਚਾਰ ਦਾ ਮਤਲਬ ਚਾਰ ਵੇਦ ਆ ਗਿਆ, ਨਾਹੀ ਵੇਦ ਅੱਖਰ ਲਿਖਿਆ ਹੋਇਆ ਹੈ ਤਾਂ ਇਸ ਦਾ ਮਤਲਬ ਚਾਰੇ ਵੇਦ ਹਨ। ਇਸ ਤਰ੍ਹਾਂ ਦੇ ਨਾਲ ਅੱਖਰ ਨੇ ਜੇਕਰ ਸੁੰਨ ਆ ਗਿਆ ਤਾਂ ਸਿਫਰ ਬਣਿਆ ਹੋਇਐ।

ਇਸ ਦਾ ਮਤਲਬ ਅਕਾਸ਼ ਆ ਗਿਆ, ਅਕਾਸ਼ ਜ਼ੀਰੋ ਬਣ ਗਿਆ। ਉਸਨੇ ਸਾਰੇ ਸੰਮਤ ਵਿਗਾੜ ਦਿਤੇ। ਜਿੰਨੇ ਵੀ ਵਾਕਿਆਤ ਸਨ ਕਿਸੇ ਨਾਲ ਅੱਧਾ, ਜੋੜਤਾ, ਅੱਧਾ ਕਿਸੇ ਨਾਲੋਂ ਤੋੜਤਾ। ਉਸ 100 ਸਾਖੀ ਦੀ ਕੋਈ ਵੀ ਮਹੱਤਤਾ ਨਾ ਰਹਿਣ ਦਿੱਤੀ। ਬਿਲਕੁਲ ਗਲਤ ਕਰ ਦਿੱਤਾ। ਉਸ ਤੋਂ ਬਾਅਦ ਇਸਨੂੰ ਬੜੀ ਜਾਇਦਾਦ ਮਿਲੀ, ਲੱਖਾਂ ਰੁਪਿਆ ਮਿਲਿਆ, ਬੱਘੀ ਮਿਲੀ, ਘੋੜ ਸਵਾਰੀਆਂ, ਚਾਰ ਕੋਠੀਆਂ ਦਿੱਤੀਆਂ। ਪਿਛਲੀ ਉਮਰ ਦੇ ਅੰਤ ਵਿਚ ਆ ਕੇ ਇਸਨੂੰ ਅਧਰੰਗ ਹੋ ਗਿਆ, ਪਾਪ ਦਾ ਫਲ ਮਿਲ ਗਿਆ। ਉਸ ਵੇਲੇ ਬਹੁਤ ਸਾਰੇ ਸਿਆਣਿਆਂ ਨੇ ਕਿਹਾ ਕਿ ਸੂਰਜ ਡੁੱਬ ਰਿਹਾ ਹੈ, ਹੁਣ ਜੇ ਪ੍ਰਾਸਚਿਤ ਕਰ ਲਏ ਦੱਸ ਦੇ, ਸਹੀ ਦੱਸ ਦੇ, ਸਹੀ ਸੰਮਤ ਕਿਹੜੀ ਕਿਸੇ ਨਾਲ ਜੋੜੀ ਹੈ, ਕਿਹੜੀ ਕਿਸ ਨਾਲ ਜੋੜੀ ਹੈ ਤਾਂ ਵੀ ਆਪਾਂ ਕੁਛ ਕੋਸ਼ਿਸ਼ ਕਰਕੇ ਦੇਖ ਲਈਏ, ਗੁਰੂ ਮਹਾਰਾਜ ਦੇ ਬਚਨ ਕਾਇਮ ਰਹਿ ਜਾਣ। ਉਸ ਵੇਲੇ ਉਸਨੇ ਦਸਿਆ ਮੈਂ ਤਾਂ ਖੁਦ ਭੁੱਲ ਚੁਕਿਆਂ ਹਾਂ, ਮੈਨੂੰ ਨਹੀਂ ਪਤਾ ਕਿਉਂਕਿ ਮੈਂ ਕੋਈ ਕਾਪੀ ਨਹੀਂ ਰਖੀ ਹੋਈ। ਇਸ ਕਰਕੇ ਮੈਨੂੰ ਨਹੀਂ ਪਤਾ ਕਿ ਮੈਂ ਕੀ ਵਿਗਾੜ ਕਰਿਆ ਹੈ। ਮੈਂ ਪੰਜ ਸੌ ਸਾਖੀਆਂ ਲਿਖੀਆਂ ਸਨ, ਪੰਜੇ ਹੀ ਮੈਂ ਤਖਤਾਂ ਤੇ ਭੇਟਾ ਕਰ ਦਿਤੀਆਂ ਸੀ। ਲੇਕਿਨ ਈਸਾ ਜੀ ਦਾ ਜੋ ਬਚਨ ਹੈ ਕਾਇਮ ਹੈ, ਉਵੇਂ ਜਿਵੇਂ ਉਹਨਾਂ ਨੇ ਕਿਹਾ ਕਿ ਸੰਮਤ 16, 17ਵੀਂ ਸਦੀ ਆਏਗੀ, ਉਸ ਵੇਲੇ ਰੂਹ ਜੋ ਮੈਂ ਦੇਖੀ ਹੈ, ਅਜ ਉਹ ਪ੍ਰਗਟ ਹੋਏਗੀ, ਜੋ ਜਾਹਲ ਨਹੀਂ ਹੋਏਗੀ, ਧੱਕਾ ਨਹੀਂ ਕਰੇਗਾ, ਕਿਸੇ ਨਾਲ ਧੋਖਾ ਨਹੀਂ ਕਰੇਗਾ, ਕਿਸੇ ਨਾਲ ਬੇਇਮਾਨੀ ਨਹੀਂ ਕਰੇਗਾ। ਇਹ ਮਹਾਨ ਹਸਤੀ ਦੇਵਤਿਆਂ ਵਰਗਾ ਚਰਿਤਰ ਸੰਸਾਰ ਵਿਚ ਲੈ ਕੇ ਆਏਗਾ।

ਸੋ ਅੱਜ ਦਾ ਦਿਨ ਜੋ ਹੈ, ਇਹ ਭਾਗਾਂ ਭਰਿਆ ਹੋਣ ਕਰਕੇ, ਬਹੁਤ ਮਹਾਨਤਾ ਰੱਖਦਾ ਹੈ ਦਸਮੇਸ਼ ਪਿਤਾ ਜੀ ਅੱਜ ਦੇ ਦਿਨ ਸੰਸਾਰ ਦੇ ਅੰਦਰ ਪ੍ਰਕਾਸ਼ਿਤ ਹੋਏ। ਮਹਾਂਪੁਰਸ਼ਾਂ ਦਾ ਜਨਮ ਨਹੀਂ ਹੁੰਦਾ, ਜਨਮ ਦਿਨ ਸਾਡੇ ਮਨਾਏ ਜਾਂਦੇ ਨੇ, ਇਹ ਪ੍ਰਕਾਸ਼ ਉਤਸਵ ਕਹਾਉਂਦਾ ਹੈ। ਅੱਜ ਇਕ ਪ੍ਰਕਾਸ਼ ਦੀ ਲੋਅ ਆਈ, ਜੋ ਭੀਖਣਸ਼ਾਹ ਨੇ ਦੇਖੀ, ਅੱਜ ਨਮਾਜ ਪੱਛਮ ਵੱਲ ਨੂੰ ਨਹੀਂ ਪੜ੍ਹਦਾ, ਅਜ ਨਮਾਜ ਪੂਰਬ ਵੱਲ ਨੂੰ ਪੜ੍ਹਦਾ ਹੈ। ਬੜਾ ਦ੍ਰਿੜ ਬੰਦਾ ਸੀ, ਸ਼ਰਾ ਤੋਂ ਉੱਚਾ ਸੀ, ਪਰਵਾਹ ਨਾ ਕਰੀ ਸ਼ਰਾ ਦੀ, ਅੱਜ ਪੱਛਮ ਵੱਲ ਸੀਸ ਨਹੀਂ ਨਿਵਾਇਆ, ਪੂਰਬ ਵੱਲ ਨਿਵਾਇਆ। ਮੁਰੀਦਾਂ ਨੇ ਬੇਨਤੀ ਕਰੀ ਕਿ ਹਜ਼ਰਤ ਆਪਨੇ ਅੱਜ ਜੋ ਸ਼ਰ੍ਹਾ ਦੀ ਮਰਿਆਦਾ ਹੈ, ਉਹ ਭੰਗ ਕਰ ਦਿੱਤੀ ਕਿਉਂਕਿ ਸ਼ਰਾ ਦੇ ਅਨੁਸਾਰ ਜੋ ਨਮਾਜ ਪੜ੍ਹੀ ਜਾਂਦੀ ਹੈ ਉਹ ਮਗ਼ਰੱਬ ਵੱਲ ਨੂੰ ਮੂੰਹ ਕਰਕੇ ਪੜ੍ਹੀ ਜਾਂਦੀ ਹੈ ਤੁਸੀਂ ਮਸ਼ਰੱਕ ਨੂੰ ਪੜ੍ਹੀ ਹੈ, ਕਾਰਨ ਕੀ ਹੈ? ਪੀਰ ਜੀ ਕਹਿਣ ਲੱਗੇ, ਅੱਜ ਇਕ ਮਹਾਂ ਪ੍ਰਕਾਸ਼ ਸੰਸਾਰ ਵਿਚ ਉਤਰਿਐ। ਜਦ ਮੈਂ ਸਮਾਧੀ ਦੇ ਅੰਦਰ ਸੀ ਉਸ ਵੇਲੇ ਮੈਂ ਉਹ ਪ੍ਰਕਾਸ਼ ਦੇਖਿਆ। ਚੇਲਿਆਂ ਨੇ ਪੁਛਿਆ ਕਿ ਹਜੂਰ! ਕਿਥੇ ਉਤਰਿਐ? ਕਹਿੰਦੇ, ਪਟਨਾ ਨਗਰ ਹੈ। ਇਸ ਤਰ੍ਹਾਂ ਦਾ ਗਲੀ-ਮੁਹੱਲਾ ਦੇਖਿਆ ਹੈ। ਮੈਂ ਉਹ ਪ੍ਰਕਾਸ਼ ਦੇਖਿਆ। ਮੈਂ ਸਭ ਪਛਾਣ ਲਿਆ ਹੈ। ਏਸ ਕਰਕੇ ਅੱਜ ਜਿੰਨੇ ਵੀ ਸੰਸਾਰ ਤੇ ਆਏ ਨੇ ਸਭ ਤੋਂ ਸਿਖਰ ਚੋਟੀ ਦੀ ਆਤਮਾ ਆਈ ਹੈ, ਬਹੁਤ ਵੱਡਾ ਕੰਮ ਕਰਨ ਵਾਸਤੇ ਤੇ ਉਹਨਾਂ ਦੀ ਆਮਦ ਦੇ ਵਿਚ ਮੈਂ ਨਮਾਜ਼ ਅੱਜ ਇਧਰ ਪੜ੍ਹੀ ਹੈ। ਅੱਜ ਮਸ਼ਰੱਕ ਜਿਹੜਾ ਹੈ ਮਗ਼ਰੱਬ ਵਿਚ ਆ ਗਿਆ। ਵੈਸੇ ਤਾਂ ਜੇ ਲੰਮੀ ਵਿਚਾਰ ਕਰੋ ਤਾਂ ਜਿਹੜਾ ਮਗਰੱਬ ਹੈ ਮਗ਼ਰਬ ਕਹੀ ਜਾਓ। ਕਿਥੇ ਚਲਿਆ ਗਿਆ। ਪਹਿਲਾਂ ਤਾਂ ਮੱਕੇ ਵਿਚ ਹੈ ਉਸ ਤੋਂ ਅਗਾਂਹ ਇੰਗਲੈਂਡ ਵਿਚ ਆ ਗਿਆ, ਉਸ ਤੋਂ ਹੋਰ ਅੱਗੇ ਚਲੇ ਜਾਓ ਤਾਂ ਕੈਨੇਡਾ ਆ ਗਿਆ, ਅਮਰੀਕਾ ਆ ਗਿਆ, ਅਮਰੀਕਾ ਤੋਂ ਅਗਾਹਾਂ ਮਗਰੱਬ ਵੱਲ ਨੂੰ ਵਧੋ ਤਾਂ ਫੇਰ ਜਪਾਨ ਆ ਗਿਆ, ਜਪਾਨ ਤੋਂ ਫੇਰ ਮਗਰੱਬ ਵੱਲ ਨੂੰ ਵਧੋ ਸਿੰਗਾਪੁਰ ਆ ਗਿਆ ਤੇ ਫੇਰ ਹਿੰਦੁਸਤਾਨ ਆ ਗਿਆ। ਇਹ ਮਿਥੀਆਂ ਹੋਈਆਂ ਨੇ, ਸੀਮਾਵਾਂ ਹਨ ਕਿ ਇਧਰ ਮਗਰੱਬ ਹੈ, ਉਧਰ ਮਸ਼ਰੱਕ ਹੈ ਜਿੰਨਾ ਕੁ ਆਦਮੀ ਨੂੰ ਪਤੈ ਓਨਾ ਹੀ ਦਸ ਸਕਦਾ ਹੈ। ਨਾ ਕਿਤੇ ਸੂਰਜ ਛਿਪਦੈ, ਨਾ ਕਿਤੇ ਚੜ੍ਹਦੈ। ਕੇਵਲ ਧਰਤੀ ਦਾ ਹੇਰ ਫੇਰ ਹੈ। ਧਰਤੀ ਦੇ ਚੱਕਰ ਲਾਉਣ ਨਾਲ ਕਿਤੇ ਹਨ੍ਹੇਰਾ ਹੋ ਜਾਂਦਾ ਹੈ ਕਿਧਰੇ ਚਾਨਣਾ ਹੋ ਜਾਂਦਾ ਹੈ। ਆਮ ਬੰਦਿਆਂ ਵਾਸਤੇ ਸੀਮਾ ਹੁੰਦੀ ਹੈ ਪਰ ਉਹ ਆਮ ਬੰਦਾ ਬਿਲਕੁਲ ਨਹੀਂ ਸੀ, ਸੁਲਝਿਆ ਹੋਇਆ ਸ਼ਰਾਂ ਤੋਂ ਉਪਰ ਵਾਲਾ ਪੀਰ ਸੀ। ਉਸਨੇ ਗੁਰੂ ਦੀ ਆਮਦ ਨੂੰ ਪਛਾਣ ਕੇ ਸਿਜਦਾ ਕੀਤਾ, ਫੇਰ ਚੱਲ ਕੇ ਗਿਆ, ਤਿੰਨ ਮਹੀਨੇ ਉਸਨੂੰ ਪਟਨਾ ਪਹੁੰਚਣ ਨੂੰ ਲੱਗੇ ਸਨ। ਜਾ ਕੇ ਗੁਰੂ ਦੇ ਦਰਸ਼ਨ ਕੀਤੇ, ਮਨ ਵਿਚ ਤਸੱਲੀ ਆਈ। ਸੋ ਅੱਜ ਦੇ ਦਿਨ ਉਹ ਮਹਾਨ ਹਸਤੀ ਸੰਸਾਰ ਦੇ ਉਤੇ ਆਈ। ਜਿਸਨੂੰ ਅਸੀਂ ਗੁਰੂ ਗੋਬਿੰਦ ਸਿੰਘ ਜੀ, ਦੁਸ਼ਟ ਦਮਨ ਦਾ ਨਾਮ ਦੇ ਕੇ ਪੁਕਾਰਦੇ ਹਾਂ ਤੇ ਜਿਨ੍ਹਾਂ ਦੇ ਜੋ ਅਮੋਲਕ ਸਿਧਾਂਤ ਨੇ ਉਹਨਾਂ ਨੂੰ ਸਮਝਣ ਦਾ ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿਉਂਕਿ ਹਰ ਮਹਾਂਪੁਰਸ਼ ਦੇ ਜੀਵਨ ਦੇ ਅੰਦਰ ਕੁਛ ਘਟਨਾਵਾਂ ਹੁੰਦੀਆਂ ਹਨ, ਜਿਹੜੀਆਂ ਕੇਵਲ ਸਾਡੇ ਵਰਗਾ ਮਨੁੱਖਾ ਸਰੀਰ ਧਾਰ ਕੇ ਕੀਤੀਆਂ ਹੁੰਦੀਆਂ ਨੇ, ਤੇ ਉਹ ਸਾਡੇ ਲਈ ਸਿਖਿਆਦਾਇਕ ਹੋਇਆ ਕਰਦੀਆਂ ਹਨ। ਗੁਰੂ ਦਸਵੇਂ ਪਾਤਸ਼ਾਹ ਜੀ ਦੇ ਕੌਤਕ ਵੀ ਇੰਨੇ ਨਿਰਾਲੇ ਸੀ -

***ਸਤਿਗੁਰ ਪੁਰਖੁ ਅੰਗਮੁ ਹੈ ਨਿਰਵੈਰੁ ਨਿਰਾਲਾ।***
***ਭਾਈ ਗੁਰਦਾਸ ਜੀ ਦੀ ਵਾਰ 34/1***

ਦਸਮੇਸ਼ ਪਿਤਾ ਜੀ ਦੁਨੀਆਂ ਦੇ ਅੰਦਰ ਉਹ ਮਹਾਨ ਹਸਤੀ ਹਨ, ਜਿਸਨੂੰ ਸੰਸਾਰ ਨੇ ਅੱਜ ਤੱਕ ਨਹੀਂ ਸਮਝਿਆ, ਨਾ ਹੀ ਸਮਝਣ ਦੇ ਯਤਨ ਕੀਤੇ ਨੇ, ਕਿਉਂਕਿ ਮਹਾਂਪੁਰਸ਼ ਜਦੋਂ ਸੰਸਾਰ ਤੇ ਆਉਂਦੇ ਨੇ ਉਸ ਵੇਲੇ ਸੰਸਾਰ ਉੱਲੂਆਂ ਵਰਗਾ ਹੁੰਦਾ ਹੈ। ਉੱਲੂ ਸੂਰਜ ਨੂੰ ਦੇਖ ਨਹੀਂ ਸਕਦਾ। ਇਸੇ ਤਰ੍ਹਾਂ ਸੰਸਾਰ ਦੀ ਤਰਕ ਭਰੀ ਅੱਖ ਹੁੰਦੀ ਹੈ, ਉਸ ਵੇਲੇ ਸੰਸਾਰ ਨਹੀਂ ਮੰਨਿਆ ਕਰਦਾ ਪਰੰਤੂ ਬਾਅਦ ਵਿਚ ਫੇਰ ਮੇਲੇ ਲੱਗਦੇ ਨੇ, ਬੜੀਆਂ ਵਿਚਾਰਾਂ ਹੁੰਦੀਆਂ ਨੇ, ਗੋਸ਼ਟੀਆਂ ਹੁੰਦੀਆਂ ਹਨ, ਫੇਰ ਪ੍ਰਗਟ ਹੁੰਦੈ। ਜਿਉਂ ਜਿਉਂ ਸਮਾਂ ਲੰਘਦੈ, ਤਿਉਂ ਤਿਉਂ ਨਵੇਂ ਤੇ ਨਵੇਂ ਆਦਰਸ਼ ਉਸਦੇ ਜੀਵਨ ਵਿਚ ਅਨੁਭਵ ਹੁੰਦੇ ਨੇ। ਸੋ ਗੁਰੂ ਦਸਮੇਸ਼ ਪਿਤਾ ਜੀ ਨੂੰ ਨਹੀਂ ਸਮਝਿਆ ਗਿਆ, ਅੱਜ ਤੱਕ ਨਹੀਂ ਸਮਝਿਆ ਗਿਆ। ਕੁਝ ਹਸਤੀਆਂ ਜਿਵੇਂ ਬਾਬਾ ਬੰਦਾ ਸਿੰਘ ਬਹਾਦੁਰ ਜੀ ਹਨ, ਇਹਨਾਂ ਨੂੰ ਨਹੀਂ ਸਮਝਿਆ ਗਿਆ, ਬਾਬਾ ਰਾਮ ਸਿੰਘ ਜੀ ਨਾਮਧਾਰੀ ਹੋਏ ਨੇ, ਇਹਨਾਂ ਨੂੰ ਵੀ ਨਹੀਂ ਸਮਝਿਆ ਗਿਆ। ਰੌਲਾ-ਰੱਪਾ ਹੀ ਪਈ ਜਾਂਦਾ ਹੈ। ਇਸ ਤਰ੍ਹਾਂ ਗੁਰੂ ਮਹਾਰਾਜ ਦੇ ਜੀਵਨ ਦੇ ਅਨੇਕ ਕੌਤਕ ਹਨ, ਜਿਵੇਂ ਦਾ ਕੋਈ ਹੁੰਦਾ ਹੈ, ਉਹੋ ਜਿਹਾ ਹੀ ਦੇਖਦਾ ਹੈ। ਜੇ ਕੋਈ ਸੂਰਮਾ ਦੇਖਦਾ ਹੈ ਤਾਂ ਉਹ ਏਹੋ ਚਿੱਤਰ ਮਨ ਵਿਚ ਬਣਾਉਂਦਾ ਹੈ ਕਿ ਗੁਰੂ ਸਾਹਿਬ ਹਰ ਵਕਤ ਸ਼ਸਤਰਧਾਰੀ ਹੋ ਕੇ ਕਮਾਨ ਮੋਢੇ ਤੇ ਰਖਦੇ ਸੀ, ਤੀਰ ਰਖਦੇ ਸੀ, ਕਿਰਪਾਨ ਰਖਦੇ ਸੀ, ਤੇ ਹਰ ਵਕਤ ਯੁੱਧ ਵਾਸਤੇ ਤਿਆਰ ਰਹਿੰਦੇ ਸੀ। ਉਹਨਾਂ ਦਾ ਇਹੀ ਦ੍ਰਿਸ਼ ਪੱਕਾ ਹੋ ਗਿਆ ਕਿ ਉਹ ਘੋੜੇ ਤੇ ਚੜ੍ਹੇ ਰਹਿੰਦੇ ਸੀ। ਉਸੇ ਤਰ੍ਹਾਂ ਦੀਆਂ ਗੱਲਾਂ ਉਹਨਾਂ ਨੇ ਗੁਰੂ ਸਾਹਿਬ ਨਾਲ ਲਾ ਦਿੱਤੀਆਂ। ਜੇ ਕੋਈ ਵਿਦਵਾਨ ਦੇਖਦਾ, ਉਹ ਕਹਿੰਦੈ ਕਿ ਇੰਨਾ ਮਹਾਨ ਵਿਦਵਾਨ ਹੋਰ ਕੋਈ ਨਹੀਂ ਹੋਇਆ ਉਹ ਗੁਰੂ ਸਾਹਿਬ ਨੂੰ ਹਰ ਵਕਤ ਚੌਂਕੜਾ ਮਾਰਕੇ ਬੈਠੇ ਲਿਖਦੇ ਹੋਏ ਹੀ ਦੇਖਦਾ ਹੈ ਕਿਉਂਕਿ ਗੁਰੂ ਮਹਾਰਾਜ ਜੀ ਨੇ ਇੰਨਾ ਜ਼ਿਆਦਾ ਸਾਹਿਤ ਲਿਖਿਆ ਹੈ, ਉਹ ਗਿਣਤੀ ਤੋਂ ਬਾਹਰ ਹੈ।

ਹੁਣ ਤਾਂ ਸਾਡੇ ਕੋਲ ਦਸਮ ਗ੍ਰੰਥ ਬਹੁਤ ਥੋੜ੍ਹਾ ਜਿਹਾ ਰਹਿ ਗਿਆ। ਨੌ ਮਣ ਦਾ ਗ੍ਰੰਥ ਲਿਖਿਆ ਹੋਇਆ ਸੀ। ਜਿਸਦਾ ਨਾਂ ਵਿਦਿਆਧਰ ਗ੍ਰੰਥ ਸੀ। 102 ਲਿਖਾਰੀਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਿਰਾਜਮਾਨ ਹੋਇਆ ਕਰਦੇ ਸਨ। ਉਨ੍ਹਾਂ ਦੇ ਸਾਮ੍ਹਣੇ ਵਾਰਤਕ ਲਿਖਾਰੀ ਅਤੇ 52 ਕਵਿਤਾ ਲਿਖਣ ਵਾਲੇ ਲਿਖਾਰੀ ਬੈਠੇ ਹੁੰਦੇ ਸਨ, ਗ੍ਰੰਥਾਂ ਦੇ ਢੇਰਾਂ ਦੇ ਢੇਰ ਗੁਰੂ ਜੀ ਦੇ ਅੱਗੇ ਪਏ ਹੋਇਆ ਕਰਦੇ ਸਨ। ਗਰੰਥਾਂ ਦਾ ਅਨੁਵਾਦ ਕਰਨ ਵਾਸਤੇ ਗੁਰੂ ਸਾਹਿਬ ਆਪ ਛਾਂਟਕੇ ਦਿੰਦੇ ਸਨੁ ਕਿ ਇਸਦਾ ਅਨੁਵਾਦ ਕਰੋ। ਜਿਸ ਵੇਲੇ ਮੰਗਲ ਕਵੀ ਨੇ ਮਹਾਂਭਾਰਤ ਦੇ ਅਠਾਰਵੇਂ ਅਧਿਆਇ ਦਾ ਅਨੁਵਾਦ ਕੀਤਾ ਤਾਂ ਮਹਾਰਾਜ ਜੀ ਨੇ ਮੰਗਲ ਕਵੀ ਨੂੰ ਇੰਨਾ ਧੰਨ ਦਿੱਤਾ ਕਿ ਉਸਨੂੰ 200 ਸਿੰਘ ਘੋੜ ਸਵਾਰ ਘਰ ਛੱਡਣ ਜਾ ਰਹੇ ਸਨ ਤਾਂ ਰਾਏਪੁਰ ਦੇ ਵਿਚੋਂ ਜਦੋਂ ਇਹ ਕਾਫਲਾ ਲੰਘਣ ਲਗਿਆ ਤਾਂ ਰਾਏਪੁਰ ਦੀ ਰਾਣੀ ਨੇ ਇਹ ਸਮਝਿਆ ਕਿ ਦੁਸ਼ਮਨ ਲੰਘ ਰਿਹਾ ਹੈ। ਤੇ ਉਨ੍ਹਾਂ ਨੇ ਤੋਪ ਦਾ ਫਾਇਰ ਕਰ ਦਿਤਾ। ਉਸ ਵੇਲੇ ਮੰਗਲ ਕਵੀ ਨੇ ਸਫੇਦ ਝੰਡਾ ਕੱਢ ਕੇ ਦਿਖਾਇਆ। ਉਧਰੋਂ ਘੋੜਸਵਾਰ ਆਇਆ, ਉਸਦੇ ਨਾਲ ਗੱਲ ਬਾਤ ਹੋਈ ਤਾਂ ਉਸਨੇ ਸਾਰੇ ਜਣੇ ਕਿਲੇ ਵਿਚ ਬੁਲਾ ਲਏ। ਕਹਿਣ ਲੱਗਿਆ, ਮਹਾਰਾਣੀ ਸਾਹਿਬਾ! ਮੈਂ ਕੋਈ ਹਮਲਾਵਰ ਨਹੀਂ ਚੜ੍ਹਕੇ ਜਾ ਰਿਹਾ, ਮੈਂ ਤਾਂ ਗੁਰੂ ਦਸਵੇਂ ਪਾਤਸ਼ਾਹ ਦੇ ਦਰ ਤੋਂ ਵਰੋਸਾਇਆ ਹੋਇਆ ਇਕ ਵਿਦਵਾਨ ਹਾਂ ਤੇ ਮੈਨੂੰ ਉਹਨਾਂ ਨੇ ਇਕ ਪਰਬ ਲਿਖਣ ਦਾ ਐਨਾ ਪੈਸਾ ਦੇ ਦਿੱਤਾ ਹੈ, ਮੈਨੂੰ ਐਨੀਆਂ ਚੀਜ਼ਾਂ ਦੇ ਦਿਤੀਆਂ ਹਨ ਕਿ 200 ਘੋੜ ਸਵਾਰ ਮੈਨੂੰ ਘਰ ਛੱਡਣ ਜਾ ਰਹੇ ਹਨ। ਕਿੰਨੀ ਕਦਰ ਸੀ, ਵਿਦਿਆ ਦੀ ਗੁਰੂ ਮਹਾਰਾਜ ਜੀ ਨੂੰ। ਜਿਸ ਵਕਤ ਗੁਰੂ ਮਹਾਰਾਜ ਜੀ ਨੇ ਰਾਮ ਅਵਤਾਰ ਪਰਸੰਗ ਲਿਖਵਾਇਆ ਉਸ ਵੇਲੇ 2 ਲੱਖ ਦਿਨਾਰ ਦਿਤਾ ਸੀ। ਉਹਨਾਂ ਨੇ ਆਪ ਕਿੰਨਾ ਲਿਖਿਆ ਹੈ, ਕ੍ਰਿਸ਼ਨ ਅਵਤਾਰ, 2800 ਤੋਂ ਉਤੇ ਸ਼ਬਦ ਲਿਖਿਆ, ਰਾਮਾ ਅਵਤਾਰ, ਦੇਵੀਆਂ ਦੇ ਪ੍ਰਸੰਗ ਹੋਰ ਅਨੇਕਾਂ ਜਿਹੜੇ ਗੁੰਮ ਹੋ ਗਏ, ਬੇਅੰਤ ਸਾਹਿਤ ਲਿਖਿਆ ਸੀ।

ਗੁਰੂ ਸਾਹਿਬ ਲਿਖਾਰੀਆਂ ਨੂੰ, ਤੀਰ ਅੰਦਾਜ ਨਜ਼ਰ ਨਹੀਂ ਆਉਂਦੇ, ਤਲਵਾਰ ਚਲਾਉਣ ਵਾਲੇ ਨਜ਼ਰ ਨਹੀਂ ਆਉਂਦੇ, ਉਹਨਾਂ ਨੂੰ ਇਕ ਬੜੇ ਭਾਰੀ ਸਾਹਿਤਕਾਰ ਨਜ਼ਰ ਆ ਰਹੇ ਹਨ। ਜਦੋਂ ਸੁਮੱਤਾਂ ਦਿੰਦੇ ਸਨ, ਗੁਰਮਤਿ ਦੇ ਭੇਦ ਖੋਲਦੇ ਸਨ, ਉਸ ਵੇਲੇ ਵੱਡੇ ਮਹਾਨ ਪੁਰਖ, ਆਤਮਦਰਸ਼ੀ, ਪੂਰਨ ਗਿਆਨਵਾਨ, ਬ੍ਰਹਮਗਿਆਨੀ ਲੱਗਿਆ ਕਰਦੇ ਸਨ ਤੇ ਬ੍ਰਹਮਗਿਆਨੀਆਂ ਨੂੰ ਬ੍ਰਹਮਗਿਆਨੀ ਨਜ਼ਰ ਆਇਆ ਕਰਦੇ ਸਨ। ਕਿਧਰੇ ਭਾਈ ਘਨਈਆ ਜੀ ਦੇ ਪਾਣੀ ਪਿਲਾਉਣ ਨਾਲ ਉਸ ਉਤੇ ਖੁਸ਼ ਹੋ ਕੇ ਉਸਨੂੰ ਜਖਮਾਂ ਤੇ ਲਾਉਣ ਲਈ ਮਲ੍ਹਮ-ਪੱਟੀ ਵੀ ਦੇ ਦਿੰਦੇ। ਕਹਿੰਦੇ, ਭਾਈ ਘਨਈਆ ਤੂੰ ਸਿਖੀ ਦਾ ਅਸਲੀ ਸਿਧਾਂਤ ਸਮਝ ਲਿਆ ਹੈ।

ਪੀਰ ਬੁੱਧੂ ਸ਼ਾਹ ਦੇ ਨਾਲ ਬਚਨ ਕਰਦੇ ਹੋਏ ਇਕ ਮਹਾਨ ਦਾਰਸ਼ਨਿਕ ਨਜ਼ਰ ਆ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬਹੁਪੱਖੀ ਹੈ। ਆਪ ਨੇ ਜੋ ਸਾਨੂੰ ਸਿਧਾਂਤ ਦਿੱਤਾ ਸੁਭਾਵਿਕ ਹੀ ਦਿੱਤਾ, ਜੋ ਗੁਰਬਾਣੀ ਦੇ ਉੱਤੇ ਅਧਾਰਿਤ ਹੈ ਕਿਉਂਕਿ ਕਿਸੇ ਵੀ ਗੁਰੂ ਸਾਹਿਬਾਨ ਦਾ ਕੋਈ ਵੀ ਬਚਨ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਨਹੀਂ ਜਾਂਦਾ। ਇਨ੍ਹਾਂ ਬਚਨਾਂ ਕਰਕੇ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿੱਤੇ ਗਏ ਹਾਂ, ਜੇਕਰ ਬਚਨ ਬਾਹਰ ਜਾਂਦੇ ਤਾਂ

ਸਾਡੇ ਵਾਸਤੇ ਦੁਬਿਧਾ ਪੈਦਾ ਹੋ ਜਾਣੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨੀਏ ਜਾਂ ਕਿ ਗੁਰੂ ਦਸਵੇਂ ਪਾਤਸ਼ਾਹ ਜੀ ਦੇ ਬਚਨਾਂ ਨੂੰ ਮੰਨੀਏ। ਮਿਲਾਵਟਾਂ ਹੋ ਸਕਦੀਆਂ ਹਨ, ਗਲਤਫਹਿਮੀ ਹੋ ਸਕਦੀ ਹੈ ਪਰ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਜਾਣ ਵਾਲਾ ਸਿਧਾਂਤ ਮੰਨਣਯੋਗ ਨਹੀਂ ਹੈ ਕਿਉਂਕਿ ਆਪ ਦਾ ਤਾਂ ਐਸਾ ਫੁਰਮਾਨ ਹੈ –

***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,***
***ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿੰਗੇ॥***
***ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈਂ,***
***ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥***
***ਜੈਸੇ ਏਕ ਨਦ ਤੇ, ਤਰੰਗ ਕੋਟ ਉਪਜਤ ਹੈ***
***ਪਾਨ ਕੇ ਤਰੰਗ, ਸਬੈ ਪਾਨ ਹੀ ਕਹਾਹਿੰਗੇ॥***
***ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ,***
***ਤਾਹੀ ਤੇ ਉਪਜ, ਸਬੈ ਤਾਹੀ ਮੈ ਸਮਾਹਿੰਗੇ॥***

***(ਅਕਾਲ ਉਸਤਤਿ)***

ਹਜਾਰਾਂ ਚਿੰਗਾਰੀਆਂ ਇਕ ਅੱਗ ਵਿਚੋਂ ਉਠਦੀਆਂ ਨੇ, ਜਾਣਾ ਕਿਥੇ ਹੈ? ਉਹ ਚਿੰਗਾਰੇ ਫੇਰ ਅੱਗ ਵਿਚ ਸਮਾਂ ਜਾਂਦੇ ਹਨ। ਧੂਰ ਉਡਦੀ ਹੈ, ਅਸਮਾਨ ਤੇ ਚੜ੍ਹ ਗਈ, ਮੁੜਕੇ ਕਿਥੇ ਜਾਂਦੀ ਹੈ? ਧਰਤੀ ਤੇ ਫੇਰ ਆ ਜਾਂਦੀ ਹੈ। ਕਰੋੜਾ ਤਰੰਗਾਂ ਉਠ ਰਹੀਆਂ ਨੇ ਸਮੁੰਦਰ ਦੇ ਉੱਤੇ ਤੇ ਉਹ ਜਾਂਦੀਆਂ ਕਿਥੇ ਹਨ? ਸਭ ਸਮੁੰਦਰ ਵਿਚ ਸਮਾ ਜਾਂਦੀਆਂ ਹਨ।

ਸੋ ਇਹ ਉਸਦੀ ਕਿਰਿਆ ਹੈ, ਕਿਤੇ ਸੁੱਤਾ ਪਿਆ ਹੈ, ਕਿਤੇ ਬਹੁਤ ਹੀ ਚੇਤਨ ਹੋਇਆ ਪਿਆ ਹੈ। ਕਿਤੇ ਮਹਾਰਾਜਿਆਂ ਨੂੰ ਦਿੰਦਾ ਹੈ, ਕਿਤੇ ਮਹਾਰਾਜਿਆਂ ਤੋਂ ਖੋਹ ਲੈਂਦਾ ਹੈ। ਸਾਰੇ ਰੂਪ ਉਸ ਦੇ ਹੀ ਹਨ, ਕਿਤੇ ਵੇਦ-ਸ਼ਾਸਤਰਾਂ, ਧਰਮ ਗ੍ਰੰਥਾਂ ਨੂੰ ਮੰਨਦਾ ਹੈ ਕਿਧਰੇ ਇਸ ਤੋਂ ਬਿਲਕੁਲ ਹੀ ਵਿਪਰੀਤ ਹੋਇਆ ਹੈ। ਮਹਾਰਾਜ ਕਹਿੰਦੇ, ਇਹ ਸਾਰੇ ਦਵੈਤ ਦੇ ਕੰਮ ਕਰਦਾ ਹੋਇਆ ਵੀ ਸਾਨੂੰ ਫਰਕ ਨਹੀਂ ਲੱਗਦਾ।

......... ***ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥***
***ਅਕਾਲ ਉਸਤਤਿ***

ਹੇ ਵਾਹਿਗੁਰੂ! ਆਪ ਭੂਤ, ਭਵਿੱਖਤ ਤੇ ਵਰਤਮਾਨ ਵਿਚ ਅਤੇ ਹਰ ਥਾਂ ਇਕੋ ਜਿਹੇ ਲਗਦੇ ਹੋ।

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਪੰਨਾ – 1291***

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

***ਜਾਪੁ ਸਾਹਿਬ***

ਐਸਾ ਜੋ ਗੁਰੂ ਹੈ, ਜਿਸਦੀ ਨਿਗਾਹ ਦੇ ਅੰਦਰ ਦੂਜਾ ਹੈ ਹੀ ਕੋਈ ਨਹੀਂ, ਫੇਰ ਉਸ ਦੇ ਬਾਰੇ ਇਹੋ ਜਿਹੀਆਂ ਗੱਲਾਂ ਲਿਖਣੀਆਂ, ਜਿਵੇਂ ਬੜਾ ਭਾਰੀ ਦੁਸ਼ਮਨ ਹੁੰਦਾ ਹੈ। ਕਈ ਲਿਖਾਰੀਆਂ ਨੇ ਤਾਂ ਐਂ ਕਹਿ ਦਿੱਤਾ ਕਿ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਮੁਸਲਮਾਨਾਂ ਦੇ ਖਿਲਾਫ ਸੀ। ਮਹਾਰਾਜ ਕਹਿੰਦੇ, ਅਸੀਂ ਕਿਸੇ ਦੇ ਖਿਲਾਫ ਨਹੀਂ। ਜੇ ਮੁਸਲਮਾਨਾਂ ਦੇ ਖਿਲਾਫ ਹੁੰਦੇ ਤਾਂ ਗੁਰੂ ਨਾਨਕ ਦੇਵ ਜੀ ਨੇ ਸਾਰੀ ਜਿੰਦਗੀ ਮੁਰਦਾਨਾ ਨਾਲ ਰਖਿਆ ਤੇ ਰਾਗੀ ਸਾਰੇ ਹੀ ਮੁਸਲਮਾਨ ਹੋਇਆ ਕਰਦੇ ਸੀ ਤੇ ਉਹ ਗੁਰੂ ਦਰਾਬਰ ਵਿਚ ਕੀਰਤਨ ਕਰਿਆ ਕਰਦੇ ਸੀ।

ਪਾਉਂਟੇ ਸਾਹਿਬ ਗੁਰੂ ਮਹਾਰਾਜ ਜੀ ਦਾ ਅਕਾਰਨ ਯੁੱਧ ਛਿੜ ਗਿਆ ਤੇ ਜਿਹੜੇ ਪਠਾਨ ਨੌਕਰ ਰੱਖੇ ਸੀ, ਉਹ ਧੋਖਾ ਦੇ ਗਏ, ਰਿਸ਼ਵਤ ਦੇ ਵਿਚ ਆ ਗਏ ਤੇ ਪਹਾੜੀ ਰਾਜਿਆਂ ਨਾਲ ਮਿਲ ਗਏ। ਉਸ ਵੇਲੇ ਕੌਣ ਸੀ ਜਿਸ ਨੇ ਜੰਗ ਦੇ ਸੰਕਟ ਵਿਚ ਸਾਥ ਦਿੱਤਾ, ਉਹ ਪੀਰ ਬੁੱਧੂ ਸ਼ਾਹ ਸੀ ਜੋ 700 ਮੁਰੀਦ ਲੈ ਕੇ ਮੈਦਾਨੇ ਜੰਗ ਵਿਚ ਆ ਕੇ ਗੁਰੂ ਜੀ ਦੀ ਮੱਦਦ ਕੀਤੀ। ਆਪਣੇ ਦੋ ਪੁੱਤਰ, ਇਕ ਸਾਲਾ ਇਸ ਲੜਾਈ ਦੀ ਭੇਟਾ ਚਾੜ੍ਹ ਦਿੱਤਾ ਤੇ ਜਦੋਂ ਗੁਰੂ ਸਾਹਿਬ ਪ੍ਰਸੰਨ ਹੋ ਕੇ ਕਹਿਣ ਲੱਗੇ ਕਿ ਬੁੱਧੂਸ਼ਾਹ ਤੂੰ ਕੁਛ ਮੰਗ ਤਾਂ ਸਹੀ ਤਾਂ ਕਹਿੰਦਾ, ਮਹਾਰਾਜ! ਮੈਂ ਕੀ ਮੰਗਾ, ਮੈਨੂੰ ਜੋ ਤੁਸੀਂ ਦੇਣਾ ਸੀ ਦੇ ਦਿੱਤਾ, ਇਸ ਤੋਂ ਅੱਗੇ ਮੈਂ ਹੋਰ ਕੀ ਮੰਗ ਸਕਦਾ ਹਾਂ। ਆਪ ਨੇ ਤਾਂ ਆਬ-ਏ-ਹਿਆਤ ਦਾ ਜਾਮ ਮੇਰੇ ਪੁੱਤਰਾਂ ਨੂੰ ਪਿਲਾ ਦਿੱਤਾ, ਮੇਰੇ ਮੁਰੀਦਾਂ ਨੂੰ ਪਿਲਾ ਦਿੱਤਾ ਤੇ ਉਸ ਬਾਰਗਾਹ ਖੁਦਾ ਦੇ ਵਿਚ ਉਹਨਾਂ ਦਾ ਦਾਖਲਾ ਕਰਾ ਦਿੱਤਾ। ਹੁਣ ਦੱਸੋ, ਮੈਨੂੰ ਇਸ ਤੋਂ ਜਿਆਦਾ ਵੱਡਾ ਕੁਛ ਮੰਗਣ ਨੂੰ ਕੀ ਹੈ? ਕਹਿਣ ਲੱਗੇ, ਨਹੀਂ ਮੰਗ ਸਾਡਾ ਮੰਨ ਪ੍ਰਸੰਨ ਹੁੰਦਾ ਹੈ। ਕਹਿੰਦਾ, ਪਾਤਸ਼ਾਹ ਜੇ ਮੈਨੂੰ ਕੁਛ ਦੇਣਾ ਹੈ ਤਾਂ ਇਹ ਜਿਹੜੇ ਕੰਘੇ ਵਿਚ ਕੇਸ ਹਨ ਜਾਂ ਰੋਮ ਟੁੱਟ ਕੇ ਆ ਗਏ ਹਨ ਇਹ ਕ੍ਰਿਪਾ ਕਰਕੇ ਮੈਨੂੰ ਦੇ ਦਿਓ। ਮੇਰੇ ਵਾਸਤੇ ਇਹ ਸਾਰੇ ਕੇਸ ਤਿੰਨਾਂ ਲੋਕਾਂ ਦੀ ਦੌਲਤ ਹੈ। ਸਾਧ ਸੰਗਤ ਜੀ! ਜੇ ਉਸਦੇ ਮਨ ਵਿਚ ਪਛਤਾਵਾ ਹੁੰਦਾ ਤਾਂ ਫੇਰ ਉਹ ਇਸ ਤਰ੍ਹਾਂ ਦੇ ਬਚਨ ਨਾ ਕਰਦਾ। ਉਹ ਮਹਾਂ ਪ੍ਰਸੰਨ ਸੀ ਕਿ ਮੇਰੇ ਪੁੱਤਰ ਧਰਮ ਦੇ ਲੇਖੇ ਲੱਗ ਗਏ ਕਿਉਂਕਿ ਉਹ ਵੇਖਦਾ ਸੀ ਅਧਰਮ ਵਾਲਿਆਂ ਨੇ ਧਰਮ ਦਾ ਜੋ ਬੂਟਾ ਪੱਨਪ ਰਿਹਾ ਹੈ, ਉਸਦੀ ਜੜ੍ਹ ਉਖੇੜਨ ਵਾਸਤੇ ਹੱਲਾ ਕਰ ਦਿੱਤਾ ਸੀ। ਮਹਾਰਾਜ ਕਹਿੰਦੇ ਹਨ –

***ਫਤੇ ਸਾਹ ਕੋਪਾ ਤਬਿ ਰਾਜਾ।***
***ਲੋਹ ਪਰਾ ਹਮ ਸੋ ਬਿਨੁ ਕਾਜਾ।*** ***ਬਚਿਤ੍ਰ ਨਾਟਕ***

ਬਗੈਰ ਕਿਸੀ ਮਤਲਬ ਦੇ ਸਾਡੇ ਤੇ ਹਮਲਾ ਕਰ ਦਿੱਤਾ। ਕੋਈ ਮਤਲਬ ਨਹੀਂ ਸੀ। ਨਾ ਅਸੀਂ ਕਿਸੇ ਨੂੰ ਕੁਛ ਕਹਿੰਦੇ ਸੀ। ਸਾਡਾ ਤਾਂ ਰੋਜ ਦਾ ਨਾਹਰਾ ਇਹ ਸੀ ਕਿ –

*ਨਾਨਕ ਨਾਮ ਚੜ੍ਹਦੀ ਕਲਾ।*
*ਤੇਰੇ ਭਾਣੇ ਸਰਬਤ ਦਾ ਭਲਾ।*

ਗੁਰੂ ਮਹਾਰਾਜ ਤਾਂ ਰਾਜੇ ਦਾ ਵੀ ਭਲਾ ਮੰਗਦੇ ਸੀ, ਪ੍ਰਜਾ ਦਾ ਵੀ ਭਲਾ ਮੰਗਦੇ ਸੀ, ਮਾੜੇ ਬੰਦਿਆਂ ਦਾ ਵੀ ਮੰਗਦੇ ਸੀ, ਚੰਗਿਆਂ ਦਾ ਵੀ ਮੰਗਦੇ ਸੀ। ਰਾਜੇ ਨੂੰ ਗੁਰੂ ਮਹਾਰਾਜ ਜੀ ਨਾਲ ਯੁੱਧ ਕਰਨ ਦੀ ਕਾਹਦੀ ਕਾਹਲ ਸੀ ਜਦ ਕਿ ਗੁਰੂ ਮਹਾਰਾਜ ਨੇ ਉਸਦੀ ਲੜਕੀ ਨੂੰ ਆਪਣੀ ਲੜਕੀ ਸਮਝਕੇ, ਲੜਕੀ ਦੇ ਵਿਆਹ ਤੇ 3 ਲੱਖ ਦਾ ਤੰਬੋਲ ਭੇਜਿਆ ਸੀ ਜੋ ਅਜ ਕਲ੍ਹ 3 ਕਰੋੜ ਦਾ ਹੈ। ਬਹੁਤ ਜਿਆਦਾ ਤੋਹਫੇ ਭੇਜੇ, ਤੇ ਉਹ ਬਗੈਰ ਕਿਸੇ ਕਾਰਨ ਤੋਂ ਕਿਉਂ ਸਾਡੇ ਉੱਤੇ ਫੌਜਾਂ ਨਾਲ ਹਮਲਾ ਕਰਦਾ ਹੈ। ਹਮਲੇ ਦੇ ਮੁਕਾਬਲੇ ਦੇ ਦੋ ਤਰੀਕੇ ਹਨ, ਇਕ ਤਾਂ ਚੌਂਕੜੇ ਮਾਰਕੇ ਬੈਠ ਜਾਣਾ, ਗੱਲ ਵੱਢਾ ਲੈਣੇ, ਇਸਦੇ ਨਾਲ ਜਿਹੜਾ ਦੁਸ਼ਮਨ ਹੈ ਹੋਰ ਅੱਗੇ ਵੱਧਦਾ ਹੈ ਕਿਉਂਕਿ ਉਹ ਕਸਾਈ ਬਣ ਜਾਂਦਾ ਹੈ ਕਿ ਇਹ ਤਾਂ ਮੈਥੋਂ ਡਰ ਗਿਆ।

ਦੂਸਰਾ ਹੈ ਕਿ ਮਰਦਾਨਗੀ ਨਾਲ ਟਾਕਰਾ ਕਰਨਾ, ਆਪਣੀ ਕੁਰਬਾਨੀ ਦੇਣੀ ਤੇ ਜ਼ੁਲਮ ਨੂੰ ਰੋਕ ਦੇਣਾ। ਜ਼ਾਲਮ ਦੇ ਹਿਰਦੇ ਦੇ ਵਿਚ ਡਰ ਪੈਦਾ ਕਰ ਦੇਣਾ, ਉਸਨੇ ਡਰਨਾ, ਕਿ ਇਹ ਤਾਂ ਮੈਥੋਂ ਵੀ ਬਹੁਤ ਤਕੜੇ ਨੇ, ਮੇਰਾ ਇਹ ਕੰਮ ਚਲਣਾ ਨਹੀਂ। ਜੇਕਰ ਹਲਕੇ ਹੋਏ ਕੁੱਤੇ ਵੱਢਣ ਲੱਗ ਜਾਣ ਤਾਂ ਫੇਰ ਘਰ ਦੇ ਬੰਦਿਆਂ ਨੂੰ ਕੋਈ ਚਾਰਾ ਕਰਨਾ ਪੈਂਦਾ ਹੈ ਕਿ ਆਪਣਾ ਆਪ ਬਚਾਓ, ਇਹਨਾਂ ਨੇ ਤਾਂ ਚੱਕ ਮਾਰ ਦੇਣੈ ਤੇ ਅਸੀਂ ਜ਼ਖਮੀ ਹੋ ਜਾਣੈ, ਫੇਰ ਅਸੀਂ ਹਲਕ ਜਾਵਾਂਗੇ। ਜੇਕਰ ਕੁੱਤੇ ਨੂੰ ਮਾਰ ਦਿਤਾ ਜਾਵੇ ਤਾਂ ਕੇਵਲ ਅਸੀਂਓ ਨਹੀ ਬਚਣਾ ਸਗੋਂ ਬੇਅੰਤ ਹੋਰ ਵੀ ਬੱਚ ਜਾਣਗੇ। ਦੁਨੀਆਂ ਅੰਦਰ ਗੁਰੂ ਸਾਹਿਬ ਦੇ ਜੰਗਾਂ ਦੇ ਬਾਰੇ ਬੜੇ ਖਿਆਲ ਨੇ ਪਰੰਤੂ ਗੁਰੂ ਮਹਾਰਾਜ ਜੀ ਨੇ ਇਕ ਇੰਚ ਵੀ ਕਿਸੀ ਥਾਂ ਤੇ ਕਦੇ ਕਬਜਾ ਨਹੀਂ ਸੀ ਕਰਿਆ। ਜੇ ਚਾਹੁੰਦੇ ਤਾਂ ਜਦੋਂ 22 ਧਾਰ ਦੇ ਰਾਜਿਆਂ ਨੂੰ ਹਾਰ ਦੇ ਦਿੱਤੀ ਸੀ, ਉਸ ਵੇਲੇ ਹੀ ਉਹਨਾਂ ਦੀਆਂ ਰਾਜਧਾਨੀਆਂ ਤੇ ਕਬਜਾ ਕਰ ਲੈਂਦੇ ਤੇ ਉਹਨਾਂ ਦੇ ਹੱਥ ਵਿਚ ਪੈਸਾ ਵੀ ਆ ਜਾਂਦਾ ਤੇ ਬੇਅੰਤ ਫੌਜਾਂ ਵੀ ਭਰਤੀ ਕਰ ਸਕਦੇ ਸਨ। ਪਹਾੜ ਦੀ ਓਟ ਵੀ ਜ਼ਬਰਦਸਤ ਮਿਲ ਜਾਂਦੀ। 12, 13 ਲੜਾਈਆਂ ਵਿਚ ਪਹਾੜੀ ਰਾਜੇ ਹਾਰਦੇ ਰਹੇ ਜੇ ਉਹ ਚਾਹੁੰਦੇ ਤਾਂ ਉਹਨਾਂ ਦੀ ਜਾਇਦਾਦ ਤੇ ਕਬਜਾ ਕਰ ਲੈਂਦੇ ਤੇ ਉਹਨਾਂ ਨੂੰ ਉਠਣ ਹੀ ਨਾ ਦਿੰਦੇ। ਲੇਕਿਨ ਆਪ ਨੇ ਇਹ ਗੱਲਾਂ ਨਹੀਂ ਕਰੀਆਂ, ਕਿਉਂਕਿ ਆਪ ਯੁੱਧ ਜੰਗ ਨਹੀਂ ਸੀ ਕਰਨਾ ਚਾਹੁੰਦੇ। ਆਪ ਸੰਸਾਰ ਨੂੰ ਸਿੱਧੇ ਰਾਹ ਤੇ ਪਾਉਣਾ ਚਾਹੁੰਦੇ ਸੀ। ਸੰਸਾਰ ਅਧਰਮ ਵਿਚ ਜਿਆਦਾ ਚਲਾ ਗਿਆ ਸੀ। ਅਕਾਲ ਪੁਰਖ ਨੇ ਜਦੋਂ ਸੰਸਾਰ ਤੇ ਭੇਜੇ, ਪਹਿਲਾਂ ਹੀ ਸਪਸ਼ਟ ਕਰ ਦਿੱਤਾ ਸੀ ਕਿ ਤੁਸੀਂ ਸੰਸਾਰ ਤੇ ਜਾ ਕੇ ਕੀ ਕੁਛ ਕਰਨਾ ਹੈ। ਉਸਦੇ ਬਾਰੇ ਅਸੀਂ ਤੁਹਾਨੂੰ ਇਸ਼ਾਰੇ ਦਿੰਦੇ ਹਾਂ ਕਿ ਮੈਂ ਸੰਸਾਰ ਤੇ ਜਿੰਨੇ ਵੀ ਅੱਜ ਤਕ ਭੇਜੇ ਹਨ ਆਪਣੀ ਪੂਜਾ ਤਾਂ ਕਰਾ ਲਈ ਤੇ ਆਪ ਹੀ ਮੂਹਰੇ ਹੋ ਗਏ ਤੇ ਜੋ ਮੈਂ ਪਰੀਪੂਰਨ ਸੰਸਾਰ ਦਾ ਪ੍ਰਮੇਸ਼ਰ ਹਾਂ ਜਿੰਨੇ ਸਭ ਪੈਦਾ ਕਰੇ ਨੇ, ਉਹਨੂੰ ਕੋਈ ਨਹੀਂ ਦ੍ਰਿੜ ਕਰਾਇਆ ਸਗੋਂ ਆਪ ਦੀ ਪੂਜਾ ਕਰਾ ਲਈ। ਆਪ ਹੀ ਮੂਹਰੇ ਆ ਗਏ, ਆਪ ਹੀ ਭਗਵਾਨ ਬਣ ਗਏ ਤੇ ਪ੍ਰਮੇਸ਼ਰ ਦੇ ਲੜ੍ਹ ਨਹੀਂ ਲਾਇਆ।

ਆਪਸ ਵਿਚ ਏਕਤਾ ਨਹੀਂ ਲਿਆਂਦੀ, ਆਪਸ ਵਿਚ ਵੈਰ ਵਧਾ ਦਿੱਤਾ। ਜਿੰਨੀਆਂ ਵੀ ਸੰਪਰਦਾਵਾਂ ਤੁਰੀਆਂ ਆਪਸ ਵਿਚ ਲੜ੍ਹ ਪਈਆਂ, ਜਿੰਨੇ ਪੰਥ ਚਲੇ ਉਹ ਆਪਸ ਵਿਚ ਜੰਗ ਕਰਦੇ ਰਹੇ, ਇਕ ਦੂਜੇ ਨੂੰ ਮਾਰਨ ਵਾਸਤੇ ਧਰਮ ਦਾ ਨਾਮ ਲੈਂਦੇ ਰਹੇ, ਇਕ ਦੂਜੇ ਦਾ ਖੂਨ ਵਹਾ ਕੇ ਕਹਿੰਦੇ ਸਨ ਕਿ ਅਸੀਂ ਧਰਮ ਦਾ ਕੰਮ ਕਰ ਰਹੇ ਹਾਂ।

ਆਪਣੇ ਪਤਿਆਂ ਤੋਂ ਦਰਖਤ ਜਲਣ ਲਗ ਗਿਆ। ਰੱਬ ਦੇ ਰਸਤੇ ਤਾਂ ਕੋਈ ਨਹੀਂ ਚਲਦਾ। ਕੋਈ ਪਰਬਤਾਂ ਨੂੰ ਮੱਥੇ ਟੇਕਦਾ ਹੈ, ਕੋਈ ਦਰਖਤਾਂ ਨੂੰ ਟੇਕਦਾ ਹੈ ਕਿਸੇ ਨੇ ਸੱਪ ਨੂੰ ਸੀਸ ਨਿਵਾ ਦਿੱਤਾ, ਕਿਸੇ ਨੇ ਮਾਤਾ ਪਾਣੀ ਵਰਗੀ ਬਿਮਾਰੀ ਨੂੰ ਮੱਥਾ ਟੇਕ ਦਿੱਤਾ, ਕੋਈ ਸੂਰਜ ਨੂੰ ਮੱਥਾ ਟੇਕੀ ਜਾਂਦਾ ਹੈ, ਕੋਈ ਚੰਦਰਮਾ ਨੂੰ ਸਤਿ ਸ੍ਰੀ ਅਕਾਲ ਬੁਲਾਈ ਜਾਂਦਾ ਹੈ। ਕੋਈ ਤਾਰਿਆਂ ਨੂੰ ਮੱਥਾ ਟੇਕਦਾ ਹੈ, ਕੋਈ ਧਰਮਰਾਜੇ ਦੀ ਪੂਜਾ ਕਰਦਾ ਹੈ, ਕੋਈ ਹਨੂੰਮਾਨ ਦੀ ਕਰਦੈ, ਕੋਈ ਭੈਰੋ ਦੀ ਕਰਦਾ ਹੈ। ਹਨ੍ਹੇਰ ਗ਼ਬਾਰ ਛਾ ਗਿਆ, ਰੱਬ ਤਾਂ ਲਾਂਭੇ ਹੀ ਛੱਡ ਦਿੱਤਾ।

ਸਰਵਰੀਆ ਪੀਰ ਸੀ, ਜਿਨ੍ਹਾਂ ਨੂੰ ਸੁਲਤਾਨੀਆਂ ਕਹਿੰਦੇ ਹਨ। ਉਸਦਾ ਨਾਂ ਅਹਮਦ ਸੀ। ਇਸਨੇ ਚਿਲੇ ਕੱਟ ਲਏ ਤੇ ਇਸਨੂੰ ਥੋੜੀ ਜੀ ਸਿੱਧੀ ਆ ਗਈ। ਸਾਰੇ ਹੀ ਪੰਜਾਬ ਨੂੰ ਆਪਣੇ ਪਿੱਛੇ ਲਾ ਲਿਆ, ਕਬਰ ਦੀ ਪੂਜਾ ਕਰਵਾਉਣੀ ਸ਼ੁਰੂ ਕਰ ਦਿੱਤੀ। ਰੱਬ ਤਾਂ ਭੁੱਲ ਹੀ ਗਿਆ।

ਗੋਰਖ ਵਗੈਰਾ ਕੋਲ ਸਿੱਧੀ ਆ ਗਈ, ਉਹ ਆਪਣੀ ਪੂਜਾ ਕਰਵਾਉਣ ਲੱਗ ਪਏ। ਰੱਬ ਦੇ ਰਾਹ ਤੋਂ ਕੋਈ ਨਹੀਂ ਆਉਂਦਾ।

ਘਟ ਘਟ ਵਿਚ ਵਿਆਪਕ ਜੋ ਪ੍ਰਮੇਸ਼ਰ ਸੀ, ਉਹ ਕਿਸੇ ਨੇ ਨਹੀਂ ਪਹਿਚਾਣਿਆ।

ਆਪਣੇ ਆਪ ਵਿਚ ਉਲਝ ਗਏ, ਆਪਣੇ ਆਪਣੇ ਧਰਮ ਬਣਾ ਲਏ, ਪੰਥ ਬਣਾ ਲਏ। ਰੱਬ ਨੂੰ ਕਿਸੇ ਨੇ ਪਹਿਚਾਣਿਆ ਹੀ ਨਹੀਂ, ਵਾਹਿਗੁਰੂ ਜੀ ਨੇ ਆਪ ਨੂੰ ਕਿਹਾ ਕਿ ਤੁਸੀਂ ਸੰਸਾਰ ਤੇ ਜਾਓ।

*ਮੈ ਅਪਨਾ ਸੁਤ ਤੋਹਿ ਨਿਵਾਜਾ।*
*ਪੰਥ ਪ੍ਰਚੁਰ ਕਰਬੇ ਕਉ ਸਾਜਾ।*
*ਜਹਾ ਤਹਾ ਤੈ ਧਰਮੁ ਚਲਾਇ।*
*ਕਬੁਧਿ ਕਰਨ ਤੇ ਲੋਕ ਹਟਾਇ॥*

***ਅਕਾਲ ਪੁਰਖ ਬਾਚ (ਚੌਪਈ)***

ਆਹ ਜਿਹੜੇ ਕਬੁੱਧੀਆਂ ਕਰ ਰਹੇ ਨੇ ਇਹਨਾਂ ਨੇ ਇਹ ਪਹਿਚਾਨ ਨਹੀਂ ਕਰਵਾਈ ਕਿ ਪਾਰਬ੍ਰਹਮ ਪ੍ਰਮੇਸ਼ਰ ਘਟ ਘਟ ਦੇ ਵਿਚ ਵਸਦਾ ਹੈ, ਹਰੇਕ ਦੇ ਅੰਦਰ ਵਸਦਾ ਹੈ, ਇਹਨਾਂ ਨੇ ਇਸ ਦੀ ਪਹਿਚਾਣ ਨਾ ਕਰਵਾਉਣ ਕਰਕੇ ਸਾਰਿਆਂ ਨੇ ਰੱਬ ਨੂੰ ਬਾਹਰ ਕੱਢ ਦਿਤਾ। ਮਹਾਰਾਜ ਕਹਿੰਦੇ ਸਾਰਿਆਂ ਦੇ ਅੰਦਰ ਵਸਦਾ ਹੈ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥* ***ਪੰਨਾ - 1263***

ਕਹਿੰਦੇ, ਪਿਆਰਿਆ! ਤੂੰ ਵੀ ਉਥੇ ਹੀ ਵਸਦਾ ਹੈ, ਰੱਬ ਵੀ ਉਥੇ ਹੀ ਵਸਦਾ ਹੈ। ਹਉਮੈ ਦੀ ਕੰਧ ਹੋਣ ਕਰਕੇ, ਇਕ ਦੂਜੇ ਨਾਲ ਤੁਸੀਂ ਮਿਲਦੇ ਨਹੀਂ।

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥*

***ਪੰਨਾ - 634***

*ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥*

***ਪੰਨਾ - 1263***

ਪੂਰਾ ਸਤਿਗੁਰ ਮਿਲ ਜਾਂਦਾ ਹੈ, ਜਦੋਂ ਪੂਰਾ ਸਤਿਗੁਰੂ ਸ਼ਬਦ ਦੇ ਦਿੰਦਾ ਹੈ, ਸ਼ਬਦ ਦੇ ਬਲ ਨਾਲ ਹਉਮੈ ਦੀ ਕੰਧ ਟੁੱਟ ਜਾਂਦੀ ਹੈ।

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*

***ਪੰਨਾ - 954***

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥*

***ਪੰਨਾ - 947***

ਪਾਰਬ੍ਰਹਮ ਪ੍ਰਮੇਸ਼ਰ ਕਹਿਣ ਲੱਗੇ, ਮੈਨੂੰ ਕਿਸੇ ਨੇ ਨਹੀਂ ਪਹਿਚਾਨਿਆ, ਮੈਂ ਹਰੇਕ ਦੇ ਅੰਦਰ ਵਸਦਾ ਹਾਂ ਤੇ ਉਹਨਾਂ ਨੇ ਮੇਰਾ ਗਿਆਨ ਕਿਸੇ ਨੂੰ ਨਹੀਂ ਦਿੱਤਾ ਤੇ ਆਪਣਾ ਵਜੂਦ ਅੱਗੇ ਲੈ ਆਂਦਾ। ਆਪਣੇ ਹੀ ਕਿਰਿਆ ਕਰਮ ਸਿੱਖਾ ਦਿੱਤੇ। ਸ਼ਕਲ ਤੋਂ ਬੇਸ਼ਕਲ ਬਣਾ ਦਿੱਤੀ, ਕਿਸੇ ਨੇ ਕੇਸ ਸਾਰੇ ਹੀ ਉਤਰਵਾ ਦਿੱਤੇ, ਕਿਸੇ ਨੇ ਲਬਾਂ ਕੱਟਵਾ ਦਿਤੀਆਂ, ਕਿਸੇ ਨੇ ਕੁਛ, ਕਿਸੇ ਨੇ ਕੁਛ, ਕਿਸੇ ਨੇ ਮੁੰਦਰਾਂ ਪਾ ਲਈਆਂ, ਨਵੀਂ ਸ਼ਕਲ ਬਣਾ ਦਿੱਤੀ। ਉਹ ਅਸਲੀ ਚੀਜ਼ ਨੂੰ ਭੰਨ ਤੋੜ ਦਿੱਤਾ। ਮੇਰਾ ਗਿਆਨ ਤਾਂ ਦਿੱਤਾ ਨਹੀਂ, ਆਪਣਾ ਹੀ ਦੇ ਦਿੱਤਾ, ਜਿਹੜਾ ਜਿਹੜਾ ਵੀ ਹੋਇਆ ਹੈ।

ਕਹਿੰਦੇ, ਤੁਸੀਂ ਜਾਓ ਸੰਸਾਰ ਨੂੰ ਦੱਸੋ, ਮੈਂ ਕਿਸੀ ਤੋਂ ਦੂਰ ਨਹੀਂ ਹਾਂ, ਸਭ ਦੇ ਅੰਦਰ ਰਹਿੰਦਾ ਹਾਂ।

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥*

***ਪੰਨਾ - 1033***

ਹਰ ਸਰੀਰ ਵਿਚ ਮੈਂ ਆਪਣੀ ਨਿਰਮਲ ਥਾਂ ਰਖੀ ਹੋਈ ਹੈ।

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥*

***ਪੰਨਾ - 1033***

ਜਦ ਤਕ ਸਮਰੱਥ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ, ਉਹ ਮੇਰੇ ਤਕ ਨਹੀਂ ਪਹੁੰਚ ਸਕਦਾ ਕਿਉਂਕਿ ਬਜਰ ਕਪਾਟ ਲੱਗੇ ਹੋਏ ਨੇ ਤੇ ਮੈਂ ਚਾਬੀ ਗੁਰੂ ਨੂੰ ਦਿੱਤੀ ਹੋਈ ਹੈ।

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥*

***ਪੰਨਾ - 205***

ਇਹਨਾਂ ਨੂੰ ਜਾ ਕੇ ਦਸੋ ਕਿ ਮੈਂ ਆਪਣੇ ਦਰ ਦੀ ਚਾਬੀ ਸਤਿਗੁਰੂ ਨੂੰ ਦਿੱਤੀ ਹੋਈ ਹੈ। ਕਿਉਂਕਿ ਸੰਸਾਰ ਦੁਖੀ ਹੋ ਰਿਹਾ ਹੈ, ਮੈਂ ਦੂਰ ਨਹੀਂ ਹਾਂ, ਮੈਂ ਸਭ ਦੇ ਘਰ ਹੁੰਦਾ ਹਾਂ। ਮੇਰੇ ਗਿਆਨ ਤੋਂ ਬਗੈਰ ਮਨ ਦੇ ਅੰਦਰ ਹਨ੍ਹੇਰਾ ਰਹੇਗਾ। ਆਪਸ ਵਿਚ ਲੜਨਗੇ ਤੇ ਦੁਖੀ ਹੋਣਗੇ।

*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥* ***ਪੰਨਾ - 124***

ਜੇ ਪੂਰੇ ਭਾਗ ਹੋਣ ਤਾਂ ਸਤਿਗੁਰ ਮਿਲਦਾ ਹੈ। ਸਤਿਗੁਰੂ ਨੂੰ ਕਲਜੁਗ ਦੇ ਅੰਦਰ ਭੇਜਿਆ ਗਿਆ ਹੈ। ਅਕਾਲ ਪੁਰਖ ਦਾ ਹੁਕਮ ਹੈ, ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੂੰ ਗੁਰੂ ਪ੍ਰਮੇਸ਼ਰ। ਇਹ ਜੋ ਮੇਰਾ ਸਰੂਪ ਹੈ, ਮੈਂ ਤੈਨੂੰ ਦੱਸਦਾ ਹਾਂ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

***ਪੰਨਾ - 1***

ਤੂੰ ਸੰਸਾਰ ਨੂੰ ਸਮਝਾ ਕਿ ਮੈਂ ਕਲਪਤ ਚਿੱਤਰਾਂ ਦੇ ਅੰਦਰ ਨਹੀਂ ਹਾਂ, ਮੇਰਾ ਕੋਈ ਰੂਪ ਨਹੀਂ ਹੈ, ਰੰਗ ਨਹੀਂ ਹੈ, ਭੇਸ ਨਹੀਂ ਹੈ।

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*

***ਜਾਪ ਸਾਹਿਬ***

ਕਹਿਣ ਲੱਗੇ, ਮੇਰਾ ਕੋਈ ਰੂਪ, ਰੰਗ ਨਹੀਂ ਹੈ, ਮੈਂ

ਬੋਲੀ ਵਿਚ ਨਹੀਂ ਆਉਂਦਾ, ਮੈਂ ਦੁਨੀਆਂ ਦੀਆਂ ਚੀਜ਼ਾਂ ਵਾਂਗ ਸਮਝਿਆਂ ਹੋਇਆਂ, ਸਮਝਿਆ ਨਹੀਂ ਜਾ ਸਕਦਾ।

*ਨਹੀ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥*
*ਕਹਾ ਨਾਮ ਤਾਕੋ ਤਹਾ ਕੈ ਕਹਾਵੈ॥*
*ਕਹਾ ਮੈ ਬਖਾਨੋ ਕਹੇ ਮੋ ਨ ਆਵੈ॥*

***ਅਕਾਲ ਉਸਤਤਿ***

ਇਸ ਜੀਵ ਦਾ ਜੋ ਸਰੂਪ ਹੈ, ਮੈਂ ਉਸਦੇ ਅੰਦਰ ਵੱਸ ਰਿਹਾ ਹਾਂ, ਉਹੀ ਸਰੂਪ ਮੇਰਾ ਹੈ। ਮੇਰੇ ਤੋਂ ਦੁਨੀਆਂ ਭਟਕ ਗਈ ਹੈ, ਬਹੁਤ ਅੰਧਕਾਰ ਵਿਚ ਆ ਗਈ ਹੈ। ਇਹਨਾਂ ਦੇ ਅੰਦਰ ਕਬੁੱਧ ਆ ਗਈ ਹੈ ਇਹਨਾਂ ਨੂੰ ਦੱਸ ਦਿਓ ਜਾ ਕੇ ਕਿ ਮੈਂ ਤਾਂ ਅੰਦਰ ਵਸਦਾ ਹਾਂ। ਬਜਰ ਕਪਾਟ ਦੀ ਚਾਬੀ ਗੁਰੂ ਕੋਲੋਂ ਲੈ ਕੇ ਬਜਰ ਕਪਾਟ ਖੋਲ੍ਹੋ।

*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥*

***ਪੰਨਾ – 1033***

ਮੈਂ ਤਾਂ ਸਭ ਦੇ ਅੰਦਰ ਬੈਠਾ ਹਾਂ, ਜਾ ਕੇ ਤੁਸੀਂ ਦੁਨੀਆਂ ਨੂੰ ਸਮਝਾਓ ਕਿ ਪ੍ਰਮੇਸ਼ਰ ਨੂੰ ਦੂਰ ਨਾ ਭਾਲੋ।

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥*

***ਪੰਨਾ – 1379***

ਸੋ ਇਸ ਤਰ੍ਹਾਂ ਆਪਣੇ ਬਚਨ ਕੀਤੇ ਤੇ ਫੁਰਮਾਨ ਕੀਤਾ ਕਿ ਜਾਓ! ਇਹ ਧਰਮ ਦਾ ਰਸਤਾ ਸੰਸਾਰ ਨੂੰ ਜਾ ਕੇ ਦਸੋ। ਮੈਂ ਤੁਹਾਨੂੰ ਪੁੱਤਰ ਦੀ ਪਦਵੀ ਦਿੰਦਾ ਹਾਂ।

ਧਰਮ ਦੀਆਂ ਰੀਤਾਂ ਕਾਇਮ ਕਰੋ, ਕਿਉਂਕਿ ਸੰਸਾਰ ਵਿਚੋਂ ਧਰਮ ਨਿਕਲ ਗਿਆ ਹੈ ਹੋਰ ਹੀ ਧਰਮ ਬਣਾ ਲਏ, ਹੋਰ ਹੀ ਰੀਤਾਂ ਬਣਾ ਲਈਆਂ, ਧਰਮ ਦੀ ਬਾਤ ਜਾ ਰਹੀ ਹੈ। ਹਰ ਪਾਸੇ ਅਧਰਮ ਹੀ ਅਧਰਮ ਹੋ ਗਿਆ ਹੈ।

ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਨੇ –

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*

***ਪੰਨਾ – 145***

ਧਰਮ ਨਾਮ ਦੀ ਚੀਜ਼ ਖੰਭ ਲਾ ਕੇ ਉਡ ਗਈ ਹੈ।

*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*

***ਪੰਨਾ – 145***

ਸੰਸਾਰ ਦੇ ਉੱਤੇ ਧਰਮ ਦਾ ਚੰਦਰਮਾ ਅਲੋਪ ਹੋ ਗਿਆ ਹੈ, ਮੱਸਿਆ ਫੈਲ ਗਈ, ਹਨ੍ਹੇਰ ਗੁਬਾਰ ਲੋਕਾਂ ਦੇ ਮਨ੍ਹਾਂ ਵਿਚ ਪੈ ਗਿਆ ਹੈ।

*ਹਉ ਭਾਲਿ ਵਿਕੁੰਨੀ ਹੋਈ॥*
*ਆਧੇਰੈ ਰਾਹੁ ਨ ਕੋਈ॥* ***ਪੰਨਾ – 145***

ਸੰਸਾਰ ਦੁਖੀ ਹੋ ਰਿਹਾ ਹੈ ਕਿਉਂਕਿ ਹਨ੍ਹੇਰੇ ਵਿਚ ਕੋਈ ਰਾਹ ਨਹੀਂ ਲਭਦਾ। ਮਨੁੱਖ ਜੰਮਦਾ ਹੈ, ਮਰਦਾ ਹੈ, ਹਉਮੈ ਅੰਦਰ ਹੋਣ ਕਰਕੇ ਸ਼ਾਂਤੀ ਵਿਚ ਨਹੀਂ ਆ ਰਿਹਾ। ਮਨੁੱਖ ਭਟਕ ਗਿਆ ਹੈ, ਕਹਿੰਦੇ, ਜਾਓ ਹੁਣ ਜਾ ਕੇ ਇਸਨੂੰ ਤੁਸੀਂ ਧਰਮ ਦੇ ਰਸਤੇ ਤੇ ਪਾਓ। ਜਿਹੜੀ ਕਬੁੱਧ ਲੋਕਾਂ ਵਿਚ ਆ ਗਈ ਹੈ। ਇਸ ਤੋਂ ਲੋਕਾਂ ਨੂੰ ਵਿਵਰਜਿਤ ਕਰੋ।

*ਮੈ ਅਪਨਾ ਸੁਤ ਤੁਹਿ ਨਿਵਾਜਾ।*
*ਪੰਥ ਪ੍ਰਚੁਰ ਕਰਬੇ ਕਉ ਸਾਜਾ।*
*ਜਹਾ ਤਹਾ ਤੈ ਧਰਮੁ ਚਲਾਇ।*
*ਕਬੁਧਿ ਕਰਨ ਤੇ ਲੋਕ ਹਟਾਇ॥* ***'ਚੌਪਈ'***

ਆਪ ਪਾਤਸ਼ਾਹ ਲਿਖਦੇ ਨੇ ਕਿ ਇਹ ਸਾਰਾ ਸੰਸਾਰ ਤਾਂ ਉਲਟ ਰਾਹਾਂ ਤੇ ਪਿਆ ਹੋਇਆ ਹੈ। ਇਹ ਤਾਂ ਇਕ ਬੜਾ ਭਾਰਾ ਹੜ੍ਹ ਆ ਰਿਹਾ ਹੈ, ਜਿਹੜਾ ਕਿਸੇ ਵੀ ਤਰੀਕੇ ਨਾਲ ਰੋਕਿਆ ਨਹੀਂ ਜਾ ਸਕਦਾ। ਇਹ ਖਿਆਲਾਂ ਦਾ ਹੜ੍ਹ ਤੇ ਅੰਧਕਾਰ ਦਾ ਹੜ੍ਹ ਕਿਸ ਤਰ੍ਹਾਂ ਰੋਕਿਆ ਜਾਏਗਾ? ਕਹਿੰਦੇ, ਅਸੀਂ ਉਸ ਵੇਲੇ ਅਕਾਲ ਪੁਰਖ ਦੇ ਅੱਗੇ ਹੱਥ ਜੋੜਕੇ ਖੜ੍ਹੇ ਹੋ ਗਏ।

*ਠਾਢ ਭਯੋ ਮੈ ਜੋਰਿ ਕਰ,*
*ਬਚਨ ਕਹਾ ਸਿਰ ਨਿਆਇ॥* ***ਚੌਪਈ***

ਅਸੀਂ ਦੋਨੋਂ ਹੱਥ ਜੋੜ, ਸਾਮ੍ਹਣੇ ਖੜੇ ਹੋ ਗਏ, ਸੀਸ ਨਿਵਾਇਆ ਬਚਨ ਕਿਹਾ –

*ਪੰਥ ਚਲੈ ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ॥*

***ਚੌਪਈ***

ਹੇ ਪ੍ਰਭੂ, ਜਿਹੜਾ ਤੁਹਾਨੂੰ ਮਿਲਣ ਦਾ ਰਸਤਾ ਹੈ, ਦੁਨੀਆਂ ਤਾਂ ਇਸ ਰਸਤੇ ਉਤੇ ਆਏਗੀ, ਜੇਕਰ ਤੁਸੀਂ ਮੇਰੀ ਸਹਾਇਤਾ ਕਰੋਗੇ। ਨਿਮਰਤਾ ਦੇ ਨਾਲ ਆਪ ਨੇ ਬੇਨਤੀ ਕਰੀ ਤੇ ਸੰਸਾਰ ਵਿਚ ਆ ਕੇ ਆਪ ਨੇ ਦੱਸਿਆ ਕਿ ਮੈਂ ਕਿਉਂ ਆਇਆ? ਮੈਂ ਰਾਜ ਲੈਣ ਨਹੀਂ ਆਇਆ, ਨਾ ਮੈਂ ਪਾਖੰਡ ਕਰਾਉਣ ਆਇਆ ਹਾਂ, ਨਾਂ ਮੈਂ ਕੋਈ ਮੁੰਡ ਮੁੰਡਾਨੇ ਨੇ, ਨਾ ਮੈਂ ਟੋਪੀਆਂ ਦੇਣੀਆਂ ਹਨ, ਨਾਂ ਮੈਂ ਕੋਈ ਤੁਹਾਡੀ ਚਿੰਨ ਜਾਂ ਰੂਪ ਰੇਖਾ ਬਦਲਣੀ ਹੈ। ਠੀਕ ਹੈ ਜਿਵੇਂ ਮਨੁੱਖ ਸੁਭਾਵਿਕ ਪੈਦਾ ਹੋਇਆ ਹੈ, ਉਸ ਵਿਚ ਕੋਈ ਪਰਿਵਤਨ ਨਹੀਂ ਕਰਨਾ। ਮੈਂ ਇਸ ਕੰਮ ਵਾਸਤੇ ਆਇਆ ਹਾਂ।

*ਹਮ ਇਹ ਕਾਜ ਜਗਤ ਮੋ ਆਏ।*
*ਧਰਮ ਹੇਤ ਗੁਰਦੇਵ ਪਠਾਏ।*
*ਜਹਾਂ ਤਹਾਂ ਤੁਮ ਧਰਮ ਬਿਥਾਰੋ।*
*ਦੁਸਟ ਦੋਖੀਅਨਿ ਪਕਰਿ ਪਛਾਰੋ।* ***ਚੌਪਈ***

ਦੂਜਾ ਇਹ ਹੈ ਕਿ ਜਦੋਂ ਕੋਈ ਦੁਸ਼ਟਾਈ ਕਰੇਗਾ ਤੇ ਉਸਦੀ ਦੁਸ਼ਟਾਈ ਕੱਢਣੀ ਹੈ। ਜਿਹੜੇ ਦੋਖੀ ਨੇ ਜਿਹੜਾ ਉਹਨਾਂ ਵਿਚ ਦੋਖ ਪੁਣੇ ਦਾ ਅਵਗੁਣ ਹੈ, ਉਹ ਵੀ ਕਢਣਾ ਹੈ। ਸੋ ਭਾਈਓ ਕਿਤੇ ਧੋਖਾ ਨਾ ਖਾ ਜਾਇਓ।

ਅਸਲੀ ਗੱਲ ਭੁੱਲਕੇ ਕਿਤੇ ਮੈਨੂੰ ਹੀ ਪਾਰਬ੍ਰਹਮ ਪ੍ਰਮੇਸ਼ਰ ਕਹਿਣ ਲਗ ਜਾਇਓ। ਨਾ ਇਹ ਗੱਲ ਨਾ ਕਰਿਓ।

*ਜੋ ਹਮ ਕੋ ਪਰਮੇਸਰ ਉਚਰਿ ਹੈਂ।*
*ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।*
*ਮੋ ਕੌ ਦਾਸ ਤਵਨ ਕਾ ਜਾਨੋ।*
*ਯਾ ਮੈ ਭੇਦ ਨ ਰੰਚ ਪਛਾਨੋ।*
*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।*
*ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌਂ।*
*ਮ੍ਰਿਤ ਲੋਕ ਤੇ ਮੋਨ ਨ ਰਹਿ ਹੌਂ।* ***ਚੌਪਈ***

ਕਹਿਣ ਲੱਗੇ, ਦੋ ਗੱਲਾਂ ਦਾ ਧਿਆਨ ਰਖਿਓ। ਇਕ ਤਾਂ ਇਹ ਕਿ ਮੈਂ ਪ੍ਰਮੇਸ਼ਰ ਨਹੀਂ ਹਾਂ, ਜਿਹੜਾ ਮੈਨੂੰ ਪ੍ਰਮੇਸ਼ਰ ਕਹੇਗਾ, ਉਹਨੂੰ ਰੱਬ ਨਹੀਂ ਮਿਲਣਾ, ਉਹ ਨਰਕਾਂ ਵਿਚ ਜਾਏਗਾ ਕਿਉਂਕਿ ਉਹ ਝੂਠ ਬੋਲਦਾ ਹੈ। ਭਾਵੇਂ ਪ੍ਰਮੇਸ਼ਰ ਤੇ ਸਾਧੂਆਂ ਦਾ ਕੋਈ ਫਰਕ ਨਹੀਂ ਹੁੰਦਾ, ਲੇਕਿਨ ਪ੍ਰਮੇਸ਼ਰ ਬਹੁਤ ਬਹੁਤ ਵੱਡਾ ਹੈ ਜਿਸਦਾ ਕੋਈ ਪਾਰਾਵਾਰ ਨਹੀਂ ਹੈ। ਗਲਾਸ ਦੇ ਪਾਣੀ ਤੇ ਸਮੁੰਦਰ ਦੇ ਪਾਣੀ ਦੋਨਾਂ ਵਿਚ ਕੋਈ ਫਰਕ ਨਹੀਂ ਹੁੰਦਾ, ਇਹ ਪਾਣੀ ਰੂਪ ਕਰਕੇ ਇਕੋ ਹੀ ਹੈ। ਲੇਕਿਨ ਮਾਤਰਾ ਵਿਚ ਫਰਕ ਹੁੰਦਾ ਹੈ। ਜੇ ਅਸੀਂ ਗਿਲਾਸ ਦੇ ਪਾਣੀ ਨੂੰ ਕਹੀਏ ਕਿ ਇਹ ਸਮੁੰਦਰ ਹੈ, ਇਹ ਤਾਂ ਸਮੁੰਦਰ ਨਹੀਂ ਹੋ ਸਕਦਾ ਇਸ ਕਰਕੇ ਸਮੁੰਦਰ ਦੀ ਉਪਾਧੀ ਉਸਦੇ ਉਤੇ ਘਟਦੀ ਨਹੀਂ, ਉਹ ਤਾਂ ਗਿਲਾਸ ਦਾ ਪਾਣੀ ਹੈ। ਬਾਲਟੀ ਦਾ ਪਾਣੀ ਹੈ, ਚੁਬੱਚੇ ਦਾ ਪਾਣੀ ਹੈ, ਟੋਭੇ ਦੀ ਆਪਣੀ ਹੱਦ ਹੁੰਦੀ ਹੈ। ਝੀਲ ਦੀ ਆਪਣੀ ਹੱਦ ਹੁੰਦੀ ਹੈ, ਸਮੁੰਦਰ ਦੀ ਆਪਣੀ ਹੱਦ ਹੁੰਦੀ ਹੈ। ਲੇਕਿਨ ਝੀਲ ਤੇ ਸਮੁੰਦਰ ਦਾ ਇਕ ਫਰਕ ਹੈ। ਮਾਤਰਾ ਵਿਚ ਫਰਕ ਹੋਇਆ ਕਰਦਾ ਹੈ। ਮਹਾਰਾਜ ਕਹਿੰਦੇ –

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥* ***ਪੰਨਾ – 397***

ਉਹ ਸਾਂਈ ਦਾ ਅੰਗ ਹੀ ਹੁੰਦੇ ਨੇ, ਲੇਕਿਨ ਜੇ ਉਹਨਾਂ ਨੂੰ ਕਹੇ ਪ੍ਰਮੇਸ਼ਰ ਹੈ ਤਾਂ ਗੱਲ ਗਲਤ ਹੋ ਜਾਂਦੀ ਹੈ ਕਿਉਂਕਿ ਪ੍ਰਮੇਸ਼ਰ ਕਿਸੇ ਵੀ ਹੱਦ ਬੰਨੇ ਵਿਚ ਨਹੀਂ ਆਉਂਦਾ, ਅੰਤ ਵਿਚ ਨਹੀਂ ਆਉਂਦਾ, ਉਹ ਬੇਅੰਤ ਹੈ। ਜਦੋਂ ਅਸੀਂ ਕਿਸੇ ਨੂੰ ਪ੍ਰਮੇਸ਼ਰ ਕਹਾਂਗੇ, ਉਸਦੇ ਸਰੀਰ ਨੂੰ ਮੁੱਖ ਕਰਕੇ ਕਹਾਂਗੇ। ਕਿਉਂਕਿ ਸਾਨੂੰ ਸੋਝੀ ਨਹੀਂ ਹੈ, ਆਤਮ ਦ੍ਰਿਸ਼ਟੀ ਨਹੀਂ ਹੈ, ਬ੍ਰਹਮ ਦ੍ਰਿਸ਼ਟੀ ਨਾ ਹੋਣ ਕਰਕੇ ਅਸੀਂ ਸਰੀਰ ਨੂੰ ਪ੍ਰਮੇਸ਼ਰ ਕਿਹਾ। ਸੋ ਇਸ ਗੱਲ ਤੋਂ ਮਹਾਰਾਜ ਨੇ ਵਰਜ ਦਿੱਤਾ। ਦੇਖੋ, ਸਾਡੇ ਇਸ ਸਰੀਰ ਨੂੰ ਪ੍ਰਮੇਸ਼ਰ ਨਾ ਕਹਿਓ। ਜਿਹੜਾ ਨਾਂ ਸਾਡਾ ਸੰਸਾਰ ਨੇ ਧਰਿਐ ਕਿਤੇ ਇਸ ਨੂੰ ਪ੍ਰਮੇਸ਼ਰ ਨਾ ਕਿਹੋ। ਜਿਹੜਾ ਇਸ ਸਿਧਾਂਤ ਤੇ ਨਹੀਂ ਆਏਗਾ, ਉਸਨੂੰ ਰਾਹ ਨਹੀਂ ਲਭਣਾ।

*ਮੋ ਕੌ ਦਾਸ ਤਵਨ ਕਾ ਜਾਨੋ।*
*ਯਾ ਮੈ ਭੇਦ ਨ ਰੰਚ ਪਛਾਨੋ।* ***ਚੌਪਈ।***
*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।* ***ਚੌਪਈ***

ਮੈਂ ਇਸ ਸੰਸਾਰ ਵਿਚ ਫੱਸਣ ਵਾਸਤੇ ਨਹੀਂ ਆਇਆ। ਮੈਂ ਇਕ ਖੇਲ ਖੇਲਣ ਆਇਆ ਹਾਂ। ਸੋ ਇਸ ਸੰਸਾਰ ਦੇ ਤਮਾਸ਼ੇ ਨੂੰ ਵੇਖਣ ਆਇਆ ਹਾਂ।

*ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌਂ॥* ***ਚੌਪਈ***

ਮੈਨੂੰ ਜਿਹੜੇ ਆਦੇਸ਼ ਦਿੱਤੇ ਹਨ, ਮੈਂ ਉਹੀ ਸੰਸਾਰ ਨੂੰ ਦੱਸਣੇ ਹਨ।

*ਮ੍ਰਿਤ ਲੋਕ ਤੇ ਮੋਨ ਨ ਰਹਿ ਹੌਂ॥* ***ਚੌਪਈ***

ਮੈਂ ਚੁੱਪ ਨਹੀਂ ਕਰਨਾ। ਕਿਉਂਕਿ ਚੁੱਪ ਕਰਨਾ ਮੇਰਾ ਕੰਮ ਨਹੀਂ, ਮੈਂ ਬੋਲ ਕੇ ਦਸਣਾ ਹੈ। ਸੋ ਐਸੇ ਹਨ ਗੁਰੂ ਦਸ਼ਮੇਸ਼ ਪਿਤਾ ਜੀ ਜਿਨ੍ਹਾਂ ਦੇ ਬਾਰੇ ਅਸੀਂ ਵਿਚਾਰ ਕਰੀ ਹੈ। ਸਾਧ ਸੰਗਤ ਜੀ! ਸੋ ਇਸ ਤਰ੍ਹਾਂ ਦਾ ਸੁਭਾਅ, ਇਸ ਤਰ੍ਹਾਂ ਦੇ ਕੰਮ ਕਰਣ ਆਏ ਸੀ। ਸੋ ਬਹੁਪੱਖੀ ਜੀਵਨ ਹੋਣ ਕਰਕੇ, ਇਹਨਾਂ ਨੂੰ ਸਮਝਿਆ ਨਹੀਂ ਗਿਆ। ਇਕ ਵੱਡਾ ਜਰਨੈਲ, ਉਹਨਾਂ ਨੂੰ ਜਰਨੈਲ ਕਹਿੰਦਾ ਹੈ, ਵੱਡਾ ਜੋਧਾ ਉਹਨਾਂ ਨੂੰ ਯੋਧਾ ਕਹਿੰਦਾ ਹੈ। ਵੱਡਾ ਲਿਖਾਰੀ, ਉਹਨਾਂ ਨੂੰ ਲਿਖਾਰੀਆਂ ਦਾ ਸ਼੍ਰੋਮਣੀ ਕਹਿੰਦਾ ਹੈ, ਵੱਡਾ ਜਿਹੜਾ ਕਵੀ ਹੈ, ਉਹਨਾਂ ਨੂੰ ਕਵੀਆਂ ਦਾ ਸ਼੍ਰੋਮਣੀ ਕਹਿੰਦਾ ਹੈ, ਆਪਣਾ ਆਪਣਾ ਪੱਖ, ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਗੁਰੂ ਸਾਹਿਬ ਦੀ ਬਹੁ-ਪੱਖੀ ਸਖਸ਼ੀਅਤ ਨੂੰ ਦੇਖ ਕੇ, ਮਨੁੱਖ ਸਮਝ ਨਹੀਂ ਸਕਿਆ ਕਿ ਗੁਰੂ ਦਸਮੇਸ਼ ਪਿਤਾ ਜੀ ਕੌਣ ਸਨ? ਸਾਧ ਸੰਗਤ ਜੀ! ਕੁਛ ਕੁਛ ਅਸੀਂ ਸਮਝਣ ਦਾ ਯਤਨ ਕਰਨਾ ਹੈ, ਜਿੰਨੇ ਕੁ ਸਾਡੀ ਸਮਝ ਵਿਚ ਆਉਂਦੇ ਨੇ। ਗੁਰੂ ਮਹਾਰਾਜ ਜੀ ਨਿਰੀ ਪਿਆਰ ਦੀ ਮੂਰਤ ਸਨ, ਕਿਸੇ ਨਾਲ ਉਹਨਾਂ ਨੂੰ ਵੈਰ ਨਹੀਂ ਸੀ, ਕਿਸੇ ਨੂੰ ਡਰਾਉਂਦੇ ਨਹੀਂ ਸੀ। ਨਾਲੇ ਇਹ ਵੀ ਸੀ ਕਿ ਆਪ ਵੀ ਕਿਸੇ ਕੋਲੋਂ ਡਰਦੇ ਨਹੀਂ ਸੀ।

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*
***ਪੰਨਾ – 1427***

ਕਿਸੇ ਨੂੰ ਡਰਾਉਂਦੇ ਨਹੀਂ ਸੀ। ਉਹ ਸਾਰਿਆਂ ਨੂੰ ਪਿਆਰ ਕਰਦੇ ਸੀ। ਛੋਟੇ ਤੋਂ ਛੋਟੇ ਨੂੰ, ਵੱਡੇ ਤੋਂ ਵੱਡੇ ਨੂੰ, ਨਿੱਕੇ ਤੋਂ ਨਿੱਕੇ ਬੱਚੇ ਨੂੰ ਪਿਆਰ ਕਰਦੇ ਸੀ। ਜਿਸਦਾ ਸੰਸਾਰ ਉਤੇ ਕੋਈ ਨਹੀਂ, ਐਸੇ ਬੰਦਿਆਂ ਨੂੰ ਵੀ ਪਿਆਰ ਕਰਦੇ ਸੀ।

ਜਿਸ ਵਕਤ ਗੁਰੂ ਮਹਾਰਾਜ ਜੀ ਮਾਲਵੇ ਵਿਚ ਜਾਂਦੇ ਨੇ, ਡੱਲੇ ਕੋਲ ਆਪ ਠਹਿਰੇ ਹੋਏ ਨੇ, ਉਥੇ ਭਾਈ ਭਗਤੂ

ਦੀ ਔਲਾਦ ਵਿਚੋਂ, ਭਾਈ ਜੀਵਨ ਦੇ ਪੁੱਤਰ ਦਰਸ਼ਨ ਕਰਨ ਆਏ। ਫਤਿਹ ਸਿੰਘ, ਰਾਮ ਸਿੰਘ, ਤੱਖਤ ਸਿੰਘ, ਤ੍ਰਿਲੋਕ ਸਿੰਘ ਚਾਰ ਭਰਾ ਸਨ ਤੇ ਇਹ ਦੋ ਮਾਵਾਂ ਦੀ ਕੁਖੋਂ ਹੋਏ ਸਨ। ਮਹਾਰਾਜ ਨੇ ਕਿਹਾ ਕਿ ਅਸੀਂ ਤੁਹਾਡੇ ਪਿੰਡ ਚਲਣਾ ਹੈ, ਕਦੇ ਨਹੀਂ ਸੀ ਕਿਸੇ ਨੂੰ ਮਹਾਰਾਜ ਨੇ ਚੱਲਣ ਲਈ ਕਿਹਾ। ਉਹ ਹੈਰਾਨ ਹੋ ਗਏ ਤੇ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਇਹ ਮਾਲਵਾ ਵੀ ਕਿਤੇ ਰਹਿਣ ਦਾ ਥਾਂ ਹੈ। ਐਥੇ ਤਾਂ ਐਨੀ ਜਿਆਦਾ ਧੁੱਪ ਪੈਂਦੀ ਹੈ, ਐਨੀ ਉਡਾਰ ਹੈ, ਰੇਤਾ ਉੜਦਾ ਹੈ ਕਿ ਅਸੀਂ ਤਾਂ ਰੋਟੀ ਵੀ ਨਹੀਂ ਬਣਾ ਸਕਦੇ। ਸਾਰੇ ਦਰਵਾਜੇ ਬੰਦ ਕਰਕੇ ਝੀਖਾਂ ਵਿਚ ਕੱਪੜੇ ਦੇ ਦਿੰਦੇ ਹਾਂ। ਕੋਠੇ ਦੇ ਮੋਘ੍ਰੇ ਬੰਦ ਕਰ ਦਿੰਦੇ ਹਾਂ। ਹੇ ਸੱਚੇ ਪਾਤਿਸ਼ਾਹ! ਕਿਤੇ ਰੋਟੀ ਖਾ ਲਈਏ ਤਾਂ ਖਾ ਲਈਏ, ਨਹੀਂ ਤਾਂ ਦੰਦ ਹੀ ਨਹੀਂ ਲਗਦੇ, ਐਨੀ ਧੂੜ ਮੂੰਹ ਦੇ ਅੰਦਰ ਆ ਜਾਂਦੀ ਹੈ। ਗਰਮੀ ਐਨੀ ਜਿਆਦਾ ਹੈ ਕਿ ਸੱਚੇ ਪਾਤਿਸ਼ਾਹ! ਸਹਿ ਨਹੀਂ ਹੁੰਦੀ। ਉਸਨੇ ਜਵਾਬ ਦੇ ਦਿੱਤਾ, ਕਹਿੰਦੇ, ਮਹਾਰਾਜ! ਇਹ ਤਾਂ ਬਹੁਤ ਸੋਹਣਾ ਥਾਂ ਹੈ, ਜਿਥੇ ਆਪ ਜੀ ਦਾ ਉਤਾਰਾ ਹੈ। ਮਹਾਰਾਜ ਜੀ ਕਹਿੰਦੇ, ਨਹੀਂ ਭਾਈ ਫਤਿਹ ਸਿੰਘ ਅਸੀਂ ਤੇਰੇ ਪਿੰਡ ਜਰੂਰ ਜਾਣਾ ਹੈ। ਉਸਨੂੰ ਕੋਈ ਨਹੀਂ ਸੀ ਪਤਾ ਕਿ ਗੁਰੂ ਮਹਾਰਾਜ ਕਿਉਂ ਬਾਰ ਬਾਰ ਕਹਿੰਦੇ ਹਨ। ਕਹਿੰਦੇ ਜਾਓ ਤਿਆਰੀ ਕਰੋ। ਬਠਿੰਡੇ ਤੋਂ ਆਪ ਨੇ ਤਿਆਰੀ ਕਰਾ ਦਿੱਤੀ। ਉਹਨਾਂ ਨੇ ਇਕ ਦਰਖਤ ਵੱਢ ਵੱਢ ਕੇ ਆਲੇ-ਦੁਆਲੇ ਬਹੁਤ ਸੰਘਣੀ ਵਾੜ ਕਰ ਦਿੱਤੀ, ਸਰਕੜਾ ਲਾ ਦਿੱਤਾ ਕਿ ਰੇਤਾ ਅੰਦਰ ਮਹਾਰਾਜ ਤੱਕ ਨਾ ਜਾਵੇ। ਰੇਤੇ ਦੇ ਉੱਤੇ ਐਨਾ ਪਾਣੀ ਛਿੜਕਿਆ ਆਲੇ ਦੁਆਲੇ ਤੋਂ ਹਵਾ ਬੰਦ ਕਰ ਦਿੱਤੀ। ਉਹ ਬਹੁਤ ਠੰਡਾ ਲਗਦਾ ਹੈ, ਜਿਵੇਂ ਵਾਤਾਵਰਣ ਅਨੁਕੂਲ ਠੰਢਾ ਘਰ ਹੁੰਦਾ ਹੈ। ਉਹ ਝੌਂਪੜੀ ਦੇ ਅੰਦਰ ਮਹਾਰਾਜ ਜੀ ਜਾ ਕੇ ਬਿਰਾਜ ਗਏ। ਕਹਿਣ ਲੱਗੇ, ਪਿਆਰਿਓ! ਤੁਸੀਂ ਤਾਂ ਕਹਿੰਦੇ ਸੀ ਐਥੇ ਅੱਗ ਵਰਦੀ ਹੈ, ਇਹ ਤਾਂ ਪਾਉਂਟੇ ਸਾਹਿਬ ਦਾ ਨਜਾਰਾ ਦਿੰਦੀ ਹੈ। ਜਿਹੜੀ ਤੁਸੀਂ ਇਹ ਝੁੱਗੀ ਬਣਾਈ ਹੈ, ਸਾਨੂੰ ਤਾਂ ਇਹ ਪਿਆਰੀ ਲਗਦੀ ਹੈ।

ਦੋ ਦਿਨ ਰਹਿਣ ਤੋਂ ਬਾਅਦ ਮਹਾਰਾਜ ਕਹਿੰਦੇ, ਫਤਿਹ ਸਿੰਘ ਅੱਜ ਪਰਸ਼ਾਦਾ ਅਸੀਂ ਤੁਹਾਡੇ ਘਰ ਛਕਾਂਗੇ। ਉਸ ਵੇਲੇ ਮਹਾਰਾਜ ਜੀ ਘੋੜੇ ਤੇ ਸਵਾਰ ਹੁੰਦੇ ਨੇ, ਪਰਸ਼ਾਦਾ ਤਿਆਰ ਸੀ। ਫਤਿਹ ਸਿੰਘ ਅੱਗੇ-ਅੱਗੇ ਜਾਂਦਾ ਹੈ, ਰਾਮ ਸਿੰਘ ਅੱਗੇ ਅੱਗੇ ਜਾਂਦਾ ਹੈ, ਮਹਾਰਾਜ ਜੀ ਨੂੰ ਘਰ ਲੈ ਕੇ ਜਾ ਰਹੇ ਹਨ। ਮਹਾਰਾਜ ਜੀ ਜਾਂਦੇ-ਜਾਂਦੇ ਇਕ ਦਮ ਘੋੜੇ ਤੋਂ ਉਤਰ ਗਏ। ਪਿੱਛੇ ਮੁੜਕੇ ਦੇਖਿਆ, ਕਹਿੰਦੇ, ਸੱਚੇ ਪਾਤਸ਼ਾਹ! ਸਾਡੇ ਪਿੱਛੇ-ਪਿੱਛੇ ਆ ਜਾਓ, ਆਪਣਾ ਘਰ ਤਾਂ ਅਗੇ ਹੈ। ਗੁਰੂ ਮਹਾਰਾਜ ਜੀ ਇਕ ਗਰੀਬ ਦੇ ਘਰ ਜਾਂਦੇ ਨੇ, ਕਹਿੰਦੇ ਕੀ ਇਹ ਘਰ ਨਹੀਂ ਹੈ। ਉਥੇ ਸਾਰਿਆਂ ਦੇ ਕੱਚੇ ਘਰ ਹੀ ਸੀ। ਮਹਾਰਾਜ ਜੀ ਉਸ ਗਰੀਬ ਦੇ ਕੱਚੇ ਘਰ ਵਿਚ ਦਾਖਲ ਹੋ ਜਾਂਦੇ ਹਨ। ਦਰਵਾਜੇ ਦੇ ਓਹਲੇ ਇਕ ਬੀਬੀ ਖੜੀ ਹੈ, ਮੋਢੇ ਤੇ ਖੇਸ ਰਖਿਆ ਹੋਇਆ ਹੈ, ਹੱਥ ਜੋੜੇ ਹੋਏ ਨੇ, ਅੱਖਾਂ ਵਿਚੋਂ ਜਲ ਜਾਂਦਾ ਹੈ। ਸੱਚੇ ਪਾਤਿਸ਼ਾਹ! ਮੈਂ ਗਰੀਬਣੀ ਹਾਂ, ਮੇਰਾ ਕੋਈ ਵੀ ਨਹੀਂ ਹੈ। ਆਪ ਵੱਡੇ ਵੱਡਿਆਂ ਦੇ ਆਏ ਹੋ, ਕ੍ਰਿਪਾ ਕਰੋ ਮੇਰੇ ਘਰ ਵੀ ਚਰਨ ਪਾ ਦਿਓ। ਉਧਰੋਂ ਫਤਿਹ ਸਿੰਘ ਅਵਾਜ਼ ਦਿੰਦਾ ਹੈ, ਮਹਾਰਾਜ ਜੀ ਆਪਣਾ ਘਰ ਅੱਗੇ ਹੈ। ਮਹਾਰਾਜ ਕਹਿੰਦੇ ਠਹਿਰੋ। ਮਹਾਰਾਜ ਨੇ ਉਸ ਬੀਬੀ ਦੇ ਸੀਸ ਤੇ ਹੱਥ ਰਖਿਆ, ਪਿਆਰ ਦਿਤਾ। ਕਹਿੰਦੇ, ਬੀਬਾ ਕੀ ਚਾਹੁੰਦੀ ਹੈ? ਕਹਿੰਦੀ ਮਹਾਰਾਜ ਮੇਰੇ ਘਰ ਵੀ ਪਰਸ਼ਾਦਾ ਛੱਕੋ। ਮਹਾਰਾਜ ਜੀ ਨੇ ਕਿਹਾ ਕਿ ਅਸੀਂ ਤੇਰੇ ਘਰ ਕਲ੍ਹ ਆਵਾਂਗੇ, ਕੱਲ ਦਾ ਪਰਸ਼ਾਦਾ ਅਸੀਂ ਤੇਰੇ ਹੀ ਘਰ ਛਕਾਂਗੇ, ਤਿਆਰ ਕਰਕੇ ਰਖੀਂ। ਕਹਿੰਦੀ, ਮਹਾਰਾਜ ਮੈਂ ਆਪ ਜੀ ਵਾਸਤੇ ਭੇਟਾ ਬਣਾਈ ਹੈ, ਇਕ ਇਕ ਤੰਦ ਦੇ ਉੱਤੇ ਤੇਰਾ ਨਾਮ ਜਪਿਆ ਹੈ, ਤੇਰਾ ਧਿਆਨ ਧਰਿਆ ਹੈ ਤੇ ਮੈਂ ਭੇਟਾ ਹਾਜਰ ਕਰਦੀ ਹਾਂ। ਆਹ ਮੈਂ ਖੇਸ ਬਣਾਇਆ ਹੈ, ਮਹਾਰਾਜ। ਮਹਾਰਾਜ ਕਹਿੰਦੇ, ਖੇਸ ਵੀ ਅਸੀਂ ਕੱਲ ਹੀ ਲੈ ਲਵਾਂਗੇ। ਮਹਾਰਾਜ ਉਹਨਾਂ ਦੇ ਘਰ ਜਾ ਕੇ ਕਹਿਣ ਲੱਗੇ ਕਿ ਪ੍ਰੇਮੀਓ! ਸਾਡਾ ਉਤਾਰਾ ਕਿਥੇ ਹੈ? ਕਹਿੰਦੇ, ਮਹਾਰਾਜ ਆਪ ਉਤੇ ਚੁਬਾਰੇ ਤੇ ਚੱਲੋ। ਨਾਲ ਦਾ ਜਿਹੜਾ ਘਰ ਸੀ, ਉਹ ਤੱਖਤ ਸਿੰਘ ਦਾ ਸੀ। ਉਹਨਾਂ ਦੇ ਘਰ ਲੈ ਕੇ ਨਹੀਂ ਗਏ ਕਿਉਂਕਿ ਉਹ ਉਨ੍ਹਾਂ ਦਾ ਸ਼ਰੀਕ ਸੀ। ਪਿੰਡਾਂ ਵਿਚ ਇਹ ਸ਼ਰੀਕੇ ਦੀ ਬੜੀ ਮਾੜੀ ਗੱਲ ਹੁੰਦੀ ਹੈ। ਈਰਖਾ ਬਹੁਤ ਜਿਆਦਾ ਹੁੰਦੀ ਹੈ। ਇਹ ਦੋ ਮਾਵਾਂ ਦੇ ਪੁੱਤਰ ਸੀ ਇਨ੍ਹਾਂ ਨੇ ਮਹਾਰਾਜ ਜੀ ਨੂੰ ਉਧਰ ਨਹੀਂ ਜਾਣ ਦਿੱਤਾ। ਉਧਰ ਉਹਨਾਂ ਦੇ ਘਰ ਕੱਚੀ ਪੌੜੀ ਲਗੀ ਹੋਈ ਸੀ। ਇਹਨਾਂ ਨੇ ਮਹਾਰਾਜ ਜੀ ਨੂੰ ਲੱਕੜ ਦੀ ਪੌੜੀ ਤੇ ਚੜ੍ਹਾ ਦਿੱਤਾ। ਮਹਾਰਾਜ ਜੀ ਉਪਰ ਚੜ੍ਹ ਗਏ। ਜਦ ਨਿਗਾਹ ਮਾਰੀ, ਜਦ ਦੇਖਿਆ ਨਾਲ ਦੇ ਘਰ ਕੱਚੀ ਪੌੜੀ ਸੀ। ਮਹਾਰਾਜ ਜੀ ਉਪਰੋਂ ਕਹਿੰਦੇ, ਓ ਭਾਈ ਰਾਮ ਸਿੰਘਾ! ਤੁਹਾਡੇ ਵਿਚ ਐਨੀ ਈਰਖਾ ਕਿਉਂ ਹੈ? ਵੇਖ ਤੁਹਾਡੇ ਭਰਾਵਾਂ ਦੇ ਤਾਂ ਦੂਸਰੀਆਂ ਪੌੜੀਆਂ ਲੱਗੀਆਂ ਹੋਈਆਂ ਹਨ ਤੇ ਤੁਸੀਂ ਗੁਰੂਆਂ, ਪੀਰਾਂ ਨੂੰ ਐਨੇ ਔਖੇ ਥਾਂ ਤੋਂ ਲੰਘਾਇਆ ਹੈ। ਸਾਨੂੰ ਲੱਕੜ ਦੀ ਪੌੜੀ ਉਤੋਂ ਦੀ ਚੜ੍ਹਾਇਆ ਹੈ। ਮਹਾਰਾਜ ਜੀ ਨੇ ਉਥੇ ਰਾਤ ਕੱਟੀ ਤੇ ਦੂਸਰੇ ਦਿਨ ਮਹਾਰਾਜ ਜੀ ਪਰਲੇ ਵੇਹੜੇ ਵਿਚ ਉਤਰ ਗਏ। ਵਿਚਕਾਰ ਇਕ ਦੀਵਾਰ ਸੀ। ਮਹਾਰਾਜ ਨੇ ਉਹ ਦੀਵਾਰ ਤੋੜ ਦਿੱਤੀ। ਸਾਰੇ ਇਕੱਠੇ ਹੋ ਗਏ। ਕਹਿੰਦੇ, ਮਹਾਰਾਜ ਪਰਸ਼ਾਦਾ ਤਿਆਰ ਹੈ। ਪਾਤਸ਼ਾਹ ਕਹਿਣ ਲੱਗੇ ਕਿ ਪਹਿਲਾਂ ਤੁਸੀਂ ਆਪਸ ਵਿਚ ਈਰਖਾ ਛੱਡੋ, ਅਸੀਂ ਤੁਹਾਡਾ ਪਰਸ਼ਾਦਾ ਤਾਂ ਹੀ ਛਕਾਂਗੇ ਜਦ ਤੁਹਾਡੇ ਵਿਚ ਕੋਈ ਵੈਰ ਨਹੀਂ ਰਹੇਗਾ। ਅਸੀਂ ਤੁਹਾਨੂੰ ਮਿਲਾਉਣ ਆਏ ਹਾਂ ਨਾ ਕਿ ਤੋੜਨ ਆਏ ਹਾਂ। ਮਹਾਰਾਜ ਜੀ ਨੇ ਭਰਾਵਾਂ ਦਾ ਆਪਸ ਵਿਚ ਮੇਲ ਕਰਵਾ ਦਿੱਤਾ। ਉਹਨਾਂ ਦਾ ਆਪਸ ਵਿਚ ਮੇਲ ਕਰਵਾ ਕੇ ਅੱਗੇ ਚਲੇ ਗਏ। ਦੂਸਰੇ ਪਾਸੇ ਦੀ ਕੰਧ ਦਾ ਇਕ ਦਰਵਾਜਾ ਬੰਦ ਕਰਿਆ ਹੋਇਆ ਸੀ। ਮਹਾਰਾਜ ਨੇ ਜੋਰ ਦੇ ਕੇ ਲੱਤ ਮਾਰੀ, ਉਹ ਸਾਰੀਆਂ ਇੱਟਾਂ ਗਿਰ ਗਈਆਂ। ਮਹਾਰਾਜ ਕਹਿੰਦੇ, ਸਾਰੇ ਸਾਡੇ ਪਿਛੇ ਪਿਛੇ ਆ ਜਾਓ। ਅੱਗੇ ਕਿਸਦਾ ਘਰ ਹੈ? ਕਹਿੰਦੇ, ਮਹਾਰਾਜ ਮਾਈ ਦੇਸਾ ਦਾ ਘਰ ਹੈ ਤੇ

ਮਾਈ ਪਰਸ਼ਾਦਾ ਤਿਆਰ ਕਰਕੇ ਬੈਠੀ ਹੋਈ ਹੈ। ਇਕ ਚੌਂਕੀ ਤੇ ਖੇਸ ਰਖਿਆ ਹੋਇਆ ਹੈ, ਇੰਤਜ਼ਾਰ ਕਰਦੀ ਹੈ। ਅੰਦਰ ਹੀ ਅੰਦਰ ਮਹਾਰਾਜ ਨੂੰ ਪਰਸ਼ਾਦਾ ਛਕਾ ਰਹੀ ਹੈ। ਮਹਾਰਾਜ ਜੀ ਕੱਚੀ ਝੌਂਪੜੀ ਵਿਚ ਜਾ ਕੇ ਪੀੜ੍ਹੀ ਤੇ ਬੈਠ ਗਏ। ਜਿਹੜਾ ਪਰਸ਼ਾਦਾ ਤਿਆਰ ਕਰਕੇ ਰਖਿਆ ਹੋਇਆ ਸੀ, ਮਹਾਰਾਜ ਜੀ ਛੱਕਣ ਲਗ ਗਏ। ਉਹਨੂੰ ਕੋਈ ਪਤਾ ਨਹੀਂ ਸੀ। ਜਦੋਂ ਮਹਾਰਾਜ ਪਰਸ਼ਾਦਾ ਛੱਕ ਹਟੇ। ਕਹਿੰਦੇ, ਬੀਬਾ ਪਾਣੀ ਤਾਂ ਲਿਆਦੇ। ਹੈਰਾਨ ਹੋ ਗਈ। ਇਹ ਤਾਂ ਕਲਗੀਧਰ ਪਾਤਸ਼ਾਹ ਨੇ ਪਰਸ਼ਾਦਾ ਆਪਣੇ ਆਪ ਹੀ ਛੱਕ ਲਿਆ, ਮੈਨੂੰ ਤਾਂ ਪਤਾ ਹੀ ਨਹੀਂ ਲਗਿਆ। ਰੋਣ ਲਗ ਗਈ। ਕਹਿੰਦੇ, ਨਾ ਬੈਰਾਗ ਨਾ ਕਰ, ਦੇਖ ਅਸੀਂ ਆ ਗਏ ਹਾਂ, ਆ ਕੇ ਅਸੀਂ ਪਰਸ਼ਾਦਾ ਛੱਕ ਲਿਆ ਬੀਬੀ ਹੁਣ ਜਲ ਪਿਲਾ ਦੇ। ਉਹ ਚਾਰੇ ਭਰਾ ਵੀ ਅੰਦਰ ਆ ਗਏ। ਮਹਾਰਾਜ ਉਨ੍ਹਾਂ ਨੂੰ ਸੰਬੋਧ ਕਰਕੇ ਕਹਿਣ ਲੱਗੇ ਪ੍ਰੇਮੀਓ! ਇਹ ਬੀਬੀ ਤੁਹਾਡੀ ਤਾਈ, ਚਾਚੀ ਲਗਦੀ ਹੈ, ਤੁਸੀਂ ਇਸ ਨਾਲ ਕਿਸ ਤਰ੍ਹਾਂ ਦਾ ਸਲੂਕ ਕਰਦੇ ਹੋ, ਇਹ ਤਾਂ ਗੁਰਸਿੱਖੀ ਵਿਚ ਨਹੀਂ ਭਾਉਂਦਾ। ਸਿੱਖੀ ਜਿਹੜੀ ਹੈ, ਉਹ ਸਾਰਿਆਂ ਦਾ ਭਲਾ ਮੰਗਦੀ ਹੈ। ਹਰ ਰੋਜ਼ ਕਹਿੰਦੀ ਹੈ –

***ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ।***

ਐਸੇ ਪਿਆਰ ਭਰੇ ਕੌਤੁਕ ਮਹਾਰਾਜ ਦੇ ਜੀਵਨ ਵਿਚ ਇਕ, ਦੋ, ਚਾਰ ਨਹੀਂ ਅਨੇਕਾਂ ਹੀ ਹਨ। ਆਪ ਨੇ ਇਹ ਗੱਲ ਫੁਰਮਾਨ ਕੀਤੀ ਹੈ ਕਿ ਰੱਬ ਨੂੰ ਮਿਲਣਾ ਬਹੁਤ ਸੁਖਾਲਾ ਹੈ। ਉਹ ਐਵੇਂ ਨਾ ਆਪਣਾ ਸਰੀਰ ਹਿਮਾਲੀਆ ਦੇ ਵਿਚ ਬਰਫਾਂ ਵਿਚ ਜਾ ਕੇ ਗਾਲੋ, ਭੋਰਿਆਂ ਵਿਚ ਬੈਠ ਕੇ ਨਿਕੰਮੇ ਨਾ ਹੋ ਜਾਓ। ਪਿਆਰਿਓ! ਐਵੇਂ ਰੱਬ ਨਹੀਂ ਮਿਲਦਾ, ਰੱਬ ਤਾਂ ਪਿਆਰ ਮੰਗਦਾ ਹਾਂ।

*.......... **ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥***

***ਤ੍ਵਪ੍ਰਸਾਦਿ ਸ੍ਵਯੇ***

ਬਾਕੀ ਸਾਰੇ ਕਰਮਾਂ ਨੂੰ ਗੁਰੂ ਮਹਾਰਾਜ ਨੇ ਰੱਬ ਦੇ ਰਸਤੇ ਵਿਚ ਪਰਵਾਨ ਨਹੀਂ ਕੀਤਾ। ਬਹੁਤ ਸੁਖਾਲਾ ਮਾਰਗ ਲਿਆ ਦਿਤਾ। ਆਪ ਦੇ ਜੋ ਬਚਪਨ ਦੇ ਕੌਤਕ ਸਨ ਬਹੁਤ ਨਿਆਰੇ ਸਨ।

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥***
***ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥***

***ਪੰਨਾ – 855***

ਗੁਰੂ ਮਹਾਰਾਜ ਜੀ, ਪਟਨਾ ਸਾਹਿਬ ਦੇ ਅੰਦਰ ਬਚਪਨ ਵਿਚ ਥੋੜੇ ਜਿਹੇ ਵੱਡੇ ਹੋਏ, ਮਾਤਾ ਜੀ ਨੇ ਆਪ ਜੀ ਨੂੰ ਛੋਟਾ ਜਿਹਾ ਧਨੁਖ ਨਿੱਕੇ-ਨਿੱਕੇ ਤੀਰ ਬਣਾ ਕੇ ਦੇ ਦਿੱਤੇ ਕਿਉਂਕਿ ਆਪ ਨੇ ਮਾਤਾ ਜੀ ਨੂੰ ਕਿਹਾ ਸੀ ਕਿ ਮੈਨੂੰ ਸ਼ਸਤਰ ਦਿਓ। ਮੈਂ ਇਹਨਾਂ ਖੇਲਾਂ ਨਾਲ ਨਹੀਂ ਖੇਲਣਾ, ਛੋਟੀ ਕਿਰਪਾਨ ਦਿਓ, ਛੋਟੇ ਸ਼ਸਤਰ ਦਿਓ, ਨਿੱਕੀ ਜਿਹੀ ਕਮਾਨ ਬਣਾ ਦਿੱਤੀ, ਛੋਟੇ ਛੋਟੇ ਤੀਰ ਬਣਾ ਦਿੱਤੇ। ਮਹਾਰਾਜ ਕਦੇ ਕਮਾਨ ਲੈਂਦੇ ਨੇ, ਕਦੇ ਗੁਲੇਲਾਂ ਲੈਂਦੇ ਨੇ। ਘਰ ਵਿਚ ਖੂਹੀ ਲਗੀ ਹੋਈ ਸੀ, ਬੀਬੀਆਂ ਪਾਣੀ ਭਰਨ ਆਉਂਦੀਆਂ ਸਨ ਤਾਂ ਗੁਲੇਲਾਂ ਲੈ ਕੇ ਬਰਤਨ ਤੋੜ ਦਿੰਦੇ ਸਨ ਜਿਵੇਂ ਕ੍ਰਿਸ਼ਨ ਮਹਾਰਾਜ ਜੀ ਤੋੜ ਦਿੰਦੇ ਸੀ। ਸਾਰੇ ਕਹਿਣ ਲੱਗ ਪਏ ਇਹਨਾਂ ਦੇ ਕੌਤਕ ਤਾਂ ਕ੍ਰਿਸ਼ਨ ਮਹਾਰਾਜ ਜੀ ਵਰਗੇ ਹਨ। ਪਾਣੀ ਲਈ ਜਾਂਦੀਆਂ ਬੀਬੀਆਂ ਵਿਚੋਂ ਕੋਈ ਸ਼ੰਕਾ ਜਾਂ ਦ੍ਵੈਤ ਆਉਂਦੀ ਸੀ ਉਸਦਾ ਘੜਾ ਭੰਨ ਦਿੰਦੇ ਸੀ। ਬੀਬੀਆਂ ਨੇ ਮਾਤਾ ਜੀ ਕੋਲ ਸ਼ਿਕਾਇਤ ਕੀਤੀ, ਮਾਤਾ ਜੀ ਪਾਣੀ ਤਾਂ ਐਥੇ ਦਾ ਹੀ ਚੰਗਾ ਲਗਦਾ ਹੈ, ਹੋਰ ਸ਼ਹਿਰ ਦਾ ਪਾਣੀ ਚੰਗਾ ਨਹੀਂ ਲਗਦਾ। ਕ੍ਰਿਪਾ ਕਰੋ ਤੁਸੀਂ ਲਾਲ ਜੀ ਨੂੰ ਕਹੋ ਕਿ ਸਾਡੇ ਘੜੇ ਨਾ ਤੋੜਿਆ ਕਰੇ। ਮਾਤਾ ਜੀ ਨੇ ਉਹਨਾਂ ਨੂੰ ਪਿੱਤਲ ਦੀਆਂ ਗਾਗਰਾਂ ਲੈ ਦਿੱਤੀਆਂ। ਮਹਾਰਾਜ ਜੀ ਨੇ ਕਮਾਨ ਲੈ ਲਿੱਤੀ, ਕਮਾਨ ਨਾਲ ਤੀਰ ਮਾਰ ਕੇ ਗਾਗਰ ਵਿਚ ਗਲੀ ਕਰ ਦਿਆ ਕਰਦੇ ਸੀ ਤਾਂ ਗਾਗਰਾਂ ਵੀ ਚੋਣ ਲੱਗ ਪਈਆਂ। ਉਹਨਾਂ ਨੇ ਫੇਰ ਸ਼ਿਕਾਇਤ ਕੀਤੀ। ਫੇਰ ਮਾਤਾ ਜੀ ਖੂਹ ਨੂੰ ਕਹਿਣ ਲੱਗੇ, ਭਾਈ ਖੂਹਾ! ਤੂੰ ਹੀ ਖਾਰਾ ਹੋ ਜਾ, ਪਾਣੀ ਭਰਨ ਤੋਂ ਤਾਂ ਹੱਟ ਜਾਣਗੀਆਂ।

ਬੱਚਿਆਂ ਨੂੰ ਲੈ ਕੇ ਆਪ ਗੰਗਾ ਦੇ ਕਿਨਾਰੇ ਖੇਲਣ ਚਲੇ ਜਾਂਦੇ ਸਨ। ਉਥੇ ਬੇਅੰਤ ਕੌਤਕ ਕਰਦੇ ਸਨ। ਇਸ਼ਨਾਨ ਕਰਨ ਤੋਂ ਬਾਅਦ ਕੋਈ ਗੈਤਰੀ ਦਾ ਪਾਠ ਕਰ ਰਿਹਾ ਹੈ, ਕੋਈ ਸਾਧਨ ਕਰ ਰਿਹਾ ਹੈ, ਕੋਈ ਸ੍ਵਾਸਾਂ ਨਾਲ ਪ੍ਰਾਣਾਯਾਮ ਕਰ ਰਿਹਾ ਹੈ, ਕੋਈ ਕੁਛ ਕਰ ਰਿਹਾ ਹੈ, ਕੋਈ ਕੁਛ ਕਰ ਰਿਹਾ ਹੈ। ਬੱਚਿਆਂ ਦੇ ਨਾਲ ਗੰਗਾ ਵਿਚ ਵੜ ਜਾਣਾ, ਪਾਣੀ ਉਛਾਲ ਉਛਾਲ ਕੇ ਉਹਨਾਂ ਤੇ ਪਾਈ ਜਾਣਾ, ਨਾਲੇ ਕਹੀ ਜਾਣਾ ਪਾਖੰਡ ਕਰਦੇ ਹਨ, ਪਾਖੰਡ ਕਰ ਰਹੇ ਹਨ। ਸਾਰੀਆਂ ਨੇ ਕਹਿਣਾ, ਉਹ ਜਿਹੜਾ ਬੱਚਾ ਹੈ, ਬਹੁਤ ਨਟਖਟ ਹੈ ਪਾਣੀ ਪਾ ਜਾਂਦਾ ਹੈ। ਆਪਸ ਵਿਚ ਸਲਾਹ ਕਰਦੇ ਨੇ ਕਿ ਜਿਹੜਾ ਇਹ ਬੱਚਾ ਹੈ, ਕਹਿੰਦਾ ਤਾਂ ਸਚਮੁਚ ਦਿਲ ਦੀ ਗੱਲ ਹੈ ਤੇ ਜਦੋਂ ਉਸਨੇ ਪਾਣੀ ਪਾਇਆ, ਮੇਰਾ ਮਨ ਫਲਾਣੇ ਥਾਂ ਫਿਰਦਾ ਸੀ। ਦੂਜੇ ਨੇ ਕਿਹਾ, ਕਰਦਾ ਤਾਂ ਮੈਂ ਪ੍ਰਾਣਾਯਾਮ ਸੀ, ਪਰ ਮੇਰੇ ਮਨ ਵਿਚ ਇਹੋ ਜਿਹੇ ਫਜ਼ੂਲ ਖਿਆਲ ਚਲਦੇ ਸੀ। ਉਹ ਸੁਣਦਾ ਰਹਿੰਦਾ ਸੀ ਕਿ ਇਹ ਕਲਜੁਗ ਦੇ ਰਾਮ ਅਵਤਾਰ ਨੇ, ਕਲਜੁਗ ਨੂੰ ਤਾਰਨ ਆਏ ਨੇ। ਉਸਦੇ ਮਨ ਵਿਚ ਭਾਵਨਾ ਆਈ, ਬੇਨਤੀਆਂ ਕਰਦਾ ਹੈ ਹੇ ਪ੍ਰਭੂ! ਹੇ ਪ੍ਰਭੂ! ਕਿਰਪਾ ਕਰੋ, ਮੈਨੂੰ ਸ੍ਰੀ ਰਾਮ ਚੰਦਰ ਜੀ ਰੂਪ ਵਿਚ ਦਰਸ਼ਨ ਦਿਓ। ਮਹਾਰਾਜ ਜੀ, ਬੱਚਿਆਂ ਨੂੰ ਨਾਲ ਲੈ ਕੇ ਜਾਂਦੇ ਹਨ। ਜਾ ਕੇ ਖੜਕਾ ਕੀਤਾ, ਜਦ ਉਹ ਨੇਤਰ ਖੋਲਦਾ ਹੈ ਤੇ ਹੈਰਾਨ ਹੋ ਗਿਆ ਕਿ ਸ੍ਰੀ ਰਾਮ ਚੰਦਰ ਜੀ ਖੜੇ ਨੇ, ਉਸੇ ਤਰ੍ਹਾਂ ਲੱਛਮਣ ਹੈ, ਸੀਤਾ ਹੈ। ਉਹ ਨਮਸ਼ਕਾਰ ਤੇ ਡੰਡਉਤਿ ਵਿਚ ਪੈ ਗਿਆ। ਜਦੋਂ ਸੀਸ ਚੁੱਕ ਕੇ ਦੇਖਦਾ ਹੈ ਤੇ ਗੁਰੂ ਦਸਵੇਂ ਪਾਤਿਸ਼ਾਹ ਹੱਸ ਰਹੇ ਨੇ, ਉਸਦਾ ਬਹੁਤ ਪ੍ਰੇਮ ਪੈ

ਗਿਆ। ਮਹਾਰਾਜ ਜੀ ਉਥੇ ਇਸ ਕੋਲ ਹਰ ਰੋਜ਼ ਜਾਇਆ ਕਰਦੇ ਸੀ।

ਇਸੇ ਤਰ੍ਹਾਂ ਦੇ ਨਾਲ ਫਤਿਹ ਚੰਦ ਰਾਜਾ ਸੀ ਤੇ ਮੈਣੀ ਉਸਦੀ ਰਾਣੀ ਸੀ। ਉਸਦੇ ਕੋਈ ਔਲਾਦ ਨਹੀਂ ਸੀ। ਰਾਣੀ ਨੇ ਸੁਣ ਲਿਆ ਕਿ ਬੜੇ ਪ੍ਰਤਾਪ ਵਾਲੇ ਮਹਾਰਾਜ ਨੇ। ਉਹ ਮਹਾਰਾਜ ਜੀ ਦਾ ਧਿਆਨ ਕਰਕੇ ਅਰਦਾਸ ਕਰਦੀ, ਹੇ ਪ੍ਰਭੂ! ਕ੍ਰਿਪਾ ਕਰੋ, ਮੈਨੂੰ ਇਕ ਆਪਣੇ ਵਰਗੇ ਬੱਚੇ ਦੀ ਦਾਤ ਬਖਸ਼ ਦਿਓ, ਜੋ ਤੁਹਾਡੇ ਵਰਗਾ ਹੋਵੇ। ਇਕ ਦਿਨ ਮਹਾਰਾਜ ਸਾਰੇ ਬੱਚਿਆਂ ਸਮੇਤ ਮਹਿਲਾਂ ਵਿਚ ਚਲੇ ਗਏ, ਤੇ ਉਥੇ ਜਾ ਕੇ ਪੌੜੀਆਂ ਚੜ ਗਏ। ਉਸ ਕਮਰੇ ਵਿਚ ਵੜ ਗਏ ਜਿਥੇ ਰਾਣੀ ਅਰਦਾਸ ਵਿਚ ਬੈਠੀ ਹੋਈ ਸੀ। ਜਾ ਕੇ ਗੋਦੀ ਵਿਚ ਬੈਠ ਗਏ, ਦੋਨੋਂ ਬਾਹਾਂ ਗੱਲ ਵਿਚ ਪਾ ਕੇ ਕਹਿੰਦੇ ਮਾਂ-ਮਾਂ ਮੈਂ ਆ ਗਿਆ। ਉਹ ਹੈਰਾਨ ਹੋ ਗਈ ਕਿ ਇਹ ਤਾਂ ਓਹੀ ਮੋਹਨੀ ਮੂਰਤ ਹੈ। ਕਹਿੰਦੇ, ਮਾਤਾ ਮੇਰੇ ਵਰਗਾ ਤਾਂ ਮੈਂ ਹੀ ਹਾਂ, ਹੋਰ ਕੋਈ ਨਹੀਂ ਹੈ। ਤੂੰ ਮੈਨੂੰ ਹੀ ਆਪਣਾ ਪੁੱਤਰ ਬਣਾ ਲੈ। ਮੈਂ ਹੀ ਤੇਰਾ ਪੁੱਤਰ ਹਾਂ, ਤੂੰ ਮੈਨੂੰ ਹੀ ਪੁੱਤਰ ਬਣਾ ਲੈ। ਮੈਂ ਤੈਨੂੰ ਮਾਂ ਕਹਿੰਦਾ ਹਾਂ। ਉਹ ਬਹੁਤ ਪ੍ਰਸੰਨ ਹੋਈ। ਉਹ ਕਹਿੰਦੇ ਅਸੀਂ ਰੋਜ਼ ਆਇਆ ਕਰਾਂਗੇ, ਜਦੋਂ ਮੈਨੂੰ ਭੁਖ ਲਗਿਆ ਕਰੇਗੀ। ਘੁੰਗਣੀਆਂ ਦਾ ਜੋ ਲੰਗਰ ਹੈ ਉਹ ਆਪ ਤਿਆਰ ਕਰਿਆ ਕਰੋ, ਅਸੀਂ ਸਾਰੇ ਆ ਕੇ ਛਕਿਆ ਕਰਾਂਗੇ।

ਸੋ ਮਹਾਰਾਜ ਜੀ ਬੱਚਿਆਂ ਨੂੰ ਨਾਲ ਲੈ ਕੇ ਬਹੁਤ ਕੌਤਕ ਕਰਦੇ ਸੀ। ਉਥੇ ਦਾ ਜੋ ਮੁਸਲਮਾਨ ਹਾਕਮ ਨਵਾਬ ਰਹੀਮ ਖਾਨ ਸੀ ਤਾਂ ਉਸਨੂੰ ਕਹਿਣ ਲੱਗੇ, ਸਲਾਮ ਨਹੀਂ ਕਰਨੀ। ਉਹ ਸੱਤ ਸਲਾਮਾਂ ਝੁਕ ਕੇ ਕਰਦੇ ਹੁੰਦੇ ਸੀ, ਉਹ ਕਹਿੰਦੇ ਕਿਸੇ ਨੇ ਨਹੀਂ ਕਰਨੀ। ਸਗੋਂ ਚਿੜਾਉਂਦੇ ਹੁੰਦੇ ਸੀ ਛੇੜਦੇ ਹੁੰਦੇ ਕਰਦੇ ਸੀ। ਉਹ ਪਿੱਛੇ ਦੌੜਦੇ ਸੀ ਤੇ ਆਪ ਗਲੀਆਂ ਦੇ ਵਿਚ ਹੀ ਛਾਂਈ-ਮਾਂਈ ਹੋ ਜਾਇਆ ਕਰਦੇ ਸੀ। ਅਖੀਰ ਨਵਾਬ ਨਾਲ ਐਸਾ ਕੌਤਕ ਵਰਤਿਆ ਕਿ ਨਵਾਬ ਆਪ ਦਾ ਸ਼ਰਧਾਲੂ ਬਣ ਗਿਆ।

ਏਧਰ ਅਨੰਦਪੁਰ ਸਾਹਿਬ ਵਿਚ ਅੱਜ ਗੁਰੂ ਨੌਵੇ ਪਾਤਿਸ਼ਾਹ ਬੈਠੇ ਨੇ ਤੇ ਆਪ ਨੇ ਹੁਕਮ ਦੇ ਦਿੱਤਾ ਕਿ ਗੁਰੂ ਮਹਾਰਾਜ ਜੀ ਨੂੰ ਵਾਪਸ ਅਨੰਦਪੁਰ ਸਾਹਿਬ ਲੈ ਆਓ। ਪਟਨੇ ਵਿਚੋਂ ਜਦੋਂ ਆਪ ਚੱਲਣ ਲੱਗੇ, ਜਿੰਨੀ ਵੀ ਗੁਰਸਿੱਖੀ ਸੀ ਸਾਰੀ ਪਰਜਾ ਜੋ ਆਪ ਨਾਲ ਪਿਆਰ ਕਰਦੀ ਸੀ ਸਾਰਿਆਂ ਦੇ ਨੇਤਰਾਂ ਵਿਚ ਹੰਝੂਆਂ ਦੀਆਂ ਝੜੀਆਂ ਲੱਗ ਗਈਆਂ, ਕਿਉਂਕਿ ਆਪ ਜੀ ਦਾ ਉਹਨਾਂ ਨਾਲ ਬਹੁਤ ਜਿਆਦਾ ਪਿਆਰ ਪੈ ਚੁਕਿਆ ਸੀ ਤੇ ਰਾਣੀ ਮੈਣੀ ਨੂੰ ਵੀ ਜਦੋਂ ਪਤਾ ਲੱਗਿਆ ਕਿ ਮਹਾਰਾਜ ਜੀ ਜਾ ਰਹੇ ਨੇ ਉਹ ਇੰਨੀ ਜਿਆਦਾ ਉਦਾਸ ਹੋਈ ਕਿ ਸੁਣਦੇ ਸਾਰ ਮੂਰਛਤ ਹੋ ਗਈ ਤੇ ਗਿਰ ਗਈ ਕਿ ਮਹਾਰਾਜ ਸਾਨੂੰ ਛੱਡ ਕੇ ਚਲੇ ਜਾਣਗੇ। ਉਸੇ ਵੇਲੇ ਇਸ ਤਰ੍ਹਾਂ ਦੀਆਂ ਅਰਦਾਸਾਂ ਕਰਦੀ ਹੈ।

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥***

***ਪੰਨਾ - 708***

ਅੱਜ ਆਪ ਨੇ ਪੂਰੇ ਬਸਤ੍ਰ ਪਹਿਨੇ ਹੋਏ ਹਨ ਸਿਰ ਤੇ ਕਲਗੀ ਲਗੀ ਹੋਈ ਹੈ, ਮੋਢੇ ਦੇ ਉੱਤੇ ਛੋਟੀ ਜਿਹੀ ਕਮਾਨ ਅਤੇ ਛੋਟਾ ਜਿਹਾ ਭੱਥਾ ਹੈ ਤੇ ਆਪ ਜੀ ਆ ਕੇ ਰਾਣੀ ਨੂੰ ਸਾਵਧਾਨ ਕਰਦੇ, ਮਾਤਾ-ਮਾਤਾ ਕਿਉਂ ਐਨਾ ਬਿਰਹੋਂ ਮਹਿਸੂਸ ਕਰਦੇ ਹੋ। ਰਾਣੀ ਕਹਿਣ ਲੱਗੀ, ਐ ਮੇਰੇ ਪਿਆਰੇ ਰੂਹਾਨੀ ਪੁੱਤਰ ਜੀ ਮੈਂ ਜੀਅ ਨਹੀਂ ਸਕਣਾ, ਮੇਰਾ ਜੀਵਨ ਤੂੰ ਹੈ। ਕਹਿਣ ਲੱਗੇ ਮਾਤਾ ਜੀ ਇਸ ਤਰ੍ਹਾਂ ਨਾ ਕਹੋ ਜਿਸ ਵਕਤ ਇਹ ਬੱਚੇ ਮੇਰੇ ਪਿਛੋਂ ਆਉਣਗੇ, ਤੁਸੀਂ ਮਿਲਕੇ ਸਤਸੰਗ ਕਰਿਓ ਤੇ ਘੁੰਗਣੀਆਂ ਦਾ ਪ੍ਰਸਾਦਿ ਵਰਤਾਇਓ ਅਤੇ ਇਹਨਾਂ ਮੇਰੇ ਸਾਥੀ ਬੱਚਿਆਂ ਨੂੰ ਪਿਆਰ ਕਰਿਓ। ਜਦ ਇਹ ਬੱਚੇ ਆਣਗੇ ਤੁਸੀਂ ਪ੍ਰਸ਼ਾਦ ਵਰਤਾਓਗੇ, ਇੰਨ੍ਹਾਂ ਬੱਚਿਆਂ ਵਿਚ ਬੈਠਾ ਮੈਂ ਪ੍ਰਸ਼ਾਦ ਲਿਆ ਕਰਾਂਗਾ। ਕਰੀਮ ਖਾਨ ਤੇ ਰਹੀਮ ਖਾਨ, ਨਵਾਬ ਦੋਨੋਂ ਭਰਾ ਉਹ ਵੀ ਬਹੁਤ ਬਿਰਹੋਂ ਕਰਦੇ ਸੀ। ਕਹਿੰਦੇ, ਪਾਤਿਸ਼ਾਹ ਅਸੀਂ ਤੁਹਾਡੇ ਬਿਨਾ ਕਿਵੇਂ ਜੀਵਾਂਗੇ। ਮਹਾਰਾਜ ਕਹਿੰਦੇ, ਜਦੋਂ ਤੁਸੀਂ ਨਮਾਜ ਪੜ੍ਹਿਆ ਕਰੋਗੇ ਉਸ ਵੇਲੇ ਤੁਹਾਡੇ ਸਾਮ੍ਹਣੇ ਮੈਂ ਖੜ੍ਹਾ ਹੋਇਆ ਕਰਾਂਗਾ। ਇਸੇ ਤਰ੍ਹਾਂ ਪੰਡਤ ਸ਼ਿਵਦਤ ਨੇ ਕਿਹਾ, ਮਹਾਰਾਜ ਜੀ ਮੈਂ ਤੁਹਾਡੇ ਬਿਨਾਂ ਜੀ ਨਹੀਂ ਸਕਾਂਗਾ। ਮਹਾਰਾਜ ਕਹਿੰਦੇ, ਪੰਡਤ ਜੀ! ਜਦੋਂ ਤੁਸੀਂ ਗੰਗਾ ਦੇ ਕਿਨਾਰੇ ਆਪਣੇ ਨੇਤਰ ਬੰਦ ਕਰਕੇ ਬੈਠੋਗੇ, ਫੇਰ ਜਦੋਂ ਭਜਨ ਬੰਦਗੀ ਕਰਕੇ ਨੇਤਰ ਖੋਲ੍ਹੋਗੇ ਤੇ ਮੈਂ ਤੁਹਾਡੇ ਸਾਮ੍ਹਣੇ ਖੜ੍ਹਾ ਹੋਇਆ ਕਰਾਂਗਾ। ਸਾਰਿਆਂ ਨੂੰ ਧਰਵਾਸ ਦਿੰਦੇ ਹੋਏ, ਆਪ ਚਲਦੇ ਚਲਦੇ ਘੜਾਮ ਪਿੰਡ ਪਹੁੰਚ ਗਏ। ਉਥੇ ਆਪ ਜੀ ਨੂੰ ਕੁਛ ਦਿਨ ਠਹਿਰਣ ਦਾ ਹੁਕਮ ਹੋ ਗਿਆ। ਜਿੱਥੇ ਆਪ ਠਹਿਰੇ ਹੋਏ ਸੀ ਉਥੇ ਗੁਰਸਿੱਖ ਪਰਿਵਾਰਾਂ ਦੇ ਬੱਚੇ ਉਹਨਾਂ ਦੇ ਨਾਲ ਖੇਡਦੇ ਸੀ। ਉਸ ਵੇਲੇ ਆਪ ਜੀ ਦੀ ਉਮਰ 7 ਸਾਲ ਦੀ ਸੀ। ਉਥੇ ਉਸ ਇਲਾਕੇ ਵਿਚ ਪੀਰ ਭੀਖਣ ਸ਼ਾਹ ਮੰਨਿਆ ਹੋਇਆ ਪੀਰ ਸੀ। ਉਹਨੇ ਜਿਸ ਵਕਤ ਮਹਾਰਾਜ ਨੂੰ ਖੇਡਦਿਆਂ ਦੇਖਿਆ, ਉਸ ਵਕਤ ਉਸ ਪੀਰ ਨੇ ਆਪ ਜੀ ਨੂੰ ਸੱਤ ਸਲਾਮਾਂ ਕੀਤੀਆਂ। ਮੁਰੀਦਾਂ ਨੇ ਕਿਹਾ ਹੈਂ! ਇਹ ਸਾਡੇ ਪੀਰ ਨਾਲੋਂ ਵੀ ਕੋਈ ਵੱਡਾ

ਪੀਰ ਆ ਗਿਆ। ਪੀਰ ਜੀ ਇਹ ਕੀ ਗੱਲ ਹੈ? ਤੁਸੀਂ ਕਿਸਨੂੰ ਸਲਾਮਾਂ ਕੀਤੀਆਂ? ਕਹਿੰਦੇ ਜਿਹੜੇ ਉਹ ਤੁਹਾਨੂੰ ਬਾਲਕ ਦਿਸਦੇ ਨੇ, ਉਹ ਪਰਮ ਪੁਰਖ ਹੈ। ਕਹਿਣ ਲੱਗੇ, "ਸਲਾਮਾਂ ਕਿਉਂ ਕੀਤੀਆਂ ਨੇ?" ਕਹਿੰਦੇ, ਇਸ ਕਰਕੇ ਕਿ ਇਨ੍ਹਾਂ ਦਾ ਆਦਰ ਹੈ। ਚਲੋ ਮਠਿਆਈ ਲੈ ਚਲੋ, ਤੁਹਾਨੂੰ ਦਿਖਾ ਦਿੰਦੇ ਹਾਂ। ਕਹਿੰਦੇ, ਦੋ ਭਾਂਡੇ ਮਠਿਆਈ ਦੇ ਲੈ ਆਓ, ਇਕ ਹਿੰਦੂ ਦਾ ਤੇ ਇਕ ਮੁਸਲਮਾਨ ਦਾ। ਉਹ ਦੋ ਭਾਂਡੇ ਰੱਖ ਦਿੱਤੇ। ਮਹਾਰਾਜ ਜੀ ਕਹਿਣ ਲੱਗੇ ਕਿ ਇਕ ਹੋਰ ਲੈ ਆਓ। ਤੇ ਹੋਰ ਲੈ ਆਂਦਾ। ਮਹਾਰਾਜ ਜੀ ਨੇ ਪਹਿਲਾਂ ਦੋਨੋਂ ਹੱਥ ਇਕ ਉੱਤੇ ਰਖ ਦਿੱਤੇ, ਫੇਰ ਇਕ ਇਕ ਹੱਥ ਦੋਨਾਂ ਤੇ ਰੱਖ ਦਿਤਾ। ਪੀਰ ਸਮਝਦਾਰ ਤੇ ਕਰਣੀ ਕਮਾਈ ਵਾਲਾ ਸੀ। ਉਹ ਸਮਝ ਗਿਆ ਤੇ ਉਸਨੇ ਸਿਜਦਾ ਕੀਤਾ। ਉਸ ਵੇਲੇ ਮੁਰੀਦਾਂ ਨੇ ਪੁਛਿਆ, ਪੀਰ ਜੀ! ਸਾਡੀ ਸਮਝ ਵਿਚ ਤਾਂ ਕੋਈ ਗੱਲ ਨਹੀਂ ਆਈ। ਸਾਨੂੰ ਵੀ ਸਮਝਾਓ ਜੋ ਵੀ ਤੁਹਾਡੀ ਗੱਲ ਬਾਤ ਹੋਈ ਹੈ ਕਿਉਂਕਿ ਤੁਸੀਂ ਇਸ਼ਾਰੇ ਵਿਚ ਗੱਲ ਬਾਤ ਕੀਤੀ ਹੈ। ਤੁਸੀਂ ਵੀ ਕੋਈ ਇਸ਼ਾਰਾ ਕਰ ਰਹੇ ਸੀ, ਉਹ ਵੀ ਕੋਈ ਇਸ਼ਾਰਾ ਕਰ ਰਹੇ ਸੀ। ਕਹਿੰਦੇ, ਮੁਰੀਦੋ! ਮੈਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਸੀ ਕਿ ਇਹ ਹਿੰਦੂਆਂ ਦਾ ਹੋਏਗਾ ਜਾਂ ਇਸਲਾਮ ਵਾਲਿਆਂ ਦਾ ਹੋਏਗਾ? ਪਰ ਉਹਨਾਂ ਨੇ ਇਕ ਬਰਤਨ ਹੋਰ ਮੰਗਵਾਕੇ ਕਿਹਾ ਕਿ ਅਸੀਂ ਦੋਨਾਂ ਦਾ ਇਕ ਸਾਂਝਾ ਰਸਤਾ ਚਲਾਵਾਂਗੇ। ਉਸ ਤੇ ਦੋਨੋਂ ਹੱਥ ਰੱਖ ਦਿੱਤੇ। ਫੇਰ ਮੈਂ ਪੁਛਿਆ ਕਿ ਹਿੰਦੂਆਂ ਤੇ ਇਸਲਾਮ ਦੇ ਤੁਹਾਡੇ ਨਾਲ ਕੀ ਸੰਬੰਧ ਹੋਣਗੇ। ਉਸ ਵੇਲੇ ਆਪਣੇ ਦੋਨੋਂ ਹੱਥ ਦੋਨਾਂ ਤੇ ਰੱਖ ਦਿੱਤੇ। ਇਕ ਹੱਥ ਇਕ ਦੇ ਉਪਰ ਤੇ ਦੂਜਾ ਹੱਥ ਦੂਜੇ ਬਰਤਨ ਦੇ ਉਤੇ ਰੱਖ ਦਿੱਤਾ। ਉਹਨਾਂ ਸਮਝਾ ਦਿਤਾ ਕਿ ਸਾਨੂੰ ਸਾਰੇ ਬਰਾਬਰ ਹਨ। ਸਾਡਾ ਕਿਸੇ ਨਾਲ ਕੋਈ ਵਿਰੋਧ ਨਹੀਂ, ਸਾਡੀ ਨਿਗਾਹ ਵਿਚ ਨਾ ਕੋਈ ਹਿੰਦੂ ਹੈ ਨਾ ਕੋਈ ਤੁਰਕ ਹੈ। ਇਸ ਤਰ੍ਹਾਂ ਦਾ ਫੁਰਮਾਨ ਗੁਰੂ ਦਸਮੇਸ਼ ਪਿਤਾ ਜੀ ਨੇ ਕੀਤਾ ਹੈ।

***ਕੋਊ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ***
***ਭਇਓ, ਕੋਈ ਬ੍ਰਹਮਚਾਰੀ, ਕੋਊ ਜਤੀਅਨੁ ਮਾਨਬੋ॥***

***ਅਕਾਲ ਉਸਤਤਿ***

***ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥***
***ਦੇਵਤਾ ਅਦੇਵ ਜੱਛ, ਗੰਧ੍ਰਬ ਤੁਰਕ ਹਿੰਦੂ,***
***ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥***
***ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ,***
***ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥***
***ਅਲਹ ਅਭੇਖ ਸੋਈ, ਪੁਰਾਨ ਐ ਕੁਰਾਨ ਓਈ,***
***ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ॥***

***ਅਕਾਲ ਉਸਤਤਿ***

ਗੁਰੂ ਘਰ ਦੇ ਅੰਦਰ ਮਨੁੱਖਾਂ ਦੀ ਵੰਡ ਜਾਤਾਂ ਨਾਲ ਨਹੀਂ ਹੁੰਦੀ। ਨਾ ਹਿੰਦੂ ਬਹੁਤਾ ਨੇੜੇ ਹੈ ਨਾ ਮੁਸਲਮਾਨ ਦੂਰ ਹੈ, ਸਾਰੇ ਹੀ ਨੇੜੇ ਹਨ।

ਦੇਹੁਰਾ ਤੇ ਮਸਜਿਦ ਦੋਨੋਂ ਪ੍ਰਮੇਸ਼ਰ ਦੀ ਬੰਦਗੀ ਕਰਨ ਦੇ ਸਥਾਨ ਹਨ। ਦੋਨਾਂ ਦਾ ਹੀ ਸਤਿਕਾਰ ਕਰਨਾ ਬਣਦਾ ਹੈ। ਸਾਧ ਸੰਗਤ ਜੀ! ਸੋ ਗੁਰੂ ਮਹਾਰਾਜ ਜੀ ਦਾ ਐਸਾ ਆਦਰਸ਼ ਸੀ ਐਸੇ ਐਸੇ ਕੌਤਕ ਆਪ ਨੇ ਕੀਤੇ ਕਿ ਸੰਸਾਰ ਗਿਣਦਾ ਚਲਾ ਜਾਵੇ, ਤਾਂ ਵੀ ਕਦੇ ਖਤਮ ਹੋਣ ਵਾਲੇ ਨਹੀਂ।

ਹੁਣ ਆਪ ਦੇ ਸਰੀਰ ਦੀ ਉਮਰ ਨੌਂ ਸਾਲ ਦੀ ਹੋ ਗਈ, ਤੇ ਆਪ ਜੀ ਬਾਹਰੋਂ ਖੇਲ ਕੇ ਆਉਂਦੇ ਨੇ। ਕੀ ਦੇਖਦੇ ਹਨ ਕਿ ਗੁਰੂ ਮਹਾਰਾਜ ਜੀ ਦਾ ਦਰਬਾਰ ਲੱਗਿਆ ਹੋਇਆ ਹੈ। ਦਰਬਾਰ ਵਿਚ ਬਹੁਤ ਵੱਡੇ ਵੱਡੇ ਵਿਦਵਾਨ, ਸਤਿਕਾਰਯੋਗ ਵੱਡੀਆਂ ਵੱਡੀਆਂ ਹਸਤੀਆਂ ਮਹਾਰਾਜ ਜੀ ਦੇ ਹਜ਼ੂਰ ਬੈਠੀਆਂ ਹੋਈਆਂ ਹਨ। ਉਹਨਾਂ ਦਿਨਾਂ ਦੇ ਅੰਦਰ ਬ੍ਰਾਹਮਣ ਵਾਸਤੇ ਕੇਸ ਰਖਣੇ ਜ਼ਰੂਰੀ ਹੋਇਆ ਕਰਦੇ ਸੀ। ਬਹੁਤ ਸੋਹਣੀਆਂ ਸ਼ਕਲਾਂ ਸੂਰਤਾਂ ਦੇ ਚੰਗੇ ਬੰਦੇ ਮਹਾਰਾਜ ਜੀ ਦੇ ਹਜ਼ੂਰ ਬੈਠੇ ਸਨ, ਲੇਕਿਨ ਸਾਰਿਆਂ ਦੇ ਹੱਥਾਂ ਵਿਚ ਰੁਮਾਲ ਨੇ, ਥੋੜੀ ਥੋੜੀ ਦੇਰ ਬਾਅਦ ਅੱਖਾਂ ਤੇ ਰੁਮਾਲ ਫੇਰ ਕੇ ਹੰਝੂ ਸਾਫ ਕਰਦੇ ਹਨ। ਉਹਨਾਂ ਦਾ ਮੁਖੀ ਵਾਰਤਾ ਸੁਣਾ ਰਿਹੈ ਕਿ ਮਹਾਰਾਜ ਜੀ! ਹੁਣ ਤਾਂ ਜਿਉਣ ਦਾ ਕੋਈ ਹੱਜ ਨਹੀਂ ਰਿਹਾ। ਧਰਮ ਖਤਰੇ ਵਿਚ ਪੈ ਗਿਆ ਹੈ ਤੇ ਮਹਾਰਾਜ ਜੀ ਸਾਰੀ ਵਾਰਤਾ ਧਿਆਨ ਨਾਲ ਸਰਵਣ ਕਰ ਰਹੇ ਹਨ। ਕਸ਼ਮੀਰ ਦੇ ਪੰਡਤਾਂ ਦੇ ਮੁਖੀ ਨੇ ਹਾਲ ਦੱਸਿਆ ਕਿ ਜਾਲਮ ਖਾਨ ਸ੍ਰੀ ਨਗਰ ਦਾ ਜੋ ਗਵਰਨਰ ਹੈ, ਓਹਨੇ ਇਹ ਕੰਮ ਫੜਿਆ ਹੈ ਕਿ 100 ਵੱਡੇ ਵਿਦਵਾਨ ਮਹਾਂਪੁਰਸ਼ ਜਿਹੜੇ ਹਿੰਦੂ ਹਨ ਉਹਨਾਂ ਨੂੰ ਫੜ ਕੇ ਜੇਹਲਮ ਦਰਿਆ ਦੇ ਕੰਢੇ ਤੇ ਲੈ ਆਉਂਦਾ ਹੈ ਤੇ ਉਥੇ ਬੇਅੰਤ ਮੁਲਖਈਆ ਇਕੱਠਾ ਹੋਇਆ ਹੁੰਦਾ ਹੈ ਤੇ ਉਹਨਾਂ ਸਾਰਿਆਂ ਦੇ ਸਾਮ੍ਹਣੇ ਉਹਨਾਂ ਨੂੰ ਪੁਛਿਆ ਜਾਂਦਾ ਹੈ ਕਿ ਤੁਸੀਂ ਧਰਮ ਤਿਆਗ ਕਰਦੇ ਹੋ। ਪਰ ਉਹਨਾਂ ਵਿਚੋਂ ਬਹੁਤ ਤਬਦੀਲ ਕਰਨ ਨਾਲੋਂ ਜਾਨ ਦੇਣ ਨੂੰ ਤਰਜੀਹ ਦਿੰਦੇ ਹਨ। ਸੱਚੇ ਪਾਤਸ਼ਾਹ ਉਥੇ ਸਾਰੇ ਬੰਦਿਆਂ ਨੂੰ ਸੰਗਲ ਨਾਲ ਬੰਨ੍ਹ ਕੇ ਇਕੋ ਭੱਰਾ ਬਣਾ ਲਿਆ ਜਾਂਦਾ ਹੈ। ਧੱਕਾ ਦੇ ਕੇ ਦਰਿਆ ਵਿਚ ਸੁੱਟ ਦਿੰਦੇ ਨੇ ਤੇ ਪਾਣੀ ਜਿਸ ਵੇਲੇ ਗਲ-ਗਲ ਤੱਕ ਆਉਂਦਾ ਹੈ ਤਾਂ ਕਿਸੇ ਦੇ ਮੂੰਹ ਵਿਚ ਪੈਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਉਹ ਡੁੱਬਦੇ ਨੇ, ਹੱਥ ਪੈਰ ਮਾਰਦੇ ਨੇ ਬੱਚਣ ਵਾਸਤੇ। ਉਹ ਸਾਰੇ ਹਾਕਮ ਇਕੱਠੇ ਹੋ ਕੇ ਇਨ੍ਹਾਂ ਦੀ ਮੌਤ ਦਾ ਤਮਾਸ਼ਾ ਦੇਖਦੇ ਹਨ। ਅਖੀਰ ਵਿਚ ਇਹ ਹੁੰਦਾ ਹੈ ਕਿ ਸਾਰੇ ਹੀ ਡੁੱਬ ਜਾਂਦੇ ਹਨ ਤੇ ਉਹਨਾਂ ਤੋਂ ਅੱਗੇ ਜਾ ਕੇ ਸੰਗਲ ਖੋਲ੍ਹ ਲਿਆਉਂਦੇ ਹਨ ਤੇ ਬੰਦੇ ਪਾਣੀ ਵਿਚ ਰੁੜ੍ਹ ਜਾਂਦੇ ਹਨ, ਇਹ ਸਾਡਾ ਹਾਲ

ਹੋ ਰਿਹਾ ਹੈ।

***ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥***
***ਪੰਨਾ - 1380***

ਮਹਾਰਾਜ ਜੀ! ਸਾਡੀ ਇਜ਼ਤ ਕੋਈ ਨਹੀਂ ਹੈ। ਡੋਲਾ ਆਉਂਦਾ ਹੈ ਪਹਿਲੇ ਦਿਨ ਹੀ ਹਾਕਮਾ ਦੇ ਘਰ ਭੇਜਣਾ ਪੈਂਦਾ ਹੈ। ਨਾ ਕਿਸੇ ਬੱਚੀ ਦਾ ਸਤ ਧਰਮ ਕਾਇਮ ਹੈ, ਨਾ ਕਿਸੇ ਹੋਰ ਦਾ ਹੈ। ਨਾ ਅਸੀਂ ਪੂਜਾ ਕਰ ਸਕਦੇ ਹਾਂ, ਨਾ ਅਸੀਂ ਸੰਖ ਬਜਾ ਸਕਦੇ ਹਾਂ, ਪੂਜਾ ਤੇ ਪਾਬੰਧੀਆਂ ਲਗਾ ਦਿਤੀਆਂ ਗਈਆਂ ਹਨ। ਬਚਨ ਕੋਈ ਨਹੀਂ ਕਰ ਸਕਦੇ, ਕੋਈ ਸ਼ਾਸਤਰ ਨਹੀਂ ਪੜ੍ਹ ਸਕਦੇ। ਜੇ ਪੜ੍ਹਦੇ ਹਾਂ ਤਾਂ ਉਹ ਸ਼ਾਸਤਰ ਖੋਹ ਲੈ ਜਾਂਦੇ ਹਨ ਤੇ ਜਾਲ ਦਿੱਤੇ ਜਾਂਦੇ ਹਨ। ਪਾਤਸ਼ਾਹ ਜੀ! ਅਸੀਂ ਸਾਰੇ ਦੁਖੀ ਹੋ ਕੇ ਅਮਰਨਾਥ ਦੀ ਗੁਫਾ ਵਿਚ ਚਲੇ ਗਏ ਸੀ। ਉਥੇ ਜਾ ਕੇ ਸ਼ਿਵ ਜੀ ਮਹਾਰਾਜ ਜੀ ਕੋਲ ਬਹੁਤ ਜਿਆਦਾ ਪੁਕਾਰਾਂ ਕੀਤੀਆਂ, ਹੇ ਪ੍ਰਭੂ! ਹੁਣ ਤੀਸਰਾ ਨੇਤਰ ਖੋਲ੍ਹ ਇਹਨਾਂ ਦੁਸ਼ਟਾਂ ਦਾ ਖਾਤਮਾ ਕਰ। ਪਾਤਸ਼ਾਹ! ਅਰਦਾਸਾਂ ਕਰਦਿਆਂ ਨੂੰ ਮਹੀਨਾ ਲੰਘ ਗਿਆ, ਕਿਸੇ ਨੇ ਵੀ ਜਵਾਬ ਨਹੀਂ ਦਿੱਤਾ। ਕਿਸੇ ਤੋਂ ਕੋਈ ਜਵਾਬ ਨਹੀਂ ਆਇਆ। ਇਸ ਤਰ੍ਹਾਂ ਲਗਿਆ ਜਿਵੇਂ ਰੱਬ ਹੀ ਨਹੀਂ ਹੁੰਦਾ। ਹੁੰਦਾ ਰੱਬ ਬੋਲਾ ਹੋ ਗਿਆ, ਬੋਲਾ ਰੱਬ ਕੁਛ ਨਹੀਂ ਸੁਣ ਰਿਹਾ।

ਬੱਸ ਇਕ ਵਾਰੀ ਇਕ ਆਵਾਜ਼ ਆਈ, ਹੇ ਪੰਡਤੋ! ਇਸ ਵੇਲੇ ਹਿੰਦੂ ਧਰਮ ਦਾ ਰਾਖਾ ਕੋਈ ਦੇਵੀ ਦੇਵਤਾ ਨਹੀਂ ਰਿਹਾ ਕਿਉਂਕਿ ਜੁਗ ਬਦਲ ਚੁਕਿਆ ਹੈ, ਕਲਜੁਗ ਆ ਗਿਆ ਹੈ। ਸੋ ਦੇਵਤੇ ਨੇ ਕਿਸੇ ਦੀ ਮਦਦ ਨਹੀਂ ਕਰਨੀ, ਨਾ ਸ਼ਿਵਜੀ ਨੇ ਕਰਨੀ ਹੈ, ਨਾ ਕਿਸੇ ਹੋਰ ਨੇ ਕਰਨੀ ਹੈ। ਹੁਣ ਤੁਹਾਡਾ ਰਾਖਾ ਅਨੰਦਪੁਰ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਨੌਂਵਾਂ ਸਰੂਪ ਧਾਰ ਕੇ ਬੈਠਾ ਹੈ। ਉਹਨਾਂ ਦੀ ਸ਼ਰਨ ਵਿਚ ਜਾਓ, ਉਹਨਾਂ ਕੋਲ ਬੇਨਤੀ ਕਰੋ। ਹੇ ਸੱਚੇ ਪਾਤਿਸ਼ਾਹ! ਸਾਰੇ ਭਾਰਤ ਵਰਸ਼ ਵਿਚੋਂ ਅਸੀਂ ਪੰਡਤ ਕ੍ਰਿਪਾ ਰਾਮ ਨੂੰ ਮੁਖੀ ਬਣਾ ਕੇ ਲਿਆਏ ਹਾਂ, ਜੋ ਗੁਰੂ ਘਰ ਦਾ ਪੰਡਤ ਵੀ ਹੈ ਤੇ ਆਪ ਦਾ ਵਿਸ਼ਵਾਸ ਪਾਤਰ ਵੀ ਹੈ। ਹੇ ਸੱਚੇ ਪਾਤਿਸ਼ਾਹ! ਸਾਡੀ ਬਾਂਹ ਫੜੋ, ਸਾਡੀ ਬਾਂਹ ਫੜਨ ਵਾਲਾ ਹੋਰ ਕੋਈ ਨਹੀਂ ਹੈ। ਉਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਬਾਹਰੋਂ ਖੇਡਦੇ ਹੋਏ ਆਉਂਦੇ ਹਨ। ਗੁਰੂ ਮਹਾਰਾਜ ਜੀ ਦਾ ਉਚੇ ਚੌਤਰੇ ਤੇ ਆਸਣ ਲੱਗਿਆ ਹੋਇਆ ਹੈ, ਜਿਸ ਨੂੰ ਅੱਜ ਕੱਲ ਸਟੇਜ ਕਹਿੰਦੇ ਹਨ। ਭਾਰਤ ਵਰਸ਼ ਵਿਚੋਂ ਹਿੰਦੂ ਧਰਮ ਦੇ ਜਿੰਨੇ ਵੀ ਮੁਖੀ-ਮੁਖੀ ਵਿਦਵਾਨ ਆਏ ਹੋਏ ਸਨ, ਸਾਰੇ ਉਦਾਸ ਤੇ ਗੰਭੀਰ ਬੈਠੇ ਸਨ, ਦਿਲ ਤੋੜਨ ਵਾਲੀਆਂ ਕਥਾਵਾਂ ਕਹਿ ਰਹੇ ਸਨ। ਮਹਾਰਾਜ ਜੀ ਬਹੁਤ ਡੂੰਘੇ ਧਿਆਨ ਦੇ ਨਾਲ ਸਰਵਣ ਕਰਦੇ ਹੋਏ ਖਾਮੋਸ਼ ਸਨ। ਇਸ ਖਾਮੋਸ਼ੀ ਨੂੰ ਤੋੜਨ ਵਾਸਤੇ ਗੁਰੂ ਦਸਵੇਂ ਪਾਤਸ਼ਾਹ ਪਿਛਲੇ ਪਾਸਿਓਂ ਸਟੇਜ ਤੇ ਚੜ੍ਹੇ। ਪਹਿਲਾ ਦੇਖਦੇ ਰਹੇ, ਥੋੜੀ ਦੇਰ ਤੋਂ ਬਾਅਦ ਦੋਨੋਂ ਬਾਹਾਂ ਪਿਤਾ ਦੇ ਗੱਲ ਵਿਚ ਪਾਈਆਂ। ਇਸ ਤੋਂ ਪਹਿਲਾਂ ਉਹ ਕੁਛ ਕਹਿੰਦੇ, ਫਟਾਫਟ ਆਪ ਗੋਦੀ ਵਿਚ ਆ ਕੇ ਬੈਠ ਗਏ। ਮਹਾਰਾਜ ਜੀ ਨੇ ਨੇਤਰ ਖੋਲ੍ਹੇ ਤੇ ਉਹਨਾਂ ਵੱਲ ਨੇਤਰ ਕਰੇ, ਉਹਨਾਂ ਨੇ ਬੜੇ ਭੇਦ ਭਰੇ ਢੰਗ ਦੇ ਨਾਲ ਇਕ ਦੂਜੇ ਨੂੰ ਦੇਖਿਆ। ਉਸ ਵੇਲੇ ਆਪ ਨੇ ਬੇਨਤੀ ਕਰੀ ਪਾਤਸ਼ਾਹ ਪਿਤਾ, ਗੁਰੂ ਜੀ! ਕੀ ਗੱਲ ਹੈ, ਐਨੀ ਉਦਾਸੀ ਕਿਉਂ ਹੈ, ਇਹ ਲੋਕ ਕੌਣ ਹਨ ਤੇ ਕੀ ਮੰਗਦੇ ਹਨ? ਕਿਹੜੀ ਚੀਜ਼ ਹੈ ਜਿਹੜੀ ਇਹਨਾਂ ਨੂੰ ਦੇਣ ਵਾਸਤੇ ਤੁਹਾਡੇ ਕੋਲ ਨਹੀਂ ਹੈ? ਉਸ ਵੇਲੇ ਸਾਰੀ ਵਿਥਿਆ ਦੱਸੀ ਕਿ ਇਸ ਤਰ੍ਹਾਂ ਇਹ ਕਹਿੰਦੇ ਹਨ। ਬਾਲਕ ਗੋਬਿੰਦ ਜੀ ਕਹਿਣ ਲੱਗੇ, ਬੜੀ ਆਸਾਂ ਨਾਲ ਆਏ ਹਨ ਫੇਰ ਇਹਨਾਂ ਦਾ ਆਪ ਜੀ ਨੇ ਕੀ ਇਲਾਜ ਸੋਚਿਆ ਹੈ? ਕਹਿਣ ਲੱਗੇ ਲਾਲ ਜੀ! ਇਸ ਵੇਲੇ ਤਾਂ ਇਲਾਜ ਇਹ ਹੈ ਕਿ ਕੋਈ ਪੂਰਨ ਮਹਾਂਪੁਰਸ਼ ਆਪਣੇ ਸੀਸ ਦੀ ਬਲੀ ਦੇਵੇ। ਇਹ ਪਹਾੜ ਵਰਗਾ ਜਿਹੜਾ ਜ਼ੋਰ-ਜ਼ੁਲਮ ਦਾ ਹੜ੍ਹ ਚਲ ਰਿਹਾ ਹੈ ਉਸ ਦੇ ਅੱਗੇ ਛਾਤੀ ਤਾਣ ਕੇ ਖੜਾ ਹੋ ਜਾਵੇ। ਉਹ ਹੀ ਇਸ ਹੜ੍ਹ ਨੂੰ ਠੱਲ ਸਕਦਾ ਹੈ, ਉਸਦਾ ਵਗਿਆ ਹੋਇਆ ਖੂਨ ਹੀ ਠੀਕ ਕਰ ਸਕਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਉਸ ਵੇਲੇ ਆਪ ਨੇ ਬਹੁਤਾ ਨਹੀਂ ਸੋਚਿਆ, ਇਕ ਦਮ ਚਰਨਾਂ ਵਿਚ ਬੇਨਤੀ ਕਰ ਦਿੱਤੀ। ਕਹਿਣ ਲੱਗੇ, ਪਿਤਾ ਜੀ ਗੁਰੂ ਘਰ ਦਾ ਅਸੂਲ ਹੈ।

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ॥ ਪੰਨਾ - 544***

ਆਪ ਦੀ ਸ਼ਰਨ ਆਏ ਨੇ, ਇਹਨਾਂ ਨੇ ਆਪ ਦੀ ਸ਼ਰਨ ਲਈ ਹੈ ਕਿਉਂਕਿ ਗੁਰੂ ਦਸਮੇਸ਼ ਪਿਤਾ ਜੀ ਵਿਚ ਕੇਵਲ ਪਿਤਾ ਭਾਵਨਾ ਹੀ ਨਹੀਂ ਸੀ, ਪ੍ਰਮੇਸ਼ਰ ਭਾਵਨਾ ਵੀ ਸੀ। ਕਹਿੰਦੇ, ਜੋ ਵੀ ਆਪ ਦੀ ਸ਼ਰਨ ਵਿਚ ਆਇਆ, ਜਿਸਨੇ ਵੀ ਆਪ ਦੀ ਸ਼ਰਨ ਲਈ ਹੈ, ਉਹ ਫੇਰ ਦੁਖੀ ਨਹੀਂ ਹੋਇਆ ਕਰਦਾ। ਮਹਾਰਾਜ ਕਹਿੰਦੇ, ਪੁੱਤਰ! ਬਲੀਦਾਨ ਦੇਣਾ ਹੈ। ਕਹਿੰਦੇ, ਹਾਂ! ਤੁਹਾਡੇ ਵਰਗਾ ਮਹਾਂਪੁਰਖ ਹੋਰ ਦੁਨੀਆਂ ਤੇ ਹੈ ਹੀ ਕੋਈ ਨਹੀਂ। ਤੁਸੀਂ ਆਪਣੇ ਸੀਸ ਦਾ ਬਲੀਦਾਨ ਦੇ ਕੇ ਇਸ ਰੁੜਦੀ ਹਿੰਦ ਨੂੰ ਬਚਾ ਲਓ। ਗੁਰੂ ਮਹਾਰਾਜ ਇਨ੍ਹਾਂ ਦੀਨ ਦੁਖੀਆਂ ਦੀ ਬਾਂਹ ਫੜਦੇ ਹਨ ਤੇ ਸ਼ਹਾਦਤ ਦਾ ਜਾਮ ਪੀ ਕੇ, ਆਪਣੇ ਲਹੂ ਦੀ ਅਹੂਤੀ ਦੇ ਕੇ ਡੁਬਦੀ ਹਿੰਦ ਦਾ ਬੇੜਾ ਪਾਰ ਕੀਤਾ।

ਉਸ ਤੋਂ ਬਾਅਦ ਕੇਵਲ 11 ਸਾਲ ਦੀ ਆਪ ਦੀ ਛੋਟੀ ਉਮਰ ਸੀ ਜਦੋਂ ਆਪ ਨੇ ਪੰਥ ਦੀ ਵਾਗਡੋਰ

ਸੰਭਾਲੀ। ਪਹਿਲਾ ਮਸੰਦਾ ਨਾਲ ਆਪਦਾ ਵਾਹ ਪਿਆ, ਮਸੰਦ ਪੂਜਾ ਦਾ ਧਾਨ ਖਾ ਖਾ ਕੇ ਐਨੀ ਖੋਟੀ ਮੱਤ ਦੇ ਹੋ ਚੁਕੇ ਸੀ ਕਿ ਉਹਨਾਂ ਵਿਚ ਇਹ ਵਿਚਾਰ ਪ੍ਰਧਾਨ ਹੋ ਗਈ ਸੀ ਕਿ ਗੁਰੂ ਨੂੰ ਬਣਾ ਦੇਣਾ ਤੇ ਹਟਾ ਦੇਣਾ ਸਾਡੇ ਬਾਂਏ ਹੱਥ ਦੀ ਖੇਲ ਹੈ। ਮਹਾਰਾਜ ਜੀ ਨੇ ਉਹ ਮਸੰਦਪੁਣਾ ਦੂਰ ਕੀਤਾ। ਸਿੱਖਾਂ ਨਾਲ ਸਿੱਧਾ ਸੰਬੰਧ ਪੈਦਾ ਕਰਕੇ ਆਪ ਜੀ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ।

ਪਹਿਲਾਂ ਦੋ ਤਰ੍ਹਾਂ ਦੇ ਸਿੱਖ ਸੀ, ਇਕ ਨੂੰ ਤਾਂ ਗੁਰੂ ਕੇ ਕਿਹਾ ਜਾਂਦਾ ਸੀ। ਉਹ ਜਿਹੜੇ ਗੁਰੂ ਦੇ ਸਿੱਖ ਸੀ, ਉਹ ਮਸੰਦਾਂ ਦੇ ਸਿੱਖ ਹੋਇਆ ਕਰਦੇ ਸੀ। ਮਸੰਦ ਉਹਨਾਂ ਦਾ ਨਾਂ ਲੈਂਦੇ ਸੀ। ਮਸੰਦ ਕਰਣੀ ਕਰਮਾਈ ਤੋਂ ਇੰਨੇ ਹੀਣੇ ਹੋ ਚੁੱਕੇ ਸੀ ਕਿ ਉਹਨਾਂ ਦੀਆਂ ਗੱਲਾਂ ਵਿਚ ਵੀ ਸਮਾਂ ਬਰਬਾਦ ਕਰਨਾ ਮਹਿਸੂਸ ਹੁੰਦਾ ਹੈ। ਇੰਨੇ ਗਿਰੇ ਹੋਏ, ਗੁਰੂ ਮਹਾਰਾਜ ਜੀ ਵੇਲੇ ਹੋ ਗਏ ਸਨ। ਉਹਨਾਂ ਨੂੰ ਤਾਂ ਕਹਿੰਦੇ ਸੀ ਗੁਰੂ ਕੇ।

ਇਕ ਨੂੰ ਖਾਲਸਾ ਕਹਿੰਦੇ ਸੀ, ਜਿਹੜੇ ਸਿੱਧੇ ਗੁਰੂ ਤੋਂ ਨਾਮ ਲੈਂਦੇ ਸੀ। ਹੁਣ ਗੁਰੂ ਮਹਾਰਾਜ ਜੀ ਨੇ ਕਿਹਾ ਪਿਆਰਿਓ, ਜਿਹੜੀ ਹੁਣ ਇਹ ਵਿਚਾਲੇ ਇਕ ਦੀਵਾਰ ਬਣੀ ਹੋਈ ਹੈ। ਇਹ ਦੀਵਾਰ ਨਹੀਂ ਰਹਿਣ ਦੇਣੀ। ਤੁਸੀਂ ਹੁਣ ਸਾਰੇ ਤਿਆਰੀ ਕਰਕੇ ਅੰਮ੍ਰਿਤ ਛਕੋ।

***ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹਲੁ ਖੰਡੇਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***

***ਭਾਈ ਗੁਰਦਾਸ ਜੀ ਦੀ ਵਾਰ 14/1***

ਗੁਰੂਆਂ ਦਾ ਕੋਈ ਹਿਸਾਬ ਕਿਤਾਬ ਨਹੀਂ ਸੀ ਰਹਿਣਾ ਜੇ ਗੁਰੂ ਮਹਾਰਾਜ ਖੰਡੇ ਬਾਟੇ ਦੇ ਅੰਮ੍ਰਿਤ ਦੀ ਰੀਤ ਨਾ ਤੋਰਦੇ। ਦੂਜਾ ਇਹ ਸੀ ਬ੍ਰਹਮ ਗਿਆਨ ਵਿਚ ਤਾਂ ਗੁਰਸਿੱਖ ਪੂਰੇ ਹੋ ਗਏ ਸੀ, ਦੇਹ-ਅਧਿਆਸ ਟੁੱਟ ਚੁਕਿਆ ਸੀ, ਦੇਹ-ਅਧਿਆਸ ਨੂੰ ਵੀ ਕਿਸੇ ਕੰਮ ਵਿਚ ਲਾਉਣ ਵਾਸਤੇ, ਆਪ ਨੇ ਬੀਰ ਰਸ ਦਾ ਟੀਕਾ ਲਾਇਆ ਕਿ ਜ਼ੁਲਮ ਨੂੰ ਚੁਪ ਕਰਕੇ ਨਹੀਂ ਸਹਿਣਾ। 'ਧਰਮ' ਦੀ ਹਾਨੀ ਹੁੰਦੀ ਦੇਖ ਕੇ ਉਥੋਂ ਚੁਪ ਕਰਕੇ ਨੱਠਣਾ, ਭਜਣਾ ਨਹੀਂ ਉਥੇ ਆਪਣੀ ਦੇਹ ਦਾ ਬਲਿਦਾਨ ਦੇ ਦਿਓ। ਦਸਮੇਸ਼ ਪਿਤਾ ਜੀ ਪਹਿਲਾ ਆਪਣੇ ਪਿਤਾ ਦਾ ਸੀਸ ਬਲੀਦਾਨ ਦਵਾ ਕੇ ਦਿਖਾਇਆ, ਫੇਰ ਆਪਣੇ ਚਾਰੇ ਸਾਹਿਬਜ਼ਾਦਿਆਂ ਦਾ ਬਲਿਦਾਨ ਦਵਾ ਕੇ ਦਿਖਾਇਆ। ਬੇਅੰਤ ਆਪਣੇ ਸਿੱਖਾਂ ਦਾ, ਰਿਸ਼ਤੇਦਾਰਾਂ ਦਾ, ਮਾਤਾ ਜੀ ਦਾ, ਪਿਤਾ ਜੀ ਦਾ ਸਾਰੇ ਬਲੀਦਾਨ ਦੇ ਕੇ ਇਕ ਮਿਸਾਲ ਕਾਇਮ ਕੀਤੀ। ਇਕ ਨਵੀਂ ਨਰੋਈ ਜੀਵਨ ਜਾਂਚ ਸਿਖਾਈ ਕਿ ਪਿਆਰਿਓ! ਨਾ ਕਿਸੇ ਤੋਂ ਡਰਨਾ ਹੈ, ਨਾ ਹੀ ਕਿਸੇ ਨੂੰ ਡਰਾਉਣਾ ਹੈ। ਨਾਲੇ ਫੁਰਮਾਨ ਕੀਤਾ ਕਿ ਤੁਸੀਂ ਕਿਸੇ ਹੋਰ ਦਾ ਜਾਪ ਨਹੀਂ ਕਰਨਾ, ਹੋਰ ਕੋਈ ਮੰਤਰ ਨਹੀਂ ਸਿਮਰਨਾ, ਅਕਾਲ ਪੁਰਖ ਜਾਗਦੀ ਜੋਤ ਹੈ, ਹਰ ਇਕ ਦੇ ਨਾਲ ਹੈ, ਘਟ ਘਟ ਵਿਚ ਵਿਆਪਕ ਹੈ। ਅੰਦਰ ਬਾਹਰ ਓਹੀ ਹੈ।

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***

***ਪੰਨਾ - 293***

ਜੋ ਅਕਾਲ ਪੁਰਖ ਹੈ, ਤੁਹਾਡੇ ਨਾਲ ਰਹਿਣ ਵਾਲਾ, ਤੁਹਾਡੀ ਸ੍ਵਾਸ-ਸ੍ਵਾਸ ਪ੍ਰਤੀਪਾਲਣਾ ਕਰਨ ਵਾਲਾ, ਹਰ ਥਾਂ ਤੇ ਤੁਹਾਡੀ ਸਹਾਇਤਾ ਕਰਨ ਵਾਲਾ, ਉਸ ਦਾ ਧਿਆਨ ਧਰੋ, ਅਤੇ ਭੁਲਕੇ ਵੀ ਕਿਸੇ ਹੋਰ ਨੂੰ ਨਾ ਜਪਿਓ।

***ਜਾਗਤ ਜੋਤਿ ਜਪੈ ਨਿਸ ਬਾਸੁਰ,***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ,***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥ (ਖਾਲਸਾ)***

ਮਹਾਰਾਜ ਜੀ ਕਹਿੰਦੇ ਕਿ ਗੁਰਸਿਖ ਵਿਚ ਦੋ ਗੱਲਾਂ ਹੋਣੀਆਂ ਚਾਹੀਦੀਆਂ ਹਨ। ਇਕ ਤਾਂ ਪੂਰੀ ਪ੍ਰਤੀਤ ਹੋਣੀ ਚਾਹੀਦੀ ਹੈ ਕਿ ਵਾਹਿਗੁਰੂ ਮੇਰੇ ਨਾਲ ਸਦਾ ਅੰਗ ਸੰਗ ਹੈ।

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਪੰਨਾ - 394***

ਦੂਜੀ ਅੰਦਰੋਂ ਖਾਲੀ ਨਾ ਹੋਵੇ, ਪਿਆਰ ਵੀ ਮੇਰੇ ਨਾਲ ਹੋਵੇ। ਬਾਕੀ ਕਿਸੇ ਮੜੀ ਨੂੰ, ਕਿਸੇ ਗੁਫਾ ਨੂੰ, ਕਿਸੇ ਨੂੰ ਮੱਥਾ ਨਹੀਂ ਟੇਕਣਾ, ਜਦ ਸੀਸ ਹੀ ਗੁਰੂ ਨੂੰ ਦੇ ਦਿੱਤਾ ਹੈ ਤਾਂ ਸੀਸ ਜਾਂ ਤਾਂ ਗੁਰੂ ਪਿਆਰਿਆਂ ਅੱਗੇ ਨਿਵੇਗਾ ਜਾਂ ਗੁਰੂ ਅੱਗੇ ਨਿਵੇਗਾ, ਹੋਰ ਕਿਸੇ ਅੱਗੇ ਨਹੀਂ ਝੁਕਾਣਾ ਚਾਹੀਦਾ। ਦੁਨੀਆਂ ਦੇ ਕਿਸੀ ਬਾਦਸ਼ਾਹ ਅੱਗੇ ਨਹੀਂ ਝੁਕੇਗਾ ਕਿਉਂਕਿ ਸੱਖ ਬੇਗਰਜ ਹੁੰਦਾ ਹੈ।

***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥***

***ਪੰਨਾ - 1374***

ਬੁਰੇ ਕਿਸੇ ਦਾ ਨਹੀ ਚਿਤਵਨਾ, ਸਭ ਦਾ ਭਲਾ ਮਨਾਉਣਾ ਹੈ। ਦਿਲੋਂ ਅਰਦਾਸ ਕਰਨੀ ਹੈ।

***ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ॥***

ਕਿਸੇ ਨਾਲ ਵੈਰ ਨਹੀਂ ਕਰਨਾ, ਕਿਸੇ ਦਾ ਬੁਰਾ ਨਹੀਂ ਚਿਤਵਨਾ, ਕਿਸੇ ਦੀ ਨਿੰਦਿਆ ਨਹੀਂ ਕਰਨੀ, ਈਰਖਾ ਵਿਚ ਨਹੀਂ ਆਉਣਾ, ਜਿਹੜਾ ਈਰਖਾ ਵਿਚ ਆਉਂਦਾ ਹੈ, ਉਹ ਸਿੱਖ ਨਹੀਂ ਹੁੰਦਾ। ਜਿਹੜਾ ਗੁਰਸਿੱਖ, ਸਿੱਖ ਦੀ ਨਿੰਦਿਆ ਕਰਦਾ ਹੈ ਉਹ ਸਿੱਖ ਸਿੱਖ ਹੀ ਨਹੀਂ ਹੈ ਕਿਉਂਕਿ ਉਸ ਨੂੰ ਗੁਰੂ ਦੇ ਸਿਧਾਂਤ ਦਾ ਹੀ ਨਹੀਂ ਪਤਾ ਕਿ ਗੁਰੂ ਮਹਾਰਾਜ ਜੀ ਕੀ ਕਹਿੰਦੇ ਹਨ?

(ਬਾਕੀ ਪੰਨਾ 37 ਤੇ)

# ਅਚਿੰਤੇ ਬਾਜ ਪਏ

*ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ*

8 ਅਕਤੂਬਰ 2005 ਦੀ ਸਵੇਰ ਆਮ ਵਾਂਗ ਸੂਰਜ ਉਦੇ ਹੋਣ ਤੇ ਕਾਰੋਬਾਰਾਂ ਦੀ ਸ਼ੁਰੂਆਤ ਹੋਣ ਲੱਗੀ ਅਤੇ ਸਮੇਂ ਨੇ ਐਸੀ ਕਰਵਟ ਬਦਲੀ ਕਿ ਇਹ ਸਵੇਰ ਹਰ ਰੋਜ਼ ਦੀ ਤਰ੍ਹਾਂ ਆਮ ਸਵੇਰ ਤੋਂ ਬਦਲਕੇ ਬਹੁਤ ਹੀ ਹਰੇਕ ਦੇ ਦਿਲ ਨੂੰ ਦਹਿਲਾਉਣ ਵਾਲੀ ਸੀ। ਪਾਕਿਸਤਾਨ ਅਤੇ ਹਿੰਦੂਸਤਾਨੀ ਕਸ਼ਮੀਰ ਵਿਚ ਬਹੁਤ ਹੀ ਭਿਆਨਕ ਭੂਚਾਲ ਨੇ ਲਗਭਗ 70,000 ਹਸਦੇ ਵਸਦੇ ਲੋਕਾਂ ਨੂੰ ਸਦਾ ਦੀ ਨੀਂਦ ਮੌਤ ਦੀ ਗੋਦੀ ਵਿਚ ਸਲਾ ਦਿਤਾ। ਜਿਸ ਦੇ ਬਾਰੇ ਗੁਰਬਾਣੀ ਦੇ ਫੁਰਮਾਨ ਪ੍ਰਤੱਖ ਹੋ ਰਹੇ ਸਨ -

**ਰਾਜਾਸ੍ਰਮੁ ਮਿਤਿ ਨਹੀਂ ਜਾਨੀ ਤੇਰੀ॥ ਤੇਰੇ ਸੰਤਨ ਕੀ ਹਉ ਚੇਰੀ॥**
**ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ॥**



# ਟਰਸਟ ਰਤਵਾੜਾ ਸਾਹਿਬ ਵੱਲੋਂ ਜੰਮੂ ਅਤੇ ਕਸ਼ਮੀਰ ਵਿਚ ਕੀਤੀ ਸੇਵਾ ਦੇ ਦ੍ਰਿਸ਼

ਬਸਤੋ ਹੋਇ ਹੋਓ ਸੁ ਊਜਰੁ ਊਜਰੁ ਹੋਇ ਸੁ ਬਸੈ ॥
ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥
ਧਰਤੀ ਤੇ ਆਕਾਸਿ ਚੜਾਵੈ ਚੜੇ ਅਕਾਸਿ ਗਿਰਾਵੈ ॥
ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥
ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥














# ਟਰਸਟ ਰਤਵਾੜਾ ਸਾਹਿਬ ਵੱਲੋਂ ਜੰਮੂ ਅਤੇ ਕਸ਼ਮੀਰ ਵਿਚ ਕੀਤੀ ਸੇਵਾ ਦੇ ਦ੍ਰਿਸ਼

*ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥*
*ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥*
*ਅਤੇ*
*ਹਰਿ ਕੀ ਗਤਿ ਨਹਿ ਕੋਊ ਜਾਨੈ ॥*
*ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥*
*ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥*
*ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥*
*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*
*ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ ॥*
*ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ ॥*

ਪੰਨਾ - 537



ਦੁਨਿਆਵੀ ਦੁਨੀਆਂਦਾਰਾਂ ਦਾ ਕਈ ਪੁਸਤਾਂ ਤੋਂ ਬਣੇ ਵੱਡੇ ਵੱਡੇ ਮਹਿਲ ਮੁਨਾਰਾਂ ਨੂੰ ਕੁਝ ਹੀ ਸੈਂਕਿੰਡ ਵਿਚ ਮਲਬੇ ਦੇ ਢੇਰ ਵਿਚ ਬਦਲ ਦਿਤਾ। ਦੁਖੀ ਲੋਕਾਂ ਦੀ ਕੂਕ ਪੁਕਾਰ ਸੁਣਨ ਵਾਲਾ ਸ਼ਾਇਦ ਹੀ ਮੌਕੇ ਤੇ ਕੋਈ ਪਹੁੰਚਿਆ ਹੋਵੇ। ਅਨੇਕਾਂ ਹੀ ਕੀਮਤੀ ਜਾਂਨਾ ਮਲਵੇ ਦੇ ਢੇਰ ਹੇਠ ਭੁਚਾਲ ਵਰਗੀ ਭਿਆਨਕ ਆਫਤ ਦਾ ਸ਼ਿਕਾਰ ਹੋ ਗਈਆਂ। ਭੁਚਾਲ ਤੋਂ ਬਆਦ ਪਾਕਿਸਤਾਨ ਅਤੇ ਹਿੰਦੂਸਤਾਨ ਦੀ ਨਿਰਅੰਤਰਣ ਰੇਖਾ ਅਤੇ ਸੀਮਾਂ ਉਪਰ ਹਜਾਰਾਂ ਕਰੋੜ ਦੀ ਲਾਗਤ ਨਾਲ ਬਣਾਈ ਗਈ ਫੈਨਸਿੰਗ (ਕੰਡਾ ਤਾਰ) ਦਾ ਵੀ ਕਬਾੜਾ ਹੋ ਗਿਆ। ਹਿੰਦੂਸਤਾਨੀ ਕਸ਼ਮੀਰ ਬਾਰਡਰ ਦੇ ਇਲਾਕਿਆਂ ਵਿਚ ਫੌਜ ਵੱਲੋਂ ਅਥਾਹ ਸੇਵਾ ਕਰਕੇ ਮਲਬਿਆਂ ਹੇਠ ਦਬੀਆਂ ਲਾਸ਼ਾਂ ਨੂੰ ਕੱਢਿਆ ਗਿਆ ਹੁਣ ਵੀ 68 ਦਿਨ ਬਾਅਦ ਇਕ ਅਦਭੁਤ ਕ੍ਰਿਸ਼ਮਾ ਵਰਤਿਆ ਕਿ ਇਕ ਬੀਬੀ ਦਾ ਜੀਵਤ ਸਰੀਰ ਪ੍ਰਾਪਤ ਹੋਇਆ ਜਿਸ ਦਾ ਇਲਾਜ ਹਸਪਤਾਲ ਵਿਚ ਚਲ ਰਿਹਾ ਹੈ। ਹੋਰ ਵੀ ਅਨੇਕਾਂ ਹੀ ਭਿਆਨਕ ਦ੍ਰਿਸ਼ ਦੇਖਣ ਨੂੰ ਪ੍ਰਾਪਤ ਹੋਏ ਜਿਵੇਂ ਕਿ ਇਸ ਤਰ੍ਹਾਂ ਨਾਲ ਹੋਇਆ ਹੋਵੇ -



# ਟਰਸਟ ਰਤਵਾੜਾ ਸਾਹਿਬ ਵੱਲੋਂ ਜੰਮੂ ਅਤੇ ਕਸ਼ਮੀਰ ਵਿਚ ਕੀਤੀ ਸੇਵਾ ਦੇ ਦ੍ਰਿਸ਼

ਦਿਤਾ। ਦੁਖੀ ਲੋਕਾਂ ਦੀ ਕੂਕ ਪੁਕਾਰ ਸੁਣਨ ਵਾਲਾ ਸ਼ਾਇਦ ਹੀ ਮੌਕੇ ਤੇ ਕੋਈ ਪਹੁੰਚਿਆ ਹੋਵੇ। ਅਨੇਕਾਂ ਹੀ ਕੀਮਤੀ ਜਾਂਨਾ ਮਲਵੇ ਦੇ ਢੇਰ ਹੇਠ ਭੂਚਾਲ ਵਰਗੀ ਭਿਆਨਕ ਆਫਤ ਦਾ ਸ਼ਿਕਾਰ ਹੋ ਗਈਆਂ। ਭੂਚਾਲ ਤੋਂ ਬਆਦ ਪਾਕਿਸਤਾਨ ਅਤੇ ਹਿੰਦੁਸਤਾਨ ਦੀ ਨਿਰਅੰਤਰਣ ਰੇਖਾ ਅਤੇ ਸੀਮਾਂ ਉਪਰ ਹਜਾਰਾਂ ਕਰੋੜ ਦੀ ਲਾਗਤ ਨਾਲ ਬਣਾਈ ਗਈ ਫੈਨਸਿੰਗ (ਕੰਡਾ ਤਾਰ) ਦਾ ਵੀ ਕਬਾੜਾ ਹੋ ਗਿਆ। ਹਿੰਦੁਸਤਾਨੀ ਕਸ਼ਮੀਰ ਬਾਰਡਰ ਦੇ ਇਲਾਕਿਆਂ ਵਿਚ ਫੌਜ ਵੱਲੋਂ ਅਥਾਹ ਸੇਵਾ ਕਰਕੇ ਮਲਬਿਆਂ ਹੇਠ ਦਬੀਆਂ ਲਾਸ਼ਾਂ ਨੂੰ ਕੱਢਿਆ ਗਿਆ ਹੁਣ ਵੀ 68 ਦਿਨ ਬਾਅਦ ਇਕ ਅਦਭੁਤ ਕ੍ਰਿਸ਼ਮਾ ਵਰਤਿਆ ਕਿ ਇਕ ਬੀਬੀ ਦਾ ਜੀਵਤ ਸਰੀਰ ਪ੍ਰਾਪਤ ਹੋਇਆ ਜਿਸ ਦਾ ਇਲਾਜ ਹਸਪਤਾਲ ਵਿਚ ਚਲ ਰਿਹਾ ਹੈ। ਹੋਰ ਵੀ ਅਨੇਕਾਂ ਹੀ ਭਿਆਨਕ ਦ੍ਰਿਸ਼ ਦੇਖਣ ਨੂੰ ਪ੍ਰਾਪਤ ਹੋਏ ਜਿਵੇਂ ਕਿ ਇਸ ਤਰ੍ਹਾਂ ਨਾਲ ਹੋਇਆ ਹੋਵੇ –



***ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ॥***
***ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥***
***ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥***
***ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥***

ਅੰਗ – 1383

**ਅਨੁਭਵੀ ਮਹਾਂਪੁਰਸ਼, ਬ੍ਰਹਮ ਸਰੋਤਰੀ, ਬ੍ਰਹਮ ਬਕਤਾ, ਬ੍ਰਹਮ ਗਿਆਨੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਬਹੁਪੱਖੀ ਸਖਸ਼ੀਅਤ ਦੇ ਮਾਲਕ ਸਨ। ਜਿਨਾਂ ਨੇ ਆਪਣਾ ਅਨੁਭਵ ਇਸ ਤਰ੍ਹਾਂ ਨਾਲ ਪਰਗਟ ਕੀਤਾ ਹੈ :-**

"ਨੈਸ਼ਨਲ ਡਿਜ਼ਾਸਟਰ ਕਮੇਟੀ ਦੀ ਮੀਟਿੰਗ ਜੋ ਕਿ ਕਰਿੱਡ ਵਿਚ ਹੋਈ, ਉਸ ਵਿਚ ਮੈਂ ਇਸ ਬਾਰੇ ਦੱਸਿਆ ਸੀ ਕਿ ਸੰਸਾਰ ਵਿਚ ਬੇਅੰਤ ਕਿਸਮ ਦੀਆਂ ਆਫਤਾਂ ਜਿਸਨੂੰ natural calamity ਕਹਿੰਦੇ ਹਨ ਆਉਂਦੀਆਂ ਹੀ ਰਹਿੰਦੀਆਂ ਹਨ। ਇਕ ਤਾਂ ਉਹ ਦੇਸ਼ ਹਨ ਜਿਹੜੇ ਆਪਣੀ ਪੂਰੀ ਤਿਆਰੀ ਵਿਚ ਲੱਗੇ ਰਹਿੰਦੇ ਹਨ ਅਤੇ ਆਪਣੇ ਬਚਾਓ ਦੇ ਉਪਰਾਲੇ ਕਰਦੇ ਰਹਿੰਦੇ ਹਨ, ਕੁਝ ਹਾਲਤਾਂ ਵਿਚ ਉਹ ਸਫਲ ਵੀ ਹੁੰਦੇ ਹਨ। ਜਿਵੇਂ ਕਿ ਜਪਾਨ ਵਿਚ ਬਹੁਤ ਹੀ ਭੂਚਾਲ ਆਉਂਦੇ ਹਨ ਪਰ ਉਥੇ ਮੁਕਾਬਲਾ ਕਰਨ ਲਈ ਤਿਆਰੀ ਵੀ ਬਹੁਤ ਹੈ, ਮਕਾਨ ਅਜਿਹੇ ਬਣਾਏ ਜਾ ਰਹੇ ਹਨ ਕਿ ਉਹ ਭੂਚਾਲ ਦੇ ਮਾਮੂਲੀ ਝਟਕਿਆਂ ਨਾਲ ਨਾ ਗਿਰਨ। ਅਮਰੀਕਾ ਵਿਚ ਸਾਨਫਰਾਂਸਿਸਕੋ ਸਦਾ ਹੀ ਕੰਬਦਾ ਰਹਿੰਦਾ ਹੈ, ਉਥੇ ਵੀ ਬਹੁਤ ਭੂਚਾਲ ਆਉਂਦੇ ਹਨ, ਪਿਛਲੇ ਭੂਚਾਲਾਂ ਨੇ ਲਾਸਐਂਜਲਸ ਦੇ ਨੇੜੇ ਬਣੇ ਪੁਲਾਂ ਨੂੰ ਐਉਂ ਤੋੜ ਦਿਤਾ ਸੀ ਜਿਵੇਂ ਸਣ ਦੇ ਡੱਕਿਆਂ ਨੂੰ ਥੋੜ੍ਹੇ ਜਿਹੇ ਬਲ ਨਾਲ ਬੱਚਾ ਤੋੜ ਦਿੰਦਾ ਹੈ ਪਰ ਉਨ੍ਹਾਂ ਨੇ ਇਕ ਦਮ ਸਾਰੇ ਪੁਲ ਸੜਕਾਂ ਬਣਾ ਲਈਆਂ। ਇਸੇ ਤਰ੍ਹਾਂ ਨਾਲ ਸਾਨਫਰਾਂਸਿਸਕੋ ਵਿਚ ਭੂਚਾਲ ਨੇ ਸਮੁੰਦਰ ਦੇ ਉਪਰ ਦੀ ਲੰਘਦੀ 11 ਮੀਲ ਲੰਮੀ ਸੜਕ ਤੋੜ ਦਿਤੀ, ਬਹੁਤ ਸਾਰੀਆਂ ਗੱਡੀਆਂ ਸਮੁੰਦਰ ਵਿਚ ਜਾ ਗਿਰੀਆਂ। ਉਨ੍ਹਾਂ ਨੇ ਮੁੜ ਕੇ ਫੇਰ ਸੜਕ ਬਣਾ ਲਈ। ਬਿਲਡਿੰਗਾਂ ਵਿਚ ਲਚਕ ਲੈ ਆਂਦੀ, ਤਾਂ ਕਿ ਝਟਕਿਆਂ ਨੂੰ ਸਹਾਰ ਲੈਣ। ਕੁਦਰਤੀ ਆਫਤਾਂ ਬਹੁਤ ਹੋਰ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ। ਕਿਤੇ ਹੜ੍ਹ ਆਉਂਦੇ ਹਨ, ਕਿਤੇ ਸੁੱਕਾ ਪੈ ਜਾਂਦਾ ਹੈ, ਕਿਤੇ ਬਿਮਾਰੀਆਂ ਫੈਲ ਜਾਂਦੀਆਂ ਹਨ, ਕਦੇ ਭਾਰੀ ਯੁੱਧ ਹੋ ਕੇ ਤਬਾਹੀ ਹੋ ਜਾਂਦੀ ਹੈ, ਪਰ ਇਸ ਵਿਚ ਚੇਤੰਨ ਰਹਿਣ ਨਾਲ ਉਹ ਮਾਰ ਨਹੀਂ ਪੈਂਦੀ ਜੋ ਅਚੇਤ ਬੰਦਿਆਂ ਦੇ ਸਿਰ ਤੇ ਪੈ ਜਾਂਦੀ ਹੈ। ਆਪਣੇ ਦੇਸ਼ ਬਾਰੇ ਕੀ ਗੱਲ ਕਹੀ ਜਾਵੇ? ਕਿਹਨੂੰ ਸੁਣਾਈ ਜਾਵੇ? ਕਿਉਂਕਿ ਇਥੇ ਇਨ੍ਹਾਂ ਗੱਲਾਂ ਵਲ ਧਿਆਨ ਬਹੁਤ ਹੀ ਘਟ ਦਿਤਾ ਜਾਂਦਾ ਹੈ। ਪਹਿਲਾਂ ਹੜ੍ਹ ਆ ਜਾਂਦੇ ਹਨ, ਬੰਦੇ ਡੁੱਬ ਜਾਂਦੇ ਹਨ, ਪਸ਼ੂ ਮਰ ਜਾਂਦੇ ਹਨ, ਪਿਛੋਂ ਵਿਚਾਰਾਂ ਚਲਦੀਆਂ ਹਨ, ਹੋਏ ਨੁਕਸਾਨ ਦੇ ਅੰਦਾਜ਼ੇ ਲਾਉਣ ਲਈ ਆਰਡਰ ਦਿਤੇ ਜਾਂਦੇ ਹਨ ਜਦੋਂ ਨੂੰ ਪਾਣੀ ਉਤਰ ਜਾਂਦਾ ਹੈ ਲੋਕ ਕਿਸੇ ਨਾ ਕਿਸੇ ਤਰ੍ਹਾਂ ਬਚ ਬਚਾ ਕੇ ਫੇਰ ਆਪਣੇ ਜੀਵਨ ਸ਼ੁਰੂ ਕਰਦੇ ਹਨ, ਸਰਕਾਰ ਦਾ ਵਿਚਾਰ ਮੱਠਾ ਪੈ ਜਾਂਦਾ ਹੈ। ਕੀ ਕਿਹਾ ਜਾਵੇ? ਕੌਣ ਸੁਣਦਾ ਹੈ? ਇਹ ਸਾਰੀਆਂ ਚੀਜ਼ਾਂ ਮੈਂ ਅੱਖਾਂ ਨਾਲ ਦੇਖ ਚੁਕਿਆ ਹਾਂ।"



# ਟਰਸਟ ਰਤਵਾੜਾ ਸਾਹਿਬ ਵੱਲੋਂ ਜੰਮੂ ਅਤੇ ਕਸ਼ਮੀਰ ਵਿਚ ਕੀਤੀ ਸੇਵਾ ਦੇ ਦ੍ਰਿਸ਼

ਆਫਤਾਂ ਜਿਸਨੂੰ natural calamity ਕਹਿੰਦੇ ਹਨ ਆਉਂਦੀਆਂ ਹੀ ਰਹਿੰਦੀਆਂ ਹਨ। ਇਕ ਤਾਂ ਉਹ ਦੇਸ਼ ਹਨ ਜਿਹੜੇ ਆਪਣੀ ਪੂਰੀ ਤਿਆਰੀ ਵਿਚ ਲੱਗੇ ਰਹਿੰਦੇ ਹਨ ਅਤੇ ਆਪਣੇ ਬਚਾਓ ਦੇ ਉਪਰਾਲੇ ਕਰਦੇ ਰਹਿੰਦੇ ਹਨ, ਕੁਝ ਹਾਲਤਾਂ ਵਿਚ ਉਹ ਸਫਲ ਵੀ ਹੁੰਦੇ ਹਨ। ਜਿਵੇਂ ਕਿ ਜਪਾਨ ਵਿਚ ਬਹੁਤ ਹੀ ਭੁਚਾਲ ਆਉਂਦੇ ਹਨ ਪਰ ਉਥੇ ਮੁਕਾਬਲਾ ਕਰਨ ਲਈ ਤਿਆਰੀ ਵੀ ਬਹੁਤ ਹੈ, ਮਕਾਨ ਅਜਿਹੇ ਬਣਾਏ ਜਾ ਰਹੇ ਹਨ ਕਿ ਉਹ ਭੁਚਾਲ ਦੇ ਮਾਮੂਲੀ ਝਟਕਿਆਂ ਨਾਲ ਨਾ ਗਿਰਨ। ਅਮਰੀਕਾ ਵਿਚ ਸਾਨਫਰਾਂਸਿਸਕੋ ਸਦਾ ਹੀ ਕੰਬਦਾ ਰਹਿੰਦਾ ਹੈ, ਉਥੇ ਵੀ ਬਹੁਤ ਭੁਚਾਲ ਆਉਂਦੇ ਹਨ, ਪਿਛਲੇ ਭੁਚਾਲਾਂ ਨੇ ਲਾਸਐਂਜਲਸ ਦੇ ਨੇੜੇ ਬਣੇ ਪੁਲਾਂ ਨੂੰ ਐਉਂ ਤੋੜ ਦਿਤਾ ਸੀ ਜਿਵੇਂ ਸਣ ਦੇ ਡੱਕਿਆਂ ਨੂੰ ਥੋੜ੍ਹੇ ਜਿਹੇ ਬਲ ਨਾਲ ਬੱਚਾ ਤੋੜ ਦਿੰਦਾ ਹੈ ਪਰ ਉਨ੍ਹਾਂ ਨੇ ਇਕ ਦਮ ਸਾਰੇ ਪੁਲ ਸੜਕਾਂ ਬਣਾ ਲਈਆਂ। ਇਸੇ ਤਰ੍ਹਾਂ ਨਾਲ ਸਾਨਫਰਾਂਸਿਸਕੋ ਵਿਚ ਭੁਚਾਲ ਨੇ ਸਮੁੰਦਰ ਦੇ ਉਪਰ ਦੀ ਲੰਘਦੀ 11 ਮੀਲ ਲੰਮੀ ਸੜਕ ਤੋੜ ਦਿਤੀ, ਬਹੁਤ ਸਾਰੀਆਂ ਗੱਡੀਆਂ ਸਮੁੰਦਰ ਵਿਚ ਜਾ ਗਿਰੀਆਂ। ਉਨ੍ਹਾਂ ਨੇ ਮੁੜ ਕੇ ਫੇਰ ਸੜਕ ਬਣਾ ਲਈ। ਬਿਲਡਿੰਗਾਂ ਵਿਚ ਲਚਕ ਲੈ ਆਂਦੀ, ਤਾਂ ਕਿ ਝਟਕਿਆਂ ਨੂੰ ਸਹਾਰ ਲੈਣ। ਕੁਦਰਤੀ ਆਫਤਾਂ ਬਹੁਤ ਹੋਰ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ। ਕਿਤੇ ਹੜ੍ਹ ਆਉਂਦੇ ਹਨ, ਕਿਤੇ ਸੁੱਕਾ ਪੈ ਜਾਂਦਾ ਹੈ, ਕਿਤੇ ਬਿਮਾਰੀਆਂ ਫੈਲ ਜਾਂਦੀਆਂ ਹਨ, ਕਦੇ ਭਾਰੀ ਯੁੱਧ ਹੋ ਕੇ ਤਬਾਹੀ ਹੋ ਜਾਂਦੀ ਹੈ, ਪਰ ਇਸ ਵਿਚ ਚੇਤੰਨ ਰਹਿਣ ਨਾਲ ਉਹ ਮਾਰ ਨਹੀਂ ਪੈਂਦੀ ਜੋ ਅਚੇਤ ਬੰਦਿਆਂ ਦੇ ਸਿਰ ਤੇ ਪੈ ਜਾਂਦੀ ਹੈ। ਆਪਣੇ ਦੇਸ਼ ਬਾਰੇ ਕੀ ਗੱਲ ਕਹੀ ਜਾਵੇ? ਕਿਹਨੂੰ ਸੁਣਾਈ ਜਾਵੇ? ਕਿਉਂਕਿ ਇਥੇ ਇਨ੍ਹਾਂ ਗੱਲਾਂ ਵਲ ਧਿਆਨ ਬਹੁਤ ਹੀ ਘਟ ਦਿਤਾ ਜਾਂਦਾ ਹੈ। ਪਹਿਲਾਂ ਹੜ੍ਹ ਆ ਜਾਂਦੇ ਹਨ, ਬੰਦੇ ਡੁੱਬ ਜਾਂਦੇ ਹਨ, ਪਸ਼ੂ ਮਰ ਜਾਂਦੇ ਹਨ, ਪਿਛੋਂ ਵਿਚਾਰਾਂ ਚਲਦੀਆਂ ਹਨ, ਹੋਏ ਨੁਕਸਾਨ ਦੇ ਅੰਦਾਜ਼ੇ ਲਾਉਣ ਲਈ ਆਰਡਰ ਦਿਤੇ ਜਾਂਦੇ ਹਨ ਜਦੋਂ ਨੂੰ ਪਾਣੀ ਉਤਰ ਜਾਂਦਾ ਹੈ ਲੋਕ ਕਿਸੇ ਨਾ ਕਿਸੇ ਤਰ੍ਹਾਂ ਬਚ ਬਚਾ ਕੇ ਫੇਰ ਆਪਣੇ ਜੀਵਨ ਸ਼ੁਰੂ ਕਰਦੇ ਹਨ, ਸਰਕਾਰ ਦਾ ਵਿਚਾਰ ਮੱਠਾ ਪੈ ਜਾਂਦਾ ਹੈ। ਕੀ ਕਿਹਾ ਜਾਵੇ? ਕੌਣ ਸੁਣਦਾ ਹੈ? ਇਹ ਸਾਰੀਆਂ ਚੀਜ਼ਾਂ ਮੈਂ ਅੱਖਾਂ ਨਾਲ ਦੇਖ ਚੁਕਿਆ ਹਾਂ।''





# ਟਰਸਟ ਰਤਵਾੜਾ ਸਾਹਿਬ ਵੱਲੋਂ ਤਾਮਿਲਨਾਡੂ (ਕੰਡਲੂਰ, ਸਿਰਕਾਲੀ) ਵਿਖੇ ਕੀਤੀ ਸੇਵਾ ਦੇ ਦ੍ਰਿਸ਼



ਨੁਕਸਾਨ ਦੇ ਅੰਦਾਜ਼ੇ ਲਾਉਣ ਲਈ ਆਰਡਰ ਦਿਤੇ ਜਾਂਦੇ ਹਨ ਜਦੋਂ ਨੂੰ ਪਾਣੀ ਉਤਰ ਜਾਂਦਾ ਹੈ ਲੋਕ ਕਿਸੇ ਨਾ ਕਿਸੇ ਤਰ੍ਹਾਂ ਬਚ ਬਚਾ ਕੇ ਫੇਰ ਆਪਣੇ ਜੀਵਨ ਸ਼ੁਰੂ ਕਰਦੇ ਹਨ, ਸਰਕਾਰ ਦਾ ਵਿਚਾਰ ਮੱਠਾ ਪੈ ਜਾਂਦਾ ਹੈ। ਕੀ ਕਿਹਾ ਜਾਵੇ? ਕੌਣ ਸੁਣਦਾ ਹੈ? ਇਹ ਸਾਰੀਆਂ ਚੀਜ਼ਾਂ ਮੈਂ ਅੱਖਾਂ ਨਾਲ ਦੇਖ ਚੁਕਿਆ ਹਾਂ।"

1993 ਦੇ ਹੜ੍ਹ ਵਿਚ ਰਾਜਪੁਰਾ, ਰੋਪੜ, ਫਤਹਿਗੜ੍ਹ, ਅੰਬਾਲਾ ਦੇ ਪਿੰਡਾਂ ਵਿਚ ਬਹੁਤ ਭਿਆਨਕ ਹੜ੍ਹ ਆਏ। ਦੱਸ-ਦੱਸ ਫੁੱਟ ਪਾਣੀ ਉਚਾ ਚੜ੍ਹ ਗਿਆ, ਪਿੰਡਾਂ ਨੂੰ ਰੋੜ੍ਹ ਕੇ ਲੈ ਗਿਆ, ਘਰ ਢਹਿ ਗਏ, ਜੋ ਕੁਝ ਕਿਸੇ ਦਾ ਜੋੜਿਆ ਜੁੜਾਇਆ ਸੀ ਉਹ ਪਾਣੀ ਨਾਲ ਬਿਲਕੁਲ ਬਰਬਾਦ ਹੋ ਗਿਆ। Flood (ਹੜ੍ਹ) ਤੋਂ ਦੂਸਰੇ ਦਿਨ ਮੈਂ ਦੇਖਣ ਗਿਆ ਪਰ ਅਜੇ ਵੀ ਪਾਣੀ ਦਾ ਐਨਾ ਜ਼ੋਰ ਸੀ ਕਿ ਪਿੰਡਾਂ ਤਕ ਮੈਂ ਪਹੁੰਚ ਹੀ ਨਾ ਸਕਿਆ ਅਤੇ ਵਾਪਸ ਆ ਗਿਆ। ਅਗਲੇ ਦਿਨ ਮੈਂ ਕਿਸੇ ਨਾ ਕਿਸੇ ਤਰੀਕੇ ਕਈ ਪਿੰਡਾਂ ਵਿਚ ਪਹੁੰਚ ਗਿਆ, ਉਥੇ ਪਿੰਡਾਂ ਦੇ ਵਸਣ ਵਾਲੇ ਪੈਰਾਂ ਭਾਰ ਨੀਵੀਆਂ ਪਾਈ ਬੈਠੇ ਸਨ, ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ ਕਿ ਦੁਬਾਰਾ ਜ਼ਿੰਦਗੀ ਨਜ਼ਰ ਆਵੇਗੀ ਜਾਂ ਨਹੀਂ। ਨਾ ਕੋਈ ਸਰਕਾਰੀ ਕਰਮਚਾਰੀ, ਨਾ ਕੋਈ ਵੱਡਾ ਅਫਸਰ ਉਨ੍ਹਾਂ ਦੀ ਸਾਰ ਲੈਣ ਗਿਆ। ਮੇਰੇ ਨਾਲ ਤੁਹਾਡੇ ਬੀਜੀ ਸਨ, ਮਿਸਿਜ਼ ਡਾ. ਤੇਜਿੰਦਰ ਮਲਹੋਤਰਾ ਅਤੇ ਮਿਸਟਰ ਮਲਹੋਤਰਾ ਵੀ ਨਾਲ ਆ ਰਲੇ ਸਨ। ਮੈਂ ਇਕੱਲਾ ਇਕੱਲਾ ਘਰ ਦੇਖਦਾ ਫਿਰਦਾ ਸੀ, ਚਿੱਕੜ ਐਨਾ ਸੀ ਕਿ ਗਿਰਨ ਤੋਂ ਮਸਾਂ ਹੀ ਬਚ ਹੁੰਦਾ ਸੀ। ਉਨ੍ਹਾਂ ਪੀੜਤਾਂ ਤੋਂ ਪੁਛਿਆ ਗਿਆ ਕਿ ਕੀ ਕੁਝ ਖਾਣ ਲਈ ਮਿਲਿਆ ਹੈ? ਤਾਂ ਉਨ੍ਹਾਂ ਦੱਸਿਆ ਕਿ ਕਲ੍ਹ ਦਾ ਪ੍ਰਸ਼ਾਦਾ ਤਾਂ ਕਾਰ ਸੇਵਾ ਵਾਲੇ ਪਾਣੀਆਂ ਵਿਚੋਂ ਲੰਘ ਕੇ ਦੇ ਗਏ। ਤਬਾਹੀ ਬਹੁਤ ਵੱਡੀ ਹੋਈ ਹੋਈ ਹੈ ਅੱਗੇ ਸਾਨੂੰ ਕੁਝ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦਾ ਦਰਦ ਦੇਖ ਕੇ, ਉਨ੍ਹਾਂ ਦੇ ਹੰਝੂਆਂ ਦੇ ਨਾਲ ਮੇਰੇ ਹੰਝੂ ਵੀ ਵਹਿ ਤੁਰੇ। ਮੈਂ ਕਿਹਾ ਤੁਸੀਂ ਇਕ ਦਿਨ ਹੋਰ ਕੱਟ ਜੋ ਕੁਝ ਮੇਰੇ ਤੋਂ ਹੋਏਗਾ, ਅਸੀਂ ਕਰਾਂਗੇ, ਤੁਸੀਂ ਸਾਡਾ ਇੰਤਜ਼ਾਰ ਕਰਿਓ।



ਹੰਝੂ ਵੀ ਵਹਿ ਤੁਰੇ। ਮੈਂ ਕਿਹਾ ਤੁਸੀਂ ਇਕ ਦਿਨ ਹੋਰ ਕੱਟ ਜੋ ਕੁਝ ਮੇਰੇ ਤੋਂ ਹੋਏਗਾ, ਅਸੀਂ ਕਰਾਂਗੇ, ਤੁਸੀਂ ਸਾਡਾ ਇੰਤਜ਼ਾਰ ਕਰਿਓ।

ਖੁਆਰੀ ਦਾ ਕਾਰਨ ਹੀ ਇਹ ਲਾਪਰਵਾਹੀਆਂ ਹੋਇਆ ਕਰਦੀਆਂ ਹਨ ਕਿਉਂਕਿ ਦਰਦਵੰਦਾਂ ਦਾ ਦਰਦ ਦਿਲ ਵਿਚ ਨਾ ਹੋਣ ਕਰਕੇ ਉਹ ਆਪਣੇ ਹਿਤ ਵਿਚੋਂ ਬਾਹਰ ਨਹੀਂ ਆਉਂਦਾ। ਉਹ ਇਹੀ ਸੋਚਦਾ ਹੈ ਕਿ ਮੈਨੂੰ ਇਸ ਵਿਚ ਨਿਜੀ ਲਾਭ ਕੀ ਹੋ ਸਕਦਾ ਹੈ। ਮੈਨੂੰ ਵਾਹਿਗੁਰੂ ਜੀ ਵਲੋਂ ਬਹੁਤ ਖੁਸ਼ੀ ਮਿਲਦੀ ਸੀ। ਜਦੋਂ ਮੈਂ ਕਦੇ ਉਨ੍ਹਾਂ ਪਿੰਡਾਂ ਵਿਚ ਜਾਂਦਾ ਤੇ ਦੇਖਦਾ ਸਾਂ ਕਿ ਮੁੜ ਕੇ ਫੇਰ ਪੈਰਾਂ ਉਪਰ ਖੜ੍ਹੇ ਹੋ ਰਹੇ ਹਨ, ਬੱਚੇ ਸਕੂਲਾਂ ਵਿਚ ਜਾ ਰਹੇ ਹਨ। ਇਹ ਮੈਂ ਕੋਈ ਅਹਿਸਾਨ ਨਹੀਂ ਸੀ ਕੀਤਾ, ਫਰਜ਼ ਪੂਰਾ ਕੀਤਾ ਸੀ।"



# ਟਰਸਟ ਰਤਵਾੜਾ ਸਾਹਿਬ ਵੱਲੋਂ ਤਾਮਿਲਨਾਡੂ (ਕੰਡਲੂਰ, ਸਿਰਕਾਲੀ) ਵਿਖੇ ਕੀਤੀ ਸੇਵਾ ਦੇ ਦ੍ਰਿਸ਼









ਸੱਚਖੰਡਵਾਸੀ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਸੰਤ ਮਹਾਰਾਜ ਜੀ ਨੇ ਆਪਣੀ ਸਚੱਜੀ ਅਗਵਾਈ ਹੇਠ 1993 ਦੇ ਹੜ੍ਹ ਵਿਚ ਰਾਜਪੁਰਾ, ਰੋਪੜ, ਫਤਹਿਗੜ੍ਹ ਅੰਬਾਲਾ ਦੇ ਪਿੰਡਾਂ ਵਿਚ ਆਏ ਭਿਆਨਕ ਹੜ੍ਹ ਸਮੇਂ ਇਕ ਕਰੋੜ 25 ਲੱਖ ਰੁਪਏ ਦੀ ਸਮੱਗਰੀ ਦੀ ਬਹੁਤ ਹੀ ਸਿਸਟੇਮੈਟਿਕ ਢੰਗ ਤਰੀਕੇ ਦੇ ਨਾਲ ਰਾਹਤ ਸਮੱਗਰੀ ਦਾ ਵਿਤਰਣ ਕੀਤਾ ਗਿਆ ਸੀ ਜੋ ਕਿ ਉਸ ਸਮੇਂ ਦੀ ਆਪਣੀ ਮਿਸਾਲ ਆਪ ਸੀ ਇਸੇ ਤਰ੍ਹਾਂ ਨਾਲ 26 ਜਨਵਰੀ 2001 ਨੂੰ ਸਵੇਰ ਦੇ 9.00. ਵਜੇ ਗੁਜਰਾਤ ਵਿਚ ਆਏ ਭਿਆਨਕ ਭੁਚਾਲ ਸਮੇਂ ਵੀ ਕਰੋੜਾਂ ਰੁਪਏ ਦੀ ਰਾਹਤ ਸਮੱਗਰੀ ਭੁਚਾਲ ਪੀੜਤਾਂ ਤੱਕ ਪਹੁੰਚਾਈ ਗਈ। ਇਸੇ ਤਰ੍ਹਾਂ ਦੇ ਨਾਲ ਮਹਾਂਪੁਰਸ਼ਾਂ ਦੀ ਚਲਾਈ ਪ੍ਰੰਪਰਾ ਨੂੰ ਜਾਰੀ ਰੱਖਦੇ ਹੋਏ ਪਰਮ ਪੂਜਯ ਸਤਿਕਾਰਯੋਗ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਮਾਤਾ ਜੀ ਦੀ ਅਸ਼ੀਰਵਾਦ ਨਾਲ ਸੁਨਾਮੀ ਸਮੇਂ ਬੇ-ਮਿਸਾਲ ਸੇਵਾ ਕੀਤੀ ਗਈ। 26 ਦਸੰਬਰ 2004 ਐਤਵਾਰ ਵਾਲੇ ਦਿਨ ਸਮੁੰਦਰੀ ਕੰਢਿਆਂ ਤੇ ਨਿਵਾਸ ਰਖਦੇ ਹਸਦੇ ਤੇ ਵਸਦੇ ਲੋਕਾਂ ਤੇ ਸੁਨਾਮੀ ਦੇ ਕਹਿਰ ਸਮੇਂ ਰਤਵਾੜਾ ਸਾਹਿਬ ਤੋਂ 3000 ਮੀਲ ਦੂਰ ਲਗਾਤਾਰ ਮਹੀਨੇ ਬੱਧੀ ਗੁਰੂ ਕੇ ਲੰਗਰ ਚਲਾਏ ਗਏ ਅਤੇ ਬੇਅੰਤ ਹੀ ਰਾਹਤ ਸਮੱਗਰੀ ਲੋੜਵੰਦ ਪੀੜਤ ਦੁਖੀਆਂ ਤੱਕ ਪਹੁੰਚਾਈ ਜਾਂਦੀ ਰਹੀ ਹੈ।

ਹੁਣ ਵੀ ਜਦੋਂ ਕਿ 8 ਅਕਤੂਬਰ 2005 ਨੂੰ ਪਾਕਿਸਤਾਨ ਹਿੰਦੁਸਤਾਨ ਦੀ ਹੱਦ ਉਪਰ ਕਸ਼ਮੀਰ ਦੇ ਇਲਾਕੇ ਬਾਰਾਮੁੱਲਾਂ, ਉੜੀ, ਆਦਿ ਆਏ ਭਿਆਨਕ ਭੂਚਾਲ ਦੀ ਤਰਸਾਦੀ ਸਮੇਂ ਗੁਰਦੁਆਰਾ ਰਤਵਾੜਾ ਸਾਹਿਬ ਤੋਂ ਸੈਂਕੜੇ ਸੇਵਾਦਾਰ ਇਸ ਸੇਵਾ ਲਈ ਕਸ਼ਮੀਰ ਵਿਖੇ ਵਰ੍ਹਦੀ ਹੱਡ ਭੰਨਵੀਂ ਠੰਢ ਸਮੇਂ ਰਾਹਤ ਸਮੱਗਰੀ ਛੇ ਟਰੱਕਾਂ ਰਾਹੀਂ ਰਾਹਤ ਸਮੱਗਰੀ ਵੰਡ ਕੇ ਆਏ ਹਨ। ਇਸ ਮਹਾਨ ਸੇਵਾ ਵਿਚ ਸੰਤ ਪ੍ਰਦੀਪ ਸਿੰਘ ਬੋਰੇ ਵਾਲੇ ਗਊਸ਼ਾਲਾ ਬਧਨੀ ਕਲਾਂ ਵਾਲਿਆਂ ਵੱਲੋਂ ਇਕ ਵੱਡੇ ਟਰਾਲੇ ਅਤੇ ਗਊਸ਼ਾਲਾ ਟਰਸਟ ਭਗਤੂ ਭਾਈ ਕੇ ਵੱਲੋਂ ਵੀ ਰਾਹਤ ਸਮੱਗਰੀ ਰਤਵਾੜਾ ਸਾਹਿਬ ਦੇ ਸੇਵਾਦਾਰਾਂ ਰਾਹੀਂ ਭੇਜੀ ਗਈ। ਇਸੇ ਤਰ੍ਹਾਂ ਸੰਤ ਅਵਤਾਰ ਸਿੰਘ ਧੂਲਕੋਟ ਵਾਲਿਆਂ ਵੱਲੋਂ ਵੀ ਇਕ ਟਰੱਕ ਰਾਹਤ ਸਮੱਗਰੀ ਦਾ ਭੁਚਾਲ ਪੀੜਤ ਇਲਾਕੇ ਵਿਚ ਭੇਜਿਆ ਗਿਆ। ਇਹ ਰਾਹਤ ਸਮੱਗਰੀ ਵਿਚ ਰਜ਼ਾਈਆਂ, ਕੰਬਲਾਂ, ਜਰਸੀਆਂ, ਪਹਿਨਣ ਵਾਲੇ ਕੱਪੜੇ ਅਤੇ ਆਟਾ ਚਾਵਲ ਵਿਤਰਣ ਕੀਤੇ ਗਏ ਹਨ।

ਹੁਣ ਮੌਜੂਦਾ ਸਮੇਂ ਅੰਦਰ ਦੱਖਣੀ ਭਾਰਤ ਤਾਮਿਲਨਾਡੂ ਦੇ ਇਲਾਕੇ ਵਿਚ ਚਕਰਵਾਤਾਂ ਰਾਹੀਂ ਵਰਸ ਰਹੀ ਬਰਸਾਤ ਨਾਲ ਬਹੁਤ ਹੀ ਤਬਾਹੀ ਮਚਾਈ ਗਈ ਹੈ ਜਿਸ ਤੋਂ ਲੱਖਾਂ ਹੀ ਲੋਕ ਮੰਦਹਾਲੀ ਦਾ ਸ਼ਿਕਾਰ ਹੋ ਗਏ ਹਨ। ਜਿਵੇਂ ਕਿ ਪਿਛਲੇ ਸੁਨਾਮੀ ਸਮੇਂ ਰਤਵਾੜਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਲਗਾਤਾਰ 24 ਘੰਟੇ ਗੁਰੂ ਕੇ ਲੰਗਰ ਚਲਦੇ ਰਹੇ ਹਨ, ਉਸ ਤੋਂ ਸਥਾਨਕ ਵਾਸੀ ਬਹੁਤ ਹੀ ਪ੍ਰਭਾਵਤ ਹੋਏ ਸਨ ਕਿਉਂਕਿ ਗੁਰੂ ਕੇ ਲੰਗਰ ਦੀ ਮਹਾਨ ਪ੍ਰੰਪਰਾ ਨੂੰ ਉਸ ਇਲਾਕੇ ਦੇ ਲੋਕਾਂ ਨੇ ਪਹਿਲੀ ਵਾਰੀ ਦੇਖਿਆ ਸੀ। ਜਦੋਂ ਪਿਛਲੇ ਸਾਲ 26 ਦਸੰਬਰ 2004 ਵਿਚ ਇਹ ਮਹਾਨ ਸੇਵਾ ਕੀਤੀ ਗਈ, ਉਸ ਸਮੇਂ ਰਤਵਾੜਾ ਸਾਹਿਬ ਤੋਂ ਛੇ ਟਰੱਕਾਂ ਰਾਹੀਂ ਰਾਹਤ ਸਮੱਗਰੀ ਪਹੁੰਚਾਈ ਗਈ ਸੀ। ਪਰੰਤੂ ਹੁਣ ਆਏ ਹੜ੍ਹ ਸਮੇਂ ਸਥਾਨਕ ਮਾਰਵਾੜੀ ਰਾਜਸਥਾਨੀ ਕਰੋੜਾਂ ਪਤੀ ਸ਼ਾਹੂਕਾਰਾਂ ਵੱਲੋਂ ਰਤਵਾੜਾ ਸਹਿਬ ਸੰਸਥਾ ਰਾਹੀਂ ਮਹਾਨ ਸੇਵਾ ਕੀਤੀ ਜਾ ਰਹੀ ਹੈ। ਉਨ੍ਹਾਂ ਨਿਸ਼ਕਾਮ ਸੇਵਾਦਾਰਾਂ ਅੰਦਰ ਬਹੁਤ ਹੀ ਪੀੜਤ ਦੁਖਿਆਰਿਆਂ ਵਾਸਤੇ ਬਹੁਤ ਹੀ ਹਮਦਰਦੀ ਹੈ, ਹਮਦਰਦੀ ਦਾ ਸਬੂਤ ਇਹ ਹੈ ਕਿ ਹੁਣ ਉਹ ਕਹਿੰਦੇ ਹਨ, ਕਿ ਪੰਜਾਬ ਤੋਂ ਰਾਹਤ ਸਮੱਗਰੀ ਬਿਨਾਂ ਹੀ ਲਿਆਉਣ ਤੋਂ ਰਤਵਾੜਾ ਸਾਹਿਬ ਦੇ ਸੇਵਾਦਾਰ ਆ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ। ਉਨ੍ਹਾਂ ਦੀ ਇਹ ਪਿਆਰ ਭਰੀ ਬੇਨਤੀ ਨੂੰ ਪ੍ਰਵਾਨ ਕਰਕੇ ਗੁਰਦੁਆਰਾ ਰਤਵਾੜਾ ਸਾਹਿਬ ਤੋਂ ਜਥੇ ਨੇ ਪਹੁੰਚ ਕੇ ਜੋ ਆਪਣੀ ਅੱਖਾਂ ਨਾਲ ਵੇਖਿਆ ਉਸ ਨੂੰ ਕੈਮਰੇ ਦੇ ਵਿਚ ਕੈਦ ਕੀਤਾ ਉਸ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਤੋਂ ਆਪ ਅਨੁਮਾਨ ਲਗਾ ਸਕਦੇ ਹੋ।

# ਟਰਸਟ ਰਤਵਾੜਾ ਸਾਹਿਬ ਵੱਲੋਂ ਤਾਮਿਲਨਾਡੂ (ਕੰਡਲੂਰ, ਸਿਰਕਾਲੀ) ਵਿਖੇ ਕੀਤੀ ਸੇਵਾ ਦੇ ਦ੍ਰਿਸ਼

ਵਿਚ ਚਕਰਵਾਤਾਂ ਰਾਹੀਂ ਵਰਸ ਰਹੀ ਬਰਸਾਤ ਨਾਲ ਬਹੁਤ ਹੀ ਤਬਾਹੀ ਮਚਾਈ ਗਈ ਹੈ ਜਿਸ ਤੋਂ ਲੱਖਾਂ ਹੀ ਲੋਕ ਮੰਦਹਾਲੀ ਦਾ ਸ਼ਿਕਾਰ ਹੋ ਗਏ ਹਨ। ਜਿਵੇਂ ਕਿ ਪਿਛਲੇ ਸੁਨਾਮੀ ਸਮੇਂ ਰਤਵਾੜਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਲਗਾਤਾਰ 24 ਘੰਟੇ ਗੁਰੂ ਕੇ ਲੰਗਰ ਚਲਦੇ ਰਹੇ ਹਨ, ਉਸ ਤੋਂ ਸਥਾਨਕ ਵਾਸੀ ਬਹੁਤ ਹੀ ਪ੍ਰਭਾਵਤ ਹੋਏ ਸਨ ਕਿਉਂਕਿ ਗੁਰੂ ਕੇ ਲੰਗਰ ਦੀ ਮਹਾਨ ਪ੍ਰੰਪਰਾ ਨੂੰ ਉਸ ਇਲਾਕੇ ਦੇ ਲੋਕਾਂ ਨੇ ਪਹਿਲੀ ਵਾਰੀ ਦੇਖਿਆ ਸੀ। ਜਦੋਂ ਪਿਛਲੇ ਸਾਲ 26 ਦਸੰਬਰ 2004 ਵਿਚ ਇਹ ਮਹਾਨ ਸੇਵਾ ਕੀਤੀ ਗਈ, ਉਸ ਸਮੇਂ ਰਤਵਾੜਾ ਸਾਹਿਬ ਤੋਂ ਛੇ ਟਰੱਕਾਂ ਰਾਹੀਂ ਰਾਹਤ ਸਮੱਗਰੀ ਪਹੁੰਚਾਈ ਗਈ ਸੀ। ਪਰੰਤੂ ਹੁਣ ਆਏ ਹੜ੍ਹ ਸਮੇਂ ਸਥਾਨਕ ਮਾਰਵਾੜੀ ਰਾਜਸਥਾਨੀ ਕਰੋੜਾਂ ਪਤੀ ਸ਼ਾਹੂਕਾਰਾਂ ਵੱਲੋਂ ਰਤਵਾੜਾ ਸਹਿਬ ਸੰਸਥਾ ਰਾਹੀਂ ਮਹਾਨ ਸੇਵਾ ਕੀਤੀ ਜਾ ਰਹੀ ਹੈ। ਉਨ੍ਹਾਂ ਨਿਸ਼ਕਾਮ ਸੇਵਾਦਾਰਾਂ ਅੰਦਰ ਬਹੁਤ ਹੀ ਪੀੜਤ ਦੁਖਿਆਰਿਆਂ ਵਾਸਤੇ ਬਹੁਤ ਹੀ ਹਮਦਰਦੀ ਹੈ, ਹਮਦਰਦੀ ਦਾ ਸਬੂਤ ਇਹ ਹੈ ਕਿ ਹੁਣ ਉਹ ਕਹਿੰਦੇ ਹਨ, ਕਿ ਪੰਜਾਬ ਤੋਂ ਰਾਹਤ ਸਮੱਗਰੀ ਬਿਨਾਂ ਹੀ ਲਿਆਉਣ ਤੋਂ ਰਤਵਾੜਾ ਸਾਹਿਬ ਦੇ ਸੇਵਾਦਾਰ ਆ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ। ਉਨ੍ਹਾਂ ਦੀ ਇਹ ਪਿਆਰ ਭਰੀ ਬੇਨਤੀ ਨੂੰ ਪ੍ਰਵਾਨ ਕਰਕੇ ਗੁਰਦੁਆਰਾ ਰਤਵਾੜਾ ਸਾਹਿਬ ਤੋਂ ਜਥੇ ਨੇ ਵੀ ਸਥਾਨਕ ਪ੍ਰੇਮੀਆਂ ਦੇ ਸਹਿਯੋਗ ਨਾਲ ਸਿਰਕਾਲੀ, ਕੰਡਲੂਰ ਤਾਮਿਲਨਾਡੂ ਦੇ ਇਲਾਕਿਆਂ ਵਿਚ ਪੈਕਟ ਬਣਾ ਕੇ ਲੰਗਰ ਦਾ ਵੱਖ ਵੱਖ ਥਾਵਾਂ ਤੇ ਪਾਣੀ ਵਿਚ ਜਾ ਕੇ ਲੰਗਰ ਵਿਤਰਣ ਕੀਤਾ ਗਿਆ, ਬਹੁਤ ਸਾਰਿਆਂ ਨੂੰ ਪ੍ਰਸ਼ਾਦ ਪਾਣੀ ਚਾਰ ਚਾਰ ਦਿਨਾਂ ਦੇ ਵਕਫੇ ਬਾਅਦ ਪ੍ਰਾਪਤ ਹੋਇਆ।









(ਪੰਨਾ 28 ਦੀ ਬਾਕੀ)

ਕਈ ਗੁਰੂ ਦੇ ਸਿੱਖ ਐਵੇਂ ਹੀ ਹੁੰਦੇ ਨੇ ਕਿ ਉਤੋਂ ਦੀ ਭੇਖ ਧਾਰੇ ਹੋਏ ਹੁੰਦੇ ਨੇ, ਉਝ ਨਿੰਦਿਆ ਕਰਦੇ ਨੇ, ਚੁਗਲੀਆਂ ਕਰਦੇ ਨੇ, ਈਰਖਾ ਕਰਦੇ ਨੇ, ਈਰਖਾ ਦੇ ਨਾਲ ਸ਼ਬਦਾਂ ਨੂੰ ਕੁਸ਼ਬਦ ਕਰਕੇ ਬੋਲਦੇ ਹਨ। ਮਹਾਰਾਜ ਕਹਿੰਦੇ ਇਸ ਤਰ੍ਹਾਂ ਦਾ ਗੁਰਸਿਖ ਦਾ ਜੀਵਨ ਨਹੀਂ ਹੁੰਦਾ। ਗੁਰਸਿਖ ਨੇ ਤਾਂ ਅਕਾਲ ਪੁਰਖ ਨੂੰ ਘਟ-ਘਟ ਵਿਚ ਵਿਆਪਕ ਦੇਖਣਾ ਹੈ।

***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੋ॥***
***(ਖਾਲਸਾ)***

ਇਕ ਨਾਮ ਤੋਂ ਬਗੈਰ, ਕਿਸੇ ਹੋਰ ਚੀਜ਼ ਦੀ ਮਹਾਨਤਾ ਨਾ ਲੈ ਕੇ ਆਇਓ ਮਨ ਵਿਚ।

ਜਦ ਪੂਰਨ ਜੋਤ ਜਗ ਜਾਏ, ਅੰਦਰ ਬਾਹਰ ਸਾਰੇ ਪ੍ਰਮੇਸ਼ਰ ਦੇ ਦਰਸ਼ਨ ਹੋਣ ਲਗ ਜਾਣ।

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥***
***ਪੰਨਾ - 407***

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***
***ਪੰਨਾ - 293***

ਜਦੋਂ ਮਨ ਦੇ ਪ੍ਰਕਾਸ਼ ਦੀ ਜੋਤ ਜਗ ਪਵੇ ਨਾ, ਤਾਂ ਫੇਰ ਮਹਾਰਾਜ ਜੀ ਕਹਿੰਦੇ ਹਨ ਕਿ

***............ ਤਬ ਖਾਲਸ ਤਾਹਿ ਨਖਾਲਸ ਜਾਨੈ॥***
***(ਖਾਲਸਾ)***

ਉਹਨਾਂ ਨਖਾਲਸ ਬੰਦਿਆਂ ਵਿਚੋਂ, ਉਸ ਨੂੰ ਖਾਲਸਾ ਜਾਣਿਓ। ਸੋ ਇਸ ਤਰ੍ਹਾਂ ਦਾ ਉਪਦੇਸ਼ ਦੇਣ ਤੋਂ ਬਾਅਦ ਮਹਾਰਾਜ ਕਹਿੰਦੇ ਪਿਆਰਿਓ! ਜੇ ਤੁਸੀਂ ਅਕਾਲ ਪੁਰਖ ਦੇ ਲੜ ਲਗੋਗੇ, ਗੁਰੂ ਦੇ ਨਾਲ ਮਿਲਕੇ ਰਹੋਗੇ ਤਾਂ ਗੁਰੂ ਦੀ ਸ਼ਕਤੀ ਤੁਹਾਡੇ ਵਿਚ ਪ੍ਰਵੇਸ਼ ਕਰਦੀ ਰਹੇਗੀ ਤੇ ਮੇਰਾ ਤੇਜ ਤੁਹਾਡੇ ਵਿਚ ਵਰਤੇਗਾ।

***ਖਾਲਸਾ ਅਕਾਲ ਪੁਰਖ ਕੀ ਫੌਜ॥***
***ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥***
***ਜਬ ਲਗ ਖਾਲਸਾ ਰਹੇ ਨਿਆਰਾ॥***
***ਤਬ ਲਗ ਤੇਜ ਦੀਉ ਮੈਂ ਸਾਰਾ॥***
***ਜਬ ਇਹ ਗਹੈ ਬਿਪਰਨ ਕੀ ਰੀਤ॥***
***ਮੈਂ ਨ ਕਰੋਂ ਇਨ ਕੀ ਪ੍ਰਤੀਤ॥ (ਸਰਬ ਲੋਹ ਗ੍ਰੰਥ 'ਚੋਂ)***

ਐਸੇ ਸਤਿਗੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਹਨਾਂ ਨੇ ਆਪਣਾ ਤੇਜ ਵੀ ਦੇ ਦਿੱਤਾ, ਆਪਣੀ ਸ਼ਕਤੀ ਵੀ ਦੇ ਦਿੱਤੀ। ਐਥੇ ਹੀ ਬਸ ਨਹੀਂ ਗੁਰੂ ਪੱਦਵੀ, ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪੰਜ ਸਿੰਘਾਂ ਨੂੰ ਦੇ ਦਿੱਤੀ। ਇਹ ਅਧਿਕਾਰ ਦੇ ਦਿੱਤਾ ਕਿ ਤੁਸੀਂ ਅੱਗੇ ਅੰਮ੍ਰਿਤ ਛਕਾ ਕੇ, ਗੁਰੂ ਵਾਲਾ ਕੰਮ ਕਰੋ, ਨਾਮ ਦੀ ਦਾਤ ਦਿਓ।

ਮਹਾਰਾਜ ਸਾਡੇ ਤੇ ਔਕੜਾ ਆਉਂਦੀਆਂ ਨੇ, ਵਿਘਨ ਆਉਂਦੇ ਨੇ, ਜੰਤਰਾਂ ਮੰਤਰਾਂ ਵਾਲੇ ਸਾਨੂੰ ਤੰਗ ਕਰਦੇ ਨੇ, ਕੋਈ ਵਿਧੀ ਦੱਸੋ। ਮਹਾਰਾਜ ਕਹਿੰਦੇ, ਜਿਥੇ ਪੰਜ ਪਿਆਰੇ ਕਰਣੀ ਕਮਾਈ ਵਾਲੇ ਆ ਕੇ ਪ੍ਰਵੇਸ਼ ਕਰਨਗੇ, ਤੁਸੀਂ ਉਹਨਾਂ ਦੀ ਸੇਵਾ ਕਰਿਓ, ਪਰਸ਼ਾਦੇ ਛਕਾਇਓ, ਤੁਸੀਂ ਜੋ ਮੰਗਣਾ ਹੈ ਉਹਨਾਂ ਤੋਂ ਮੰਗ ਲਇਓ, ਮੈਂ ਉਹਨਾਂ ਦੀ ਰਸਨਾ ਤੇ ਹੋਵਾਂਗਾ।

ਮੈਂ ਸੰਭਾਲ ਕਰਨੀ ਹੈ, ਛੱਡ ਕੇ ਨਹੀਂ ਚਲੇ ਜਾਣਾ। ਸ਼ਬਦ ਦੇ ਵਿਚ ਮੈਂ ਆਪਣੇ ਆਪ ਨੂੰ ਲੀਨ ਕਰ ਲਵਾਂਗਾ। ਸ਼ਬਦ ਦੀ ਕਮਾਈ ਕਰੋ। ਸ਼ਬਦ ਨੂੰ ਸਮਝੋ। ਸ਼ਬਦ ਨੂੰ ਹਿਰਦੇ ਵਿਚ ਬਸਾਓ। ਫੇਰ ਤੁਹਾਡਾ ਐਥੇ ਹੀ ਰਾਜ ਨਹੀਂ ਹੋਣਾ, ਅਕਾਸ਼ਾਂ ਵਿਚ ਵੀ ਤੁਹਾਡਾ ਰਾਜ ਹੋਵੇਗਾ।

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186***

ਲੇਕਿਨ ਖਾਲਸਾ ਬਣ ਕੇ ਰਿਹੋ ਜਿਸ ਦੀ ਸ਼ਰਤ ਇਹ ਹੈ ਕਿ -

***ਆਤਮ ਰਸ ਜਿਹ ਜਾਨਹੀ, ਜੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਜੋ ਆਤਮ ਰਸੀਆ ਹੋ ਗਿਆ, ਜਿਨ੍ਹੇ ਦ੍ਵੈਤ ਦੀ ਕੰਧ ਢਾਹ ਦਿੱਤੀ, ਸਾਰਿਆਂ ਵਿਚ ਇਕੋ ਪ੍ਰਮੇਸ਼ਰ ਦੇਖਣ ਲੱਗ ਪਿਆ, ਕਹਿੰਦੇ ਜੋ ਆਤਮਾ ਮੰਡਲ ਵਿਚ ਪ੍ਰਵੇਸ਼ ਕਰ ਗਿਆ, ਜਿਸ ਨੂੰ ਇਕੋ ਪ੍ਰਮੇਸ਼ਰ ਹਰ ਥਾਂ ਨਜ਼ਰ ਆਉਂਦਾ ਹੈ, ਕਹਿੰਦੇ ਉਹ ਖਾਲਸਾ ਹੈ।

***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਕਹਿੰਦੇ, ਮੇਰੇ ਵਿਚ ਤੇ ਵਾਹਿਗੁਰੂ ਦੇ ਵਿਚ ਤੇ ਉਸ ਦੇ ਵਿਚ ਕੋਈ ਭੇਦ ਨਾ ਜਾਣਿਓ। ਅਸੀਂ ਤਿੰਨੋਂ ਇਕੋ ਰੂਪ ਹਾਂ। ਸੋ ਇਸ ਤਰ੍ਹਾਂ ਦੇ ਸਿਧਾਂਤ ਗੁਰੂ ਮਹਾਰਾਜ ਜੀ ਨੇ ਸੰਸਾਰ ਨੂੰ ਦਿੱਤੇ, ਜਿਨ੍ਹਾਂ ਦਾ ਅਸੀਂ ਪ੍ਰਚਾਰ ਨਹੀਂ ਕਰ ਸਕੇ। ਸਾਧ ਸੰਗਤ ਜੀ! ਕੋਈ ਤਾਂ ਉਹਨਾਂ ਦੇ ਯੁੱਧਾਂ ਦਾ ਹੀ ਹਾਲ ਦੱਸੀ ਜਾਂਦਾ ਹੈ ਕਿ ਉਹਨਾਂ ਨੇ ਇਸ ਤਰ੍ਹਾਂ ਕੁਰਬਾਨੀਆਂ ਕੀਤੀਆਂ ਨੇ, ਇਸ ਤਰ੍ਹਾਂ ਨਾਲ ਲੜਾਈ, ਯੁੱਧ ਕੀਤੇ ਹਨ। ਯੁੱਧ ਦੇ ਕੌਤਕ ਦਸਦੇ ਹਨ। ਲੜਾਈਆਂ ਤਾਂ ਹੋਰ ਜਰਨੈਲਾਂ ਨੇ ਵੀ ਕੀਤੀਆਂ ਪਰੰਤੂ ਉਹਨਾਂ ਦੀ ਖਾਸ ਵਿਸ਼ੇਸ਼ਤਾ ਸੀ। ਸ਼ਹੀਦੀਆਂ ਵੀ ਬਹੁਤ ਦਿੱਤੀਆਂ ਹਨ ਇਸਲਾਮ ਵਾਲੀਆਂ ਨੇ ਬਹੁਤ ਸ਼ਹੀਦੀ ਦਿਤੀਆਂ ਨੇ

ਲੇਕਿਨ ਇਹ ਇਕ ਨਵੇਕਲੀ ਜੇਹੀ ਚੀਜ਼ ਹੈ ਕਿ ਪੂਰਨ ਸਰਬਗ ਹੁੰਦੇ ਹੋਏ ਵੀ ਸੰਸਾਰ ਵਿਚੋਂ ਨੱਠਣ ਭੱਜਣ ਦੀ ਬਜਾਇ ਸੰਸਾਰ ਵਿਚ ਰਹਿੰਦੇ ਹੋਏ ਦੀਨ ਦੁਖੀਆਂ ਦੇ ਦੁਖ ਹਰਨ ਕੀਤੇ। ਇਹ ਸਿਖਿਆ ਦ੍ਰਿੜ ਕਰਵਾਈ ਕਿ ਸੰਸਾਰ ਤੇ ਕੋਈ ਦੁਖ ਆ ਪਵੇ ਤਾਂ ਫੇਰ ਇਹ ਨਹੀਂ ਕਿ ਦੂਰ ਬੈਠੇ ਦੇਖਦੇ ਰਹੋ, ਉਸਦੇ ਵਿਚ ਨਾ ਜਾਓ, ਦੁਖੀਆਂ ਨੂੰ ਮਿਲ ਕੇ ਉਹਨਾਂ ਦਾ ਦੁਖ ਦੂਰ ਕਰੋ, ਜਿਥੇ ਤੱਕ ਕਿਸੇ ਨੂੰ ਪ੍ਰਮੇਸ਼ਰ ਨੇ ਤਾਣ ਦਿੱਤਾ ਹੈ।

ਜਿੰਨਾ ਕੁ ਬਲ ਤਾਣ ਦਿੱਤਾ ਹੈ, ਸਾਰਿਆਂ ਦੇ ਨਾਲ ਸਾਂਝਾ ਕਰੋ। ਆਪਣੇ ਸੁਖ ਨੂੰ ਥੋੜਾ ਥੋੜਾ ਛੱਡੋ। ਇਸ ਸੰਗਤ ਤੇ ਕਿੰਨਾ ਅਸਰ ਹੈ, ਹੜ੍ਹ ਆਏ, ਸਾਰਿਆਂ ਦੇ ਦਿਲਾਂ ਵਿਚ ਦਰਦ ਆ ਗਿਆ। ਇਕ ਦੋ ਨਹੀਂ ਸਾਰਿਆਂ ਨੇ ਲੱਕ ਬੰਨ੍ਹ ਲਏ। ਦਿਨ, ਰਾਤ ਤੁਰਨ ਫਿਰਨ ਲਗ ਪਏ, ਜਿਹੜੀਆਂ ਬੀਬੀਆਂ ਕਦੇ ਘਰ ਤੋਂ ਬਾਹਰ ਨਹੀਂ ਸੀ ਗਈਆਂ, ਉਹ ਵੀ ਗਈਆਂ। ਝੋਲੀਆਂ ਗੱਲ ਵਿਚ ਪਾ ਕੇ ਬੇਗਾਨੇ ਘਰਾਂ ਦੇ ਦਰਵਾਜਿਆਂ ਅੱਗੇ ਖੜ੍ਹੀਆਂ ਮੰਗਦੀਆਂ ਸੀ ਕਿ ਸਾਨੂੰ ਹੜ੍ਹਪੀੜਤਾਂ ਵਾਸਤੇ ਕੁਛ ਦੇ ਦਿਓ। ਉਹ ਜਿਹੜੇ ਗਰੀਬ ਨੇ ਜਿਹਨਾਂ ਦਾ ਸਭ ਕੁਛ ਰੁੜ੍ਹ ਗਿਆ ਹੈ ਇਹ ਉਥੇ ਭੇਜਣਾ ਹੈ। ਜੋ ਦੇ ਸਕਦੇ ਹੋ ਦੇ ਦਿਓ, ਕੋਈ ਭਾਂਡਾ ਦੇ ਦਿਓ, ਜੇ ਭਾਂਡਾ ਨਹੀਂ ਦੇ ਸਕਦੇ, ਥੋੜ੍ਹਾ ਜਿਹਾ ਕੱਪੜਾ ਹੀ ਦੇ ਦਿਓ। ਕੁਛ ਦੇ ਦਿਓ, ਪੈਸੇ ਦੇ ਦਿਓ। ਖਾਲਸੇ ਦਾ ਧਰਮ ਹੁੰਦਾ ਹੈ ਦੁਖਾਂ ਨੂੰ ਨਵਿਰਤ ਕਰਨਾ, ਵਿਚ ਜਾਣਾ ਉਹਨਾਂ ਦੇ ਵਿਚ ਜਾ ਕੇ, ਉਹਨਾਂ ਦੇ ਦੁਖਾਂ ਨੂੰ ਅਨੁਭਵ ਕਰਕੇ, ਆਪਣੇ ਬਨਾਉਣਾ।

ਸੋ ਇਹ ਅਰਦਾਸ ਹੈ ਕਿ ਜਦੋਂ ਇਹ ਆਦਰਸ਼ ਫੈਲੇਗਾ, ਇਹ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲੈ ਲਏਗਾ। ਦੁਖੀ ਹੁੰਦਾ ਹੈ ਮਨ। ਲਾਸ ਐਂਜਲਸ ਵਿਚ ਜਦੋਂ ਭੁਚਾਲ ਆਇਆ, ਬਹੁਤ ਸਾਰੇ ਘਰ ਹਜ਼ਾਰਾਂ ਦੀ ਤਦਾਦ ਵਿਚ ਗਿਰ ਗਏ। ਅਰਬਾਂ ਡਾਲਰਾਂ ਦਾ ਨੁਕਸਾਨ ਹੋ ਗਿਆ। ਦਰਦ ਹੋਣਾ, ਦਰਦ ਮੰਦਾ ਦੇ ਦਿਲਾਂ ਵਿਚ ਭਾਵੇਂ ਅਮਰੀਕਾ ਨੂੰ ਅਸੀਂ ਜਾਣਦੇ ਹਾਂ, ਚਾਹੇ ਨਹੀਂ ਜਾਣਦੇ, ਪਰ ਮਨ ਬੜਾ ਦੁਖੀ ਹੋਇਆ। ਇਹ ਜਜ਼ਬਾ ਜਦ ਅੰਦਰ ਨਹੀਂ ਹੈ ਤਾਂ ਫੇਰ ਆਦਮੀ ਪਸ਼ੂ ਬਰਾਬਰ ਹੋਇਆ ਕਰਦਾ ਹੈ, ਉਹ ਖੁਦਗਰਜ਼ ਹੋਇਆ ਕਰਦਾ ਹੈ। ਉਹ ਆਪਣੇ ਵਾਸਤੇ ਜਿਉਂਦਾ ਹੈ ਸੰਸਾਰ ਦਾ ਸਾਂਝਾ ਨਹੀਂ ਹੁੰਦਾ। ਗੁਰੂ ਦਸ਼ਮੇਸ਼ ਪਿਤਾ ਨੇ ਖਾਲਸੇ ਨੂੰ universal man ਬ੍ਰਹਿਮੰਡੀ ਮਨੁੱਖ ਬਣਾਇਆ ਹੈ। ਇਸਦਾ ਜੋ ਸਿਧਾਂਤ ਹੈ, ਸਾਰਿਆਂ ਵਾਸਤੇ ਸਾਂਝਾ ਹੈ ਜੋ ਅੱਜ ਦੀ ਦੁਨੀਆਂ ਨੂੰ ਸ਼ਾਂਤੀ ਦੇ ਸਕਦਾ ਹੈ। ਗੁਰੂ ਮਹਾਰਾਜ ਜੀ ਨੇ ਨਾ ਹੀ ਖਾਲਸੇ ਨੂੰ ਵੈਰ ਕਰਨਾ ਸਿਖਾਇਆ ਹੈ।

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥***
***ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥***
***ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥***

***ਪੰਨਾ - 1299***

ਜਦੋਂ ਗੁਰੂ ਮਹਾਰਾਜ ਅਨੰਦਪੁਰ ਸਾਹਿਬ ਤੋਂ ਅੱਗੇ ਮਾਛੀਵਾੜੇ ਗਏ ਤਾਂ ਉਥੇ ਹਾਕਮ ਗਵਾਹੀਆਂ ਲੈਂਦੇ ਨੇ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਕੌਣ ਹਨ? ਗਵਾਹੀ ਦੇਣ ਵਾਲੇ ਕੌਣ ਆਉਂਦੇ ਸੀ, ਉਹ ਮੁਸਲਮਾਨ ਆਉਂਦੇ ਸੀ। ਮੰਜਾ ਚੁੱਕਣ ਵਾਲੇ ਕੌਣ ਸੀ? ਉਹ ਵੀ ਮੁਸਲਮਾਨ ਸੀ। ਪਰਵਾਹ ਨਹੀਂ ਕਰੀ ਕਿ ਉਪਰੋਂ ਹੁਕਮ ਆਣਗੇ ਕਿ ਮੈਂ ਰਾਜਾ ਹਾਂ ਮੇਰਾ ਰਾਜ ਜ਼ਬਤ ਹੋ ਜਾਏਗਾ। ਗੁਰੂ ਦਸਮੇਸ਼ ਪਿਤਾ ਜੀ ਦੀ ਸਖਸ਼ੀਅਤ ਹਿੰਦੂਆਂ ਤੇ ਮੁਸਲਮਾਨਾਂ ਦੇ ਦੇਸ਼ਵਾਸੀਆਂ ਦੇ ਮਨਾਂ ਵਿਚ ਘਰ ਕਰ ਗਈ ਸੀ ਕਿ ਆਪਣੇ ਆਪ ਨੂੰ ਵੱਡੀ ਤੋਂ ਵੱਡੀ ਤਕਲੀਫ ਵਿਚ ਪਾ ਕੇ ਗੁਰੂ ਮਹਾਰਾਜ ਦੀ ਮਦਦ ਕਰਕੇ ਖੁਸ਼ੀਆਂ ਪ੍ਰਾਪਤ ਕਰਨ ਦਾ ਇਕੋ ਆਸ਼ਾ ਸੀ। ਸੋ ਐਸੀ ਸ਼ਖਸੀਅਤ ਸੰਸਾਰ ਦੇ ਅੰਦਰ ਬਹੁਤ ਘੱਟ ਆਉਂਦੀ ਹੈ। ਸੋ ਅਸੀਂ ਆਪਣੇ ਆਪ ਨੂੰ ਭਾਗਾਂ ਵਾਲੇ ਕਹਿ ਸਕਦੇ ਹਾਂ ਕਿ ਅਸੀਂ ਉਸ ਖਾਨਦਾਨ ਨਾਲ ਸੰਬੰਧ ਰਖਦੇ ਹਾਂ ਤੇ ਸੰਬੰਧ ਵੀ ਕਿੰਨਾ ਹੈ ਕਿ ਸਾਡਾ ਨਾਦੀ ਪਿਤਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਹੈ, ਮਾਤਾ ਸਾਹਿਬ ਕੌਰ ਜੀ ਸਾਡੀ ਮਾਤਾ ਹੈ। ਅਨੰਦਪੁਰ ਦੇ ਅਸੀਂ ਵਾਸੀ ਹਾਂ, ਕਿੰਨਾ ਨੇੜੇ ਆ ਕੇ ਜੋ ਫੇਰ ਦੂਰ ਹੋਈਏ, ਫੇਰ ਇਕ ਦੂਜੇ ਦਾ ਵਿਸ਼ਵਾਸ ਨਾ ਕਰੀਏ ਇਕ ਦੂਜੇ ਦੀ ਨਿੰਦਿਆ ਕਰੀਏ, ਫੇਰ ਇਹ ਮੂਰਖਤਾ ਨਹੀਂ ਹੈ ਤੇ ਕੀ ਹੈ? ਉਹ ਮਹਾਂ ਮੂਰਖ ਹੈ ਜਿਸ ਨੇ ਗੁਰਸਿਖੀ ਨੂੰ ਜਾਣਿਆ ਹੀ ਨਹੀਂ ਕਿ ਗੁਰਸਿੱਖੀ ਕੀ ਹੈ?

ਸਾਧ ਸੰਗਤ ਜੀ! ਆਪ ਸਾਰਿਆਂ ਨੇ ਗੁਰੂ ਦਸਮੇਸ਼ ਪਿਤਾ ਬਾਰੇ, ਜਿੰਨਾ ਹੋ ਸਕਿਆ ਸਰਵਣ ਕੀਤਾ ਤੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹਨਾਂ ਦਾ ਪ੍ਰਕਾਸ਼ ਸੰਸਾਰ ਵਿਚ ਕਿਸ ਵਾਸਤੇ ਹੋਇਆ ਸੀ?


## ਜ਼ਰੂਰੀ ਸੂਚਨਾ

**'ਆਤਮ ਮਾਰਗ ਇਕ ਧਾਰਮਿਕ ਮੈਗਜ਼ੀਨ ਹੈ' ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਛਪੀ ਹੁੰਦੀ ਹੈ। ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਆਪਣੇ ਪੁਰਾਣੇ ਮੈਗਜ਼ੀਨ ਨਹੀਂ ਰੱਖਣਾ ਚਾਹੁੰਦੇ ਤਾਂ, ਤੁਸੀਂ ਆਪਣੇ ਆਤਮ ਮਾਰਗ ਦੇ ਸੇਵਾਦਾਰ ਨੂੰ ਵਾਪਿਸ ਕਰ ਸਕਦੇ ਹੋ ਜਾਂ ਆਤਮ ਮਾਰਗ ਦੇ ਦਫਤਰ ਰਤਵਾੜਾ ਸਾਹਿਬ ਨਾਲ ਇਸ ਫੋਨ ਨੰਬਰ ਤੇ ਸੰਪਰਕ ਕਰੋ ਜੀ।**

**0160-2255002, ਮੋਬਾਇਲ 9417214391**

# ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-12)*

ਸਾਡੀ ਦ੍ਰਿਸ਼ਟੀ ਵਿਚ ਕੋਈ ਵੀ ਵੈਰੀ ਨਹੀਂ।

ਕਹਿੰਦਾ, "ਗੁਰੂ ਗੋਬਿੰਦ ਸਿੰਘ ਦਾ ਵੀ ਏਹੀ ਮਤ ਹੈ? ਉਹ ਵੀ ਐਵੇਂ ਹੀ ਕਹਿੰਦੇ ਨੇ?"

ਕਹਿੰਦਾ, "ਜਦੋਂ ਅਸੀਂ ਅਦਨੇ ਸਿੱਖ ਕਹਿੰਦੇ ਹਾਂ ਤਾਂ ਉਹ ਤਾਂ ਸਾਨੂੰ ਕਹਿੰਦੇ ਨੇ -

***ਵਵਾ ਵੈਰੁ ਨ ਕਰੀਐ ਕਾਹੂ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ॥ ਅੰਗ - 259***
***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥***
***ਅੰਗ - 1382***

ਅਸੀਂ ਤਾਂ ਉਸ ਦੇ ਗਰੀਬੜੇ ਜਿਹੇ ਸਿੱਖ ਹਾਂ ਤੈਨੂੰ ਮੈਂ ਦਸਦਾ ਹਾਂ। ਪਿਛਲਾ ਜਿਹੜਾ ਜੰਗ ਹੋਇਆ ਸੀ ਉਸ ਦੇ ਵਿਚ ਤੁਹਾਡੇ ਵੱਡੇ ਜਰਨੈਲ ਦੀ ਘਰਵਾਲੀ ਰਹਿ ਗਈ ਫੌਜਾਂ ਨੱਠ ਗਈਆਂ, ਉਸ ਨੂੰ ਕੋਈ ਲਿਜਾ ਨਾ ਸਕਿਆ। ਉਹ ਮੈਦਾਨ-ਏ-ਜੰਗ 'ਚ ਰਹਿ ਗਈ ਇਕੱਲੀ ਸਾਡੇ ਗੁਰਸਿਖਾਂ ਨੇ ਉਸ ਨੂੰ ਪਾਲਕੀ 'ਚ ਬਿਠਾ ਕੇ ਗੁਰੂ ਦਸਮੇਸ਼ ਪਿਤਾ ਜੀ ਦੇ ਕੋਲ ਲੈ ਗਏ। ਹੁਕਮ ਪੁਛਿਆ ਪਾਤਸ਼ਾਹ! ਜਰਨੈਲ ਦੀ ਘਰਵਾਲੀ ਹੈ ਵੱਡੇ ਦੀ, ਕੀ ਹੁਕਮ ਹੈ ਆਪਦਾ? ਮਹਾਰਾਜ ਨੇ ਪਹਿਲਾਂ ਅੱਖਰ ਇਹ ਕਿਹਾ ਕਿ ਪਹਿਲਾਂ ਮੈਨੂੰ ਇਹ ਦਸੋ ਕਿਸੇ ਨੇ ਪਾਲਕੀ ਦਾ ਝੰਮਣ ਤਾਂ ਨਹੀਂ ਚੁੱਕਿਆ? ਸਿੱਖ ਕਹਿੰਦੇ ਨਾ ਸੱਚੇ ਪਾਤਸ਼ਾਹ! ਸਾਡੀ ਕੀ ਹਿੰਮਤ ਹੈ ਚੁੱਕਣ ਦੀ। ਕਹਿੰਦੇ ਸ਼ਾਬਾਸ਼! ਮਹਾਰਾਜ ਕਹਿੰਦੇ ਬੇਟੀ ਉਤਰ ਆ, ਆਪਣੀਆਂ ਮਾਤਾਵਾਂ ਕੋਲ ਰਹਿ ਤੂੰ ਆ ਕੇ, ਫਿਕਰ ਨਾ ਕਰ ਆਹ ਸ਼ਾਂਤੀ ਹੁੰਦੀ ਸਾਰ ਹੀ ਤੈਨੂੰ ਅਸੀਂ ਉਥੇ ਪਹੁੰਚਾ ਦਿਆਂਗੇ, ਡਰਨਾ ਨਹੀਂ ਤੂੰ, ਸਾਡੀ ਪੁੱਤਰੀ ਹੈਂ ਤੂੰ। ਜੰਗ ਠੰਡਾ ਹੋ ਗਿਆ ਤੇ ਫੌਜਾਂ ਜਾ ਰਹੀਆਂ ਨੇ, ਹਾਰ ਕੇ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਮਾਤਾਵਾਂ ਨੂੰ ਕਿਹਾ ਕਿ ਦੇਖੋ ਅੱਜ ਆਪਾਂ ਨੇ ਪੁੱਤਰੀ ਵਿਦਾ ਕਰਨੀ ਹੈ, ਆਪਣੇ ਪੁੱਤਰੀ ਤਾਂ ਹੈ ਨਹੀਂ ਪ੍ਰਮੇਸ਼ਰ ਨੇ ਦੇ ਦਿੱਤੀ। ਅੱਜ ਆਪਾਂ ਵਿਦਾ ਕਰਨੀ ਹੈ, ਜਿਵੇਂ ਧੀ ਨੂੰ ਵਿਦਾ ਕਰਦੀਆਂ ਨੇ ਮਾਵਾਂ ਇਸ ਤਰ੍ਹਾਂ ਵਿਦਾ ਕਰੋ। ਗਹਿਣਿਆਂ ਨਾਲ ਲੱਦ ਦਿੱਤੀ, ਬੇਅੰਤ ਕੀਮਤੀ ਚੀਜ਼ਾਂ, ਬੇਅੰਤ ਬਸਤ੍ਰ ਭਰ ਦਿੱਤੀ ਪਾਲਕੀ ਨਾਲ ਭੇਜੇ ਹੋਰ। ਜਾ ਕੇ ਪਾਲਕੀ ਲੈ ਗਏ ਖਬਰ ਭੇਜੀ। ਉਥੇ ਰੁਬਰੂ ਲੈ ਗਏ। ਉਸ ਵੇਲੇ ਉਹ ਪਾਲਕੀ ਵਿਚੋਂ ਨਿਕਲਦੀ ਹੀ ਕਹਿਣ ਲੱਗੀ ਤੁਸੀਂ ਕਿੰਨੇ ਮਾੜੇ ਹੋ। ਉਹ ਤਾਂ ਅੱਲ੍ਹਾ ਤਾਲਾ ਹੈ ਆਪ, ਗੁਰੂ ਗੋਬਿੰਦ ਸਿੰਘ ਨੂੰ ਸਮਝੋ, ਉਹ ਕੀ ਨੇ? ਯੁੱਧ ਕਰਦੇ ਹੋ ਤੁਸੀਂ ਉਨ੍ਹਾਂ ਨਾਲ। ਸਾਰੀ ਵਾਰਤਾ ਦੱਸੀ ਅੱਖਾਂ 'ਚ ਪਾਣੀ ਆ ਗਿਆ ਸਾਰਿਆਂ ਦੇ।

ਖਾਨ ਸਾਹਿਬ! ਗੁਰੂ ਦਸਮੇਸ਼ ਪਿਤਾ ਦੀ ਸਿਖਿਆ ਹੀ ਹੈ ਜਿਹੜੀ ਇਹ ਮੈਂ ਕਰ ਰਿਹਾ ਹਾਂ। ਮੇਰਾ ਗੁਰੂ ਹਰ ਰੋਜ ਸਿੱਖ ਨੂੰ ਕਹਿੰਦਾ ਹੈ ਕਿ ਜਦੋਂ ਤੂੰ ਨਿਤਨੇਮ ਕਰਕੇ ਹਟੇਂ, ਪਾਠ ਕਰਕੇ ਹਟੇਂ ਜਿਵੇਂ ਤੁਸੀਂ ਨਮਾਜ਼ਾਂ ਪੜ੍ਹਦੇ ਹੋ ਪੰਜ, ਅਸੀਂ ਵੀ ਇਵੇਂ ਹੀ ਪੜ੍ਹਦੇ ਹਾਂ। ਅਸੀਂ ਉਸ ਵੇਲੇ ਗੁਰੂਆਂ ਦਾ ਨਾਮ ਲੈਣ ਤੋਂ ਬਾਅਦ ਇਕ ਅਰਦਾਸ ਕਰਦੇ ਹਾਂ -

***ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਕਾ ਭਲਾ॥***

ਤੁਹਾਡਾ ਵੀ ਭਲਾ ਮੰਗਦੇ ਹਾਂ, ਜਿਹੜੇ ਤਲਵਾਰਾਂ ਲੈ ਕੇ ਚੜ੍ਹ ਕੇ ਆਉਂਦੇ ਨੇ, ਫੌਜਾਂ ਲੈ ਕੇ, ਅਸੀਂ ਉਨ੍ਹਾਂ ਦੀ ਵੀ ਅਰਦਾਸ ਕਰਦੇ ਹਾਂ। ਸੱਚੇ ਪਾਤਸ਼ਾਹ! ਇਨ੍ਹਾਂ ਦਾ ਭਲਾ ਕਰੀਂ।"

ਕਹਿਣ ਲੱਗਿਆ, "ਫੇਰ ਯੁੱਧ ਕਿਉਂ ਕਰਦੇ ਹੋ? ਮੈਨੂੰ ਇਸ ਗੱਲ ਦਾ ਚਾਹੀਦਾ ਹੈ ਨਿਰਣਾ।"

ਉਸ ਵੇਲੇ ਕਹਿਣ ਲੱਗੇ, "ਜਿਹੜਾ ਗੁਰੂ ਹੈ ਉਸ ਨੂੰ ਸਮਝਣਾ ਬਹੁਤ ਔਖਾ ਹੈ।" ਆਏਂ ਪੜ੍ਹ ਲਓ।

***ਧਾਰਨਾ - ਨਿਰਵੈਰ ਨਿਰਾਲਾ ਜੀ -2, 2.***
***ਸਤਿਗੁਰ ਪੁਰਖ ਅਗੰਮ ਹੈ -2, 4.***
***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮ੍ਹਾਲਾ।***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ॥***
***ਭਾਈ ਗੁਰਦਾਸ ਜੀ ਦੀ ਵਾਰ 34/1***

ਕਹਿੰਦੇ, "ਖਾਨ ਸਾਹਿਬ! ਗੁਰੂ ਭਾਵਨਾ ਪੂਰੀ ਕਰਦਾ ਹੈ। ਸ਼ੀਸ਼ਾ ਦੇਖਿਆ ਹੈ ਨਾਹ?"

ਕਹਿੰਦਾ, "ਹਾਂ।"

ਕਹਿੰਦੇ, "ਜੇ ਉਸ ਦੇ ਸਾਹਮਣੇ ਵਿੰਗਾ ਮੂੰਹ ਕਰਕੇ ਆਵੇ ਤਾਂ ਕਸੂਰ ਕਿਸ ਦਾ ਹੈ? ਆਪ ਦਾ ਹੀ ਹੋਇਆ ਨਾਹ? ਤੁਸੀਂ ਵੈਰ ਧਾਰਦੇ ਹੋ ਸ਼ਸ਼ਤਰ ਲੈ ਕੇ ਆਉਂਦੇ ਹੋ। ਤੁਹਾਡੀ ਭਾਵਨਾ ਹੁੰਦੀ ਹੈ ਕਿ ਗੁਰੂ ਉਤੇ ਅਸੀਂ ਸ਼ਸਤਰ ਚਲਾਉਣੇ ਨੇ, ਉਹ ਤੁਹਾਨੂੰ ਉਸ ਦਾ ਜਵਾਬ ਦੇ ਦਿੰਦੇ ਨੇ, ਉਨ੍ਹਾਂ ਦਾ ਵੈਰ ਨਹੀਂ ਹੈ ਕਿਸੇ ਨਾਲ ਵੀ।"

ਕਹਿੰਦਾ, "ਮੁਸਲਮਾਨਾਂ ਨਾਲ ਵੈਰ ਨਹੀਂ ਕਰਦੇ ਉਹ?"

ਕਹਿੰਦੇ, "ਮੁਸਲਮਾਨ! ਸਭ ਤੋਂ ਪਹਿਲਾਂ ਸਿੱਖ ਜਿਹੜਾ ਹੋਇਆ ਹੈ, ਉਹ ਭਾਈ ਮਰਦਾਨਾ ਹੋਇਆ ਹੈ। ਉਹ ਕੌਣ ਸੀ? ਫੇਰ ਸਾਰੇ ਇਸਲਾਮ ਵਾਲੇ ਇਥੇ ਆਉਂਦੇ ਨੇ। ਕਿੰਨੀ ਦੇਰ ਗੁਰੂ ਨਾਨਕ ਸਾਹਿਬ ਕਾਅਬੇ ਵਿਚ ਰਹੇ, ਬਗਦਾਦ ਵਿਚ ਰਹੇ ਕਿੰਨੀਆਂ ਸੰਗਤਾਂ ਤਰੀਆਂ ਹੋਣੀਆਂ ਨੇ ਉਨ੍ਹਾਂ ਤੋਂ।

ਨਾਂਹ! ਇਹ ਭੁਲੇਖਾ ਹੈ ਗੁਰੂ ਨਹੀਂ ਕਿਸੇ ਦਾ ਵੀ ਵੈਰੀ ਹੁੰਦਾ -

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ॥***
***ਭਾਈ ਗੁਰਦਾਸ ਜੀ ਦੀ ਵਾਰ 34/1***

ਨਿਰਵੈਰ ਹੈ।"

ਜਲ ਪਾ ਦਿੱਤਾ ਉਸ ਦੇ ਮੂੰਹ ਵਿਚ। ਸੁਰਤ ਬਦਲ ਗਈ ਉਸਦੀ। ਭਾਈ ਕਨ੍ਹਈਏ ਦੇ ਹੱਥ ਦਾ ਪਾਣੀ,

***ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥***
***ਅੰਗ - 273***

ਨੇਤਰਾਂ 'ਚ ਝਾਕਿਆਂ, ਝਾਕਣ ਦੇ ਨਾਲ ਹੀ ਜਰਨੈਲ ਦੀ ਸੁਰਤ ਬਦਲ ਗਈ। ਉਸ ਨੇ ਕਿਹਾ ਬੜਾ ਮਾੜਾ ਕੰਮ ਹੈ ਮੈਂ ਨੌਕਰੀ ਹੁਣ ਛੱਡ ਦੇਣੀ ਹੈ ਜਾਂਦੇ ਨੇ ਹੀ ਤੇ ਮੈਂ ਤਾਂ ਗੁਰੂ ਦਸਮੇਸ਼ ਪਿਤਾ ਦੀ ਸੇਵਾ ਕਰਨੀ ਹੈ।

ਕਹਿੰਦਾ, "ਐ ਪੁਰਖਾ! ਮੈਨੂੰ ਕੋਈ ਅਤਾ ਪਤਾ ਤਾਂ ਆਪਣਾ ਦੱਸ। ਤੂੰ ਤਾਂ ਮੇਰੇ ਖਿਆਲ ਬਦਲ ਦਿੱਤੇ, ਪਾਣੀ ਕੀ ਪਿਲਾਇਆ ਹੈ ਆਬ-ਏ-ਹਿਆਤ ਮੇਰੇ ਅੰਦਰ ਪੁਚਾ ਦਿੱਤਾ। ਮੈਂ ਬਦਲ ਗਿਆ ਬਿਲਕੁਲ ਹੀ।"

ਸੋ ਉਨ੍ਹਾਂ ਨੇ ਕਿਹਾ, "ਮੈਨੂੰ ਕਨ੍ਹਈਆ ਕਹਿੰਦੇ ਨੇ। ਐਨੇ ਨੂੰ ਉਹ ਸਿੰਘ ਨੇੜੇ ਆਏ ਹੋਏ ਸੀ ਗੱਲ ਬਾਤ ਸੁਣੀ ਉਨ੍ਹਾਂ ਨੇ।

ਕਹਿੰਦੇ, "ਕਨ੍ਹਈਆ! ਤੈਨੂੰ ਗੁਰੂ ਮਹਾਰਾਜ ਬੁਲਾਉਂਦੇ ਨੇ।"

ਉਸੇ ਵੇਲੇ ਆਪ ਹੁਕਮ ਮੰਨ ਕੇ ਚਲੇ ਗਏ ਤੇ ਮਹਾਰਾਜ ਜੀ ਦੇ ਪੇਸ਼ ਹੋਏ।

ਮਹਾਰਾਜ ਕਹਿੰਦੇ, "ਕਨ੍ਹਈਆ! ਤੇਰੀ ਸ਼ਿਕਾਇਤ ਹੈ ਭਾਈ ਅੱਜ।"

ਕਹਿੰਦਾ, "ਮਹਾਰਾਜ! ਸੱਚੇ ਪਾਤਸ਼ਾਹ!! ਮੈਂ ਤਾਂ ਸਾਰਾ ਹੀ ਗਲਤੀਆਂ ਦਾ ਭਰਿਆ ਹੋਇਆ ਹਾਂ, ਮੇਰੇ ਵਿਚ ਤਾਂ ਇਕ ਵੀ ਗੁਣ ਨਹੀਂ ਹੈ। ਉਹ ਤਾਂ ਤੁਹਾਡੀ ਮਿਹਰ ਦੇ ਨਾਲ ਜਿਵੇਂ ਚੰਦ ਦੇ ਵਿਚ ਰੋਸ਼ਨੀ ਨਹੀਂ ਹੁੰਦੀ ਸੂਰਜ ਦਾ ਪ੍ਰਕਾਸ਼ ਪੈਂਦਾ ਹੈ ਤੁਸੀਂ ਸਾਰੇ ਗੁਰਸਿੱਖਾਂ ਨੂੰ ਪਾਤਸ਼ਾਹ! ਆਪ ਹੀ ਚਲਾਉਣ ਵਾਲੇ, ਆਪ ਹੀ ਨੇਕੀ ਦੇਣ ਵਾਲੇ, ਆਪ ਹੀ ਸੋਝੀ ਦੇਣ ਵਾਲੇ।"

ਕਹਿੰਦੇ, "ਦਸੋ ਭਾਈ, ਸ਼ਿਕਾਇਤ।"

ਕਹਿੰਦੇ, "ਮਹਾਰਾਜ! ਇਹ ਉਨ੍ਹਾਂ ਨੂੰ ਪਾਣੀ ਪਿਲਾਉਂਦਾ ਰਿਹਾ, ਜਸੂਸ ਹੈ।"

ਕਹਿੰਦੇ, "ਕਿਉਂ ਭਾਈ ਕਨ੍ਹਈਆ! ਤੂੰ ਪਾਣੀ ਮੁਗਲ ਫੌਜਾਂ ਨੂੰ ਪਿਲਾਇਆ?"

ਕਹਿੰਦਾ, "ਨਾ ਸੱਚੇ ਪਾਤਸ਼ਾਹ!"

ਕਹਿੰਦੇ, "ਨਾਹ! ਮਹਾਰਾਜ! ਡਰਦਾ ਮਾਰਿਆਂ ਕਹਿੰਦਾ ਹੈ, ਡਰਦਾ ਹੈ, ਅਸੀਂ ਆਪ ਜਦੋਂ ਫੜਿਆ, ਲੈ ਕੇ ਆਏ ਹਾਂ ਉਸ ਵੇਲੇ ਸਭ ਤੋਂ ਖਤਰਨਾਕ ਜਰਨੈਲ ਜਿਹੜਾ ਅੱਜ ਆਇਆ ਸੀ ਉਹ ਮਾਰ ਕੇ ਸੁਟ ਆਏ ਸੀ। ਇਸ ਨੇ ਫੇਰ ਮੁੜ ਕੇ ਪਾਣੀ ਪਿਲਾ ਕੇ ਜਿਉਂਦਾ ਕਰ ਦਿੱਤਾ ਉਹ ਫੇਰ ਆਏਗਾ, ਜੰਗੀ ਮੁਜਰਮ ਹੈ ਇਸ ਨੂੰ ਸਜਾ ਦੇਣੀ ਚਾਹੀਦੀ ਹੈ।"

ਮਹਾਰਾਜ ਕਹਿੰਦੇ, "ਤੁਸੀਂ ਚੁੱਪ ਕਰੋ ਅਸੀਂ ਪੁਛ ਰਹੇ ਹਾਂ। ਕਿਉਂ ਕਨ੍ਹਈਆ ਤੂੰ ਮੁਗਲਾਂ ਨੂੰ ਪਾਣੀ ਪਿਲਾਇਆ ਹੈ?"

ਕਹਿੰਦਾ, "ਨਹੀਂ।"

ਕਹਿੰਦੇ, "ਫੇਰ ਤੂੰ ਪਹਾੜੀ ਫੌਜਾਂ ਨੂੰ ਪਿਲਾਇਆ ਹੈ?"

ਕਹਿੰਦਾ, "ਨਹੀਂ ਸੱਚੇ ਪਾਤਸ਼ਾਹ! ਮੈਂ ਕਿਸੇ ਨੂੰ ਨਹੀਂ ਪਾਣੀ ਪਿਲਾਇਆ।"

ਕਹਿੰਦੇ, "ਫੇਰ ਪਿਲਾਉਂਦਾ ਕਿਸ ਨੂੰ ਰਿਹਾ?"

ਕਹਿੰਦਾ, "ਸੱਚੇ ਪਾਤਸ਼ਾਹ! ਮੈਂ ਤੇਰੇ ਪ੍ਰੇਮ ਦੇ ਵਿਚ ਰੱਤਿਆ ਹੋਇਆ ਹਾਂ, ਤੂੰ ਮੇਰੇ ਰੋਮ ਰੋਮ ਵਿਚ ਆਪਣੇ ਪਿਆਰ ਦੀਆਂ ਝਰਨਾਟਾਂ ਭਰ ਦਿੱਤੀਆਂ। ਮੇਰੇ ਨੇਤਰਾਂ ਦਾ ਜਿਹੜਾ ਸੀ ਮੋਤੀਆ ਬਿੰਦ ਉਹ ਲਾਹ ਦਿੱਤਾ -

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***
***ਅੰਗ - 293***

ਮੇਰੀ ਤਾਂ ਬਾਤ ਇਹ ਹੋ ਗਈ, ਬੰਦ ਜਿਹੜੀਆਂ ਅੱਖਾਂ ਸੀ ਮੋਤੀਏ ਬਿੰਦ ਨਾਲ ਪਾਤਸ਼ਾਹ, ਤੇਰੀ ਸੇਵਾ ਕਰਕੇ ਖੁੱਲ੍ਹ ਗਈਆਂ ਤੇ ਜਦੋਂ ਅੱਖਾਂ ਖੁਲ੍ਹੀਆਂ ਤਾਂ ਅਸਲੀਅਤ ਮੈਂ ਦੇਖ ਲਈ, ਆਏਂ ਪੜ੍ਹ ਲਓ -

***ਧਾਰਨਾ - ਗੁਰਾਂ ਨੇ ਮੇਰੇ ਓ, ਨੈਣ ਖੋਲ੍ਹਤੇ -2, 2.***
***ਮੈਨੂੰ ਸਾਰੀਆਂ ਘਟਾਂ ਦੇ ਵਿਚ ਤੂੰ ਹੀ ਓ ਦਿਸਿਆ,***
***ਨੈਣ ਖੋਲਤੇ -2, 4.***
***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ॥ ਅੰਗ - 407***

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਅੰਗ - 293***

ਹੇ ਪਾਤਸ਼ਾਹ! ਤੈਥੋਂ ਬਿਨਾ ਤਾਂ ਮੈਨੂੰ ਨਜ਼ਰ ਆਉਣ ਤੋਂ ਹੀ ਹਟ ਗਿਆ ਮੈਨੂੰ ਹੋਰ ਦਿਸਦਾ ਹੀ ਨਹੀਂ ਹੈ, ਨਾ ਮੈਨੂੰ ਤੁਰਕ ਦਾ ਪਤਾ, ਨਾ ਅਤੁਰਕ ਦਾ ਪਤਾ, ਨਾ ਕਿਸੇ ਮਾੜੇ ਦਾ ਪਤਾ, ਨਾ ਚੰਗੇ ਦਾ ਪਤਾ। ਜੇ ਮੈਨੂੰ ਕੋਈ ਹੋਸ਼ ਹੈ ਤਾਂ ਮੈਨੂੰ ਐਨਾ ਹੀ ਪਤਾ ਹੈ ਕਿ ਤੈਥੋਂ ਬਿਨਾਂ ਸੰਸਾਰ

ਦੇ ਉਤੇ ਹੋਰ ਹੈ ਕੋਈ ਨਹੀਂ, ਨਾ ਕੋਈ ਹੋਇਆ ਹੈ, ਨਾ ਕਿਸੇ ਨੇ ਹੋਣਾ ਹੈ, ਨਾ ਕੋਈ ਪਹਿਲਾਂ ਸੀ। ਆਪੇ ਹੀ ਆਪ ਹੈ।"

ਮਹਾਰਾਜ ਜੀ ਨੇ ਉਠ ਕੇ ਬੁੱਕਲ ਵਿਚ ਲੈ ਲਿਆ। ਹੁਕਮ ਦੇ ਦਿੱਤਾ ਕਿ ਪੱਟੀਆਂ ਵੀ ਲਿਆਓ, ਮਲ੍ਹਮ ਵੀ ਲਿਆਓ। ਸਾਰੇ ਹੈਰਾਨ ਹੋ ਗਏ ਕਿ ਆਹ ਕੀ ਗੱਲ ਬਣ ਗਈ। ਆਪਣੇ ਦਸਤੇ ਮੁਬਾਰਕ ਨਾਲ ਮਹਾਰਾਜ ਕਹਿੰਦੇ, ਲੈ ਕਨ੍ਹਈਆ! ਜਿਥੇ ਮਸ਼ਕ ਰੱਖਦਾ ਹੈ ਉਥੇ ਇਹ ਪੱਟੀਆਂ ਵੀ ਨਾਲ ਹੀ ਰੱਖੀ, ਮਲ੍ਹਮ ਵੀ ਨਾਲ ਰੱਖੀ।"

ਪਹਿਲਾਂ ਦਿਨ ਹੈ ਜਿਸ ਦਿਨ ਰੈਡ ਕਰਾਸ (Red Cross) ਦੀ ਬੁਨਿਆਦ ਗੁਰੂ ਦਸਮੇਸ਼ ਜੀ ਨੇ ਰੱਖੀ ਹੈ। ਅਸੀਂ ਤਾਂ ਦੱਸ ਹੀ ਨਹੀਂ ਸਕਦੇ ਕਿਸੇ ਨੂੰ, ਹੋਰ ਹੀ ਪਾਸੇ ਤੁਰੇ ਫਿਰਦੇ ਹਾਂ। ਹੈਰਾਨ ਹੋ ਗਏ।

ਕਹਿੰਦੇ ਗੁਰਸਿਖੋ! ਇਹ ਖਾਲਸਾ ਪਦਵੀ ਪ੍ਰਾਪਤ ਕਰ ਚੁੱਕਿਆ ਹੈ। ਹੁਣ ਇਸ ਦੇ ਵਿਚ ਮੇਰੇ ਵਿਚ ਤੇ ਪ੍ਰਮੇਸ਼ਰ 'ਚ ਕੋਈ ਭੇਦ ਨਹੀਂ ਰਿਹਾ -

ਕਨ੍ਹਈਆ ਤੇਰੀ ਸੇਵਾ ਪ੍ਰਵਾਨ। ਜਾਹ! ਹੁਣ ਤੂੰ ਏਹੀ ਗੁਰਸਿਖੀ ਦਾ ਜੋ ਨਿਸ਼ਾਨਾ ਹੈ, ਸੰਸਾਰ 'ਚ ਵੰਡ ਜਾ ਕੇ।"

ਬੜੀ ਲੰਮੀ ਸਾਖੀ ਹੈ ਉਸ ਤੋਂ ਬਾਅਦ। ਉਹੀ ਮੁਗਲ ਖਾਨ ਫੇਰ ਜਾਂਦਾ ਹੈ, ਜਾ ਕੇ ਸੇਵਾ ਕਰਦਾ ਹੈ, ਉਹ ਮੁਸਲਮਾਨ ਪੀਰ ਬਣਿਆ, ਗੁਰੂ ਮਹਾਰਾਜ ਦੀ ਸਿੱਖੀ ਧਾਰਨ ਕਰੀ ਉਸ ਜਰਨੈਲ ਨੇ ਬਾਅਦ ਵਿਚ।

ਸੋ ਇਸ ਤਰ੍ਹਾਂ ਦੇ ਨਾਲ ਗੁਰਸਿੱਖੀ ਦੇ ਵਿਚ ਵੈਰੀ ਅੱਖਰ ਹੈ ਨਹੀਂ ਕਿਤੇ ਵੀ, ਕਿਤੇ ਨਹੀਂ ਹੈ ਗੁਰੂ ਗ੍ਰੰਥ ਸਾਹਿਬ ਸਾਰਾ ਪੜ੍ਹ ਲਓ। ਜੇ ਕੋਈ ਵੈਰੀ ਹੈ ਤਾਂ ਮਹਾਰਾਜ ਨੇ ਕਿਹਾ ਕਿ ਉਨ੍ਹਾਂ ਤੋਂ ਖਬਰਦਾਰ ਰਹੇ -

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ॥ ਅੰਗ - 600***

***ਸੰਗਿ ਸਹਾਈ ਸੁ ਆਵੈ ਨ ਚੀਤਿ॥***
***ਜੋ ਬੈਰਾਈ ਤਾ ਸਿਉ ਪ੍ਰੀਤਿ॥ ਅੰਗ - 267***

ਇਨ੍ਹਾਂ ਪੰਜਾਂ ਚੋਰਾਂ ਨਾਲ ਦੋਸਤੀ, ਪੰਜਾਂ ਰਸਾਂ ਨਾਲ, ਪੰਜਾਂ ਵਿਸ਼ਿਆ ਨਾਲ। ਇਨ੍ਹਾਂ ਤੋਂ ਸਾਵਧਾਨ ਮਹਾਰਾਜ ਕਹਿੰਦੇ ਰਹੋ। ਸੰਸਾਰ 'ਚ ਕੋਈ ਵੈਰੀ ਨਹੀਂ ਹੈ। ਇਹ ਤਾਂ ਸਾਰੀ ਜੋਤ ਅਕਾਲ ਪੁਰਖ ਦੀ ਵਰਤ ਰਹੀ ਹੈ ਇਥੇ ਦੂਜਾ ਨਹੀਂ ਹੈ। ਸੋ ਕਹਿਣ ਲੱਗੇ ਭਾਈ ਮੰਝ ਜੀ ਕਹਿੰਦੇ, "ਦੇਖਿਓ! ਐਸੀ ਗਲਤੀ ਨਾ, ਇਹ ਭਾਵਨਾ ਗਲਤ ਹੈ ਗੁਰਸਿੱਖੀ ਦੇ ਅਨੁਕੂਲ ਨਹੀਂ ਹੈ। ਸੰਸਾਰ 'ਚ ਇਕੋ ਹੀ ਪ੍ਰਮੇਸ਼ਰ ਪਰੀਪੂਰਨ ਹੈ। ਜੋ ਕੁਝ ਹੋ ਰਿਹਾ ਹੈ ਉਸ ਦੇ ਹੁਕਮ ਵਿਚ ਹੀ ਹੋ ਰਿਹਾ ਹੈ, ਹੁਕਮ ਤੋਂ ਬਾਹਰ ਨਹੀਂ ਕੁਝ ਵੀ ਹੋ ਰਿਹਾ। ਇਸ ਕਰਕੇ ਜੋ ਹੋਇਆ ਉਹ ਮੇਰੇ ਗੁਰੂ ਨੂੰ ਭਾਉਂਦਾ ਹੈ। ਮੇਰੇ ਗੁਰੂ ਨੂੰ ਜੋ ਭਾਈ ਹੈ ਜਿਹੜੀ ਗੱਲ, ਉਹ ਸਾਨੂੰ ਭਲੀ ਕਰਕੇ ਮੰਨਣੀ ਚਾਹੀਦੀ ਹੈ।"

***ਮਨ ਕੀ ਮਤਿ ਤਿਆਗਹੁ ਹਰਿ ਜਨ***
***ਹੁਕਮੁ ਬੂਝਿ ਸੁਖੁ ਪਾਈਐ ਰੇ॥***
***ਜੋ ਪ੍ਰਭੁ ਕਰੈ ਸੋਈ ਭਲ ਮਾਨਹੁ***
***ਸੁਖਿ ਦੁਖਿ ਓਹੀ ਧਿਆਈਐ ਰੇ॥ ਅੰਗ - 209***

ਉਸੇ ਨੂੰ ਭਲਾ ਕਰਕੇ ਮੰਨੋ। ਸੋ ਇਸ ਤਰ੍ਹਾਂ ਦੇ ਬਚਨ ਆਪ ਨੇ ਕਰਕੇ, ਰੋਜ਼ ਮਿਹਨਤ ਕਰਦੇ ਨੇ। ਦੋ ਪੈਸੇ ਜਮ੍ਹਾਂ ਕਰੀ ਜਾਂਦੇ ਨੇ, ਐਡੀ ਗਰੀਬੀ ਦੀ ਹਾਲਤ ਵਿਚ ਭੁੰਜੇ ਪੈਂਦੇ ਨੇ। ਸੋ ਇਸ ਤਰ੍ਹਾਂ ਕਸਵੱਟੀ ਲੱਗੀ ਹੋਈ ਹੈ ਭਾਈ ਮੰਝ ਤੇ, ਤੇ ਗੁਰੂ ਚਾਹੁੰਦਾ ਹੈ ਕਿ ਮੈਂ ਇਸ ਨੂੰ ਪੂਰਾ ਕਰ ਦਿਆਂ, ਗੁਰਸਿਖ ਗੁਰੂ ਦੇ ਅਨੁਕੂਲ ਹੋਇਆ ਹੋਇਆ ਹੈ। ਕੋਈ ਸ਼ਿਕਵਾ ਨਹੀਂ, ਕੋਈ ਅਰਦਾਸ ਨਹੀਂ ਹੈ। ਜੇ ਕਹਿੰਦਾ ਹੈ ਤਾਂ ਇਕੋ ਹੀ ਅਰਦਾਸ ਕਰਦਾ ਹੈ। ਹੇ ਸਤਿਗੁਰੂ! ਮੇਰਾ ਸਿੱਖੀ ਸਿਦਕ ਨਿਭ ਜਾਵੇ ਤੇਰੇ ਨਾਲ, ਮੇਰਾ ਪਿਆਰ ਤੇਰੇ ਨਾਲ ਨਿਭ ਜਾਵੇ -

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥***
***ਅੰਗ - 757***

***ਕੋਈ ਭਲਾ ਕਹਉ ਭਾਵੈ ਬੁਰਾ ਕਹਉ***
***ਹਮ ਤਨੁ ਦੀਓ ਹੈ ਢਾਰਿ॥ ਅੰਗ - 528***

ਸੋ ਇਸ ਤਰ੍ਹਾਂ ਆਪ ਜੀ ਭਾਣੇ ਦੇ ਵਿਚ ਰਾਜੀ ਰਹਿ ਕੇ ਬੰਦਗੀ ਕਰਦੇ ਨੇ, ਉਨ੍ਹਾਂ ਤੋਂ ਕਰਾਉਂਦੇ ਨੇ, ਅੰਮ੍ਰਿਤ ਵੇਲੇ ਜਾਗਦੇ ਨੇ।

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਅੰਗ - 305***

ਸੰਤ ਕਲਿਆਣ ਦਾਸ ਜੀ ਬਹੁਤ ਵਿਸਥਾਰ ਨਾਲ ਆਪ ਨੂੰ ਦਸ ਗਏ। ਸੋ ਹੁਣ ਸਮਾਂ ਇਜਾਜਤ ਨਹੀਂ ਦਿੰਦਾ। ਕੱਲ੍ਹ ਦਾ ਜੋ ਦੀਵਾਨ ਹੈ ਉਹ ਆਪਣੇ ਸਟੇਜ ਦਾ ਹੁਣ ਵਾਲੇ ਸਮਾਗਮ ਦਾ ਆਖਰੀ ਹੈ। ਇਹ ਨਹੀਂ ਕਿ ਮੈਂ ਕਹਾਂ ਕਿ ਆਖਰੀ ਹੀ ਹੈ ਫੇਰ ਇਥੇ ਦੀਵਾਨ ਹੀ ਨਹੀਂ ਲਗਣੇ, ਨਾਹ ਇਸ ਸਮਾਗਮ ਦਾ ਆਖਰੀ ਹੈ। ਸੋ ਹੁੰਮ ਹੁਮਾ ਕੇ ਕੱਲ੍ਹ ਨੂੰ ਪਹੁੰਚਿਓ। ਤੁਹਾਡੇ ਹੀ ਬਜੁਰਗ ਨੇ ਜਿਸ ਦੀ ਮੈਂ ਗੱਲ ਕਰ ਰਿਹਾ ਹਾਂ। ਸਿੱਖੀ ਦੁਆਬੇ 'ਚ ਲਿਆਉਣਾ ਬਹੁਤ ਵੱਡਾ ਕੰਮ ਸੀ ਉਨ੍ਹਾਂ ਦਾ। ਉਨ੍ਹਾਂ ਦੀ ਮਾਰਫਤ ਤੁਸੀਂ ਹੀ ਨਹੀਂ ਬਖਸ਼ੇ ਗਏ, ਸਾਰਾ ਸੰਸਾਰ ਬਖਸ਼ਾ ਦਿੱਤਾ ਉਨ੍ਹਾਂ ਨੇ। ਸੋ ਕੱਲ੍ਹ ਨੂੰ ਬੇਨਤੀ ਕਰਾਂਗੇ ਸਮੇਂ ਤੇ ਪਹੁੰਚੋ। ਹੁਣ ਸਾਰੇ ਪ੍ਰੇਮੀ ਗੁਰ ਸਤੋਤਰ 'ਚ ਬੋਲੋ ਜੋ ਹਾਲੇ ਤੱਕ ਨਹੀਂ ਬੋਲੇ ਭਾਈ! ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

-ਗੁਰ ਸਤੋਤਰ-

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ – 47)*

ਸੰਤ–ਉਹ ਕੀ ਹੈ? ਭਾਈ!

ਭਗਤ ਸਿੰਘ–ਸਾਨੂੰ ਉਸ ਸਾਧੂ ਨੇ ਉਪਕਾਰ ਦੇ ਵਿਰੁੱਧ ਇਹ ਗੱਲ ਸੁਣਾਈ ਸੀ ਜੋ ਉਸਨੇ ਕਿਸੇ ਅੰਗ੍ਰੇਜ਼ੀ ਕਿਤਾਬ ਵਿਚ ਪੜ੍ਹੀ ਸੀ। ਸੰਸਕ੍ਰਿਤ ਵਿਦਯਾ ਤੋਂ ਛੁੱਟ ਉਹ ਅੰਗ੍ਰੇਜ਼ੀ ਦਾ ਐਮ.ਏ. ਵੀ ਸੀ, ਗੱਲਾਂ ਗਿਆਨ ਦੀਆਂ ਚੰਗੀਆਂ ਕਰਦਾ ਸੀ, ਪਰ ਉਸਦੇ ਆਤਮਾ ਵਿਚ ਰਸ ਭਿੰਨੜੀ ਗੱਲ ਨਹੀਂ ਸੀ ਸਹੀ ਹੁੰਦੀ। ਦਿਮਾਗੀ ਵਾਕਫੀ ਬਹੁਤ ਸੀ।

ਸੰਤ–ਕਾਸਨੂੰ ਕਿਸੇ ਦਾ ਐਬ ਵਿਚ ਪੈਣਾ ਹੋਇਆ। ਜੇ ਤਾਂ ਵਪਾਰ ਕਰਨਾ ਹੈ ਤਾਂ ਪਰਖ ਕਰਨੀ ਜ਼ਰੂਰੀ ਹੁੰਦੀ ਹੈ। 'ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ' ਹੁਕਮ ਹੈ। ਬਿਨਾਂ ਸਿਞਾਣੇ ਭਰੋਸਾ ਕੀਤਿਆਂ ਪਖੰਡੀਆਂ ਦੇ ਜਾਲ ਵਿਚ ਫਸ ਜਾਈਦਾ ਹੈ। ਉਨ੍ਹਾਂ ਦੇ ਮੰਦਰ, ਐਸ਼੍ਵਰਜ, ਚੇਲਿਆਂ ਦੀ ਗਿਣਤੀ ਅਮੀਰੀ ਤੇ ਵਿਦਯਾ ਵੇਖ ਕੇ ਤਸੱਲੀ ਪਾ ਜਾਈਦੀ ਹੈ, ਪਰ ਨਿਰੇ ਏਹ ਲੱਛਣ ਪਰਮਾਰਥ ਦੇ ਨਹੀਂ ਹਨ। ਵਸਤੂ ਜ਼ਰੂਰ ਸਿਞਾਣੇ, ਵੇਖ ਕੇ ਤਸੱਲੀ ਪਾ ਜਾਈਦੀ ਹੈ, ਪਰ ਨਿਰੇ ਏਹ ਲੱਛਣ ਪਰਮਾਰਥ ਦੇ ਨਹੀਂ ਹਨ। ਵਸਤੂ ਜ਼ਰੂਰ ਸਿਞਾਣੇ ਪਰ ਤਾਂ ਜੇ ਵਪਾਰ ਕਰਨਾ ਹੈ, ਤੇ ਜੇ ਕਿਸੇ ਨਾਲ ਘੜੀ ਪਲ ਦਾ ਪਰਚਾ ਹੈ, ਮਿਲੇ ਤੇ ਗਏ, ਤਾਂ ਕਾਨੂੰ ਕੁਨਸਾਂ ਛਾਣਨੀਆਂ। ਹਾਂ ਓਹ ਗੱਲ ਕੀ ਸੀ?

ਭਗਤ ਸਿੰਘ – ਪ੍ਰਸੰਗ ਉਪਕਾਰ ਦਾ ਚਲ ਰਿਹਾ ਸੀ। ਓਹ ਕਹਿਣ ਲੱਗੇ ਕਿ ਇਕ ਦਿਨ ਓਹ ਉਠੇ ਤੇ ਇਕ ਸ਼ਹਿਰ ਨੂੰ ਟੁਰ ਪਏ। ਓਹ ਤੋਂ ਉਸ ਦਾ ਭਾਵ ਈਸਾ ਜੀ ਸੀ। ਇਕ ਵੱਡਾ ਮਹਲ ਸੀ ਉਸਦੇ ਅੰਦਰ ਚਲੇ ਗਏ। ਸਾਰੇ ਸਾਮਾਨ ਉਥੇ ਭੋਗਾਂ ਦੇ ਰਾਜਸੀ ਰੰਗ ਦੇ ਸਨ। ਵੱਡੇ ਕਮਰੇ ਵਿਚ ਜਾਂ ਆਪ ਵੜੇ ਤਾਂ ਇਕ ਆਦਮੀ ਲਾਲ ਸ਼ਰਾਬ ਪੀਕੇ ਸਰੂਰ ਵਿਚ ਸੀ ਤੇ ਐਸ਼ ਇਸ਼ਰਤ ਵਿਚ ਗਲਤਾਨ ਸੀ। ਉਹ ਉਨ੍ਹਾਂ ਨੂੰ ਵੇਖ ਕੇ ਉਠਿਆ ਤੇ ਮੱਥਾ ਟੇਕਿਓਸੁ। ਓਹ ਪੁੱਛਣ ਲੱਗੇ, "ਤੂੰ ਕੌਣ ਹੈਂ?" ਉਸ ਆਖਿਆ, ਮੈਂ ਓਹੀ ਹਾਂ ਜੋ ਇਕ ਕੋਹੜੀ ਹੁੰਦਾ ਸਾਂ ਤੇ ਤੁਸਾਂ ਨੇ ਮੈਨੂੰ ਨਵਾਂ ਨਰੋਆ ਕਰ ਦਿੱਤਾ ਸੀ। ਉਨ੍ਹਾਂ ਨੇ ਕਿਹਾ, ਫੇਰ ਤੂੰ ਇਹ ਕਿਸ ਤਰ੍ਹਾਂ ਦਾ ਜੀਵਨ ਬਸਰ ਕਰ ਰਿਹਾ ਹੈਂ? ਉਸ ਉਤਰ ਦਿਤਾ ਕਿ ਮੈਂ ਜੀਓ ਹੋਰ ਕਿਸ ਤਰ੍ਹਾਂ ਦਾ ਜੀਵਨ ਬਸਰ ਕਰਦਾ? ਤੁਸਾਂ ਮੈਨੂੰ ਰਾਜ਼ੀ ਜੁ ਕਰ ਦਿਤਾ ਸੀ। ਇਹ ਸੁਣ ਕੇ ਆਪ ਬਜ਼ਾਰ ਵਿਚ ਆਏ। ਉਥੇ ਇਕ ਸੁੰਦਰ ਮੁਟਿਆਰ ਵੇਖੀ, ਜਿਸ ਦੇ ਮਗਰ ਇਕ ਗੱਭਰੂ ਪਜਾਰ ਵਿਚ ਮੱਤਾ ਨਜ਼ਰ ਜਮਾਏ ਆ ਰਿਹਾ ਸੀ। ਇਸ ਨੂੰ ਆਪ ਜੀ ਨੇ ਪੁਛਿਆ, ਭਾਈ! ਤੂੰ ਇਸ ਮਾੜੀ ਨਜ਼ਰ ਨਾਲ ਇਸ ਬੀਬੀ ਵੰਨੇ ਕਿਉਂ ਤੱਕਦਾ ਹੈਂ? ਗੱਭਰੂ ਨੇ ਉਨ੍ਹਾਂ ਨੂੰ ਪਛਾਣ ਲਿਆ ਤੇ ਆਖਿਆ, ਜੀਉ ਮੈਂ ਅੰਨ੍ਹਾ ਹੁੰਦਾ ਸਾਂ, ਤੁਸਾਂ ਮੈਨੂੰ ਨੈਣ ਬਖਸ਼ੇ ਸਨ, ਫੇਰ ਦੱਸੋ ਮੈਂ ਹੋਰ ਕਿਸ ਵੰਨੇ ਤੱਕਦਾ? ਫਿਰ ਆਪ ਨੇ ਉਸ ਮੁਟਿਆਰ ਨੂੰ ਆਖਿਆ, ਬੀਬਿਆ! ਕੀ ਪਾਪ ਦੇ ਰਾਹ ਬਿਨਾਂ ਹੋਰ ਕੋਈ ਰਾਹ ਨਹੀਂ ਤੇਰੇ ਟੁਰਨੇ ਲਈ? ਤਾਂ ਓਸ ਮੁਟਿਆਰ ਨੇ ਸਿਆਣ ਕੇ ਆਖਿਆ, ਜੀਉ ਤੁਸਾਂ ਹੀ ਤਾਂ ਮੇਰੇ ਪਾਪ ਬਖਸ਼ੇ ਸਨ, ਫਿਰ ਇਹੋ ਹੀ ਰਾਹ ਰਸਮਈ ਰਾਹ ਹੈ। ਫਿਰ ਆਪ ਸ਼ਹਿਰੋਂ ਬਾਹਰ ਨਿਕਲ ਗਏ ਤਾਂ ਸੜਕ ਦੇ ਕਿਨਾਰੇ ਇਕ ਗੱਭਰੂ ਰੋ ਰਿਹਾ ਸੀ। ਆਪ ਨੇ ਅੱਗੇ ਹੋ ਕੇ ਪੁਛਿਆ, ਤੂੰ ਕਿਉਂ ਪਿਆ ਰੋਨਾ ਏਂ? ਤਾਂ ਉਸ ਆਪ ਨੂੰ ਪਛਾਤਾ ਤੇ ਕਹਿਣ ਲੱਗਾ, ਕਿ ਜੀਉ! ਮੈਂ ਮਰ ਗਿਆ ਸਾਂ, ਤੁਸਾਂ ਹੀ ਤਾਂ ਮੈਨੂੰ ਮੁਰਦਿਆਂ ਵਿਚੋਂ ਜੀਵਾਲਿਆ ਸੀ, ਤਾਂ ਮੈਂ ਰੋਣ ਤੋਂ ਸਿਵਾ ਹੋਰ ਕੀ ਕਰਦਾ? ਇਹ ਕਥਾ ਸੁਣਕੇ ਉਸ ਬੰਗਾਲੀ ਸਾਧੂ ਨੇ, ਜੋ ਬਹੁਤ ਵਿਦਯਾ ਦਾ ਗਿਆਤਾ ਸੀ, ਦੱਸਿਆ ਕਿ ਨੇਕੀ ਕਰਨੀ, ਉਪਕਾਰ ਕਰਨਾ, ਕੁਦਰਤ ਵਿਚ ਦਖਲ ਦੇਣਾ ਹੈ, ਇਹ ਨਹੀਂ ਕਰਨਾ ਚਾਹੀਏ।

ਪਰ ਆਪ ਨੇ ਫੁਰਮਾਇਆ ਸੀ ਕਥਾ ਵਿਚ ਇਕ ਦਿਨ ਕਿ ਆਪਾ ਜੀਵਾਲ ਲੈਣਾ – ਭਗਤੀ ਨਾਲ ਕਿ ਗਿਆਨ ਜੋਗ ਅਗਨੀ ਨਾਲ ਅੰਧਕਾਰ ਦੂਰ ਕਰਕੇ ਪ੍ਰਕਾਸ਼ਮਯ ਤੇਜ ਸਰੂਪ ਆਤਮਾ ਵਿਚ ਜੀਉ ਉਠਣਾ–ਇਹ ਪਰਮ ਧਰਮ ਹੈ। ਪਰ ਨਾਲ ਆਪ ਨੇ ਤੁਕ ਪੜ੍ਹੀ ਸੀ 'ਬ੍ਰਹਮਗਿਆਨੀ ਪਰਉਪਕਾਰ ਉਮਾਹਾ' ਕਿ ਬ੍ਰਹਮਗਿਆਨੀ ਵਿਚ ਜਗਤ ਦੇ ਭਲੇ ਦਾ ਉਮਾਹੂ ਉਮਾਹ ਖਿੜੇ ਗੁਲਾਬ ਦੇ ਸੁਤੇ ਸੁਭਾਵ ਖੁਸ਼ਬੂ ਦਾਨ ਕਰਨ ਵਾਂਙੂ ਉਮਲਦਾ ਹੈ। ਅਗਯਾਨੀ ਨੇਕ ਬੰਦੇ ਵਾਂਙੂ ਉਹ ਕਿਸੇ ਵਾਸ਼ਨਾਂ ਨੂੰ ਲੈ ਕੇ ਉਪਕਾਰ ਨਹੀਂ ਕਰਦਾ ਪਰ ਸੁਤੇ ਸਿੱਧ ਉਸਤੋਂ ਨੇਕੀ ਹੁੰਦੀ ਹੈ। ਅਥਵਾ ਜੋ ਉਸ ਤੋਂ ਹੁੰਦਾ ਹੈ – 'ਬ੍ਰਹਮ ਗਿਆਨੀ ਕੇ ਹੋਇ ਸੁ ਭਲਾ' ਆਪ ਨੇ ਤੁਕ ਪੜੀ ਸੀ ਫੇਰ 'ਬ੍ਰਹਮਿਗਿਆਨੀ ਕੀ ਸਭ ਊਪਰਿ ਮਇਆ' ਬੀ ਪੜ੍ਹਿਆ ਸੀ। ਸਾਨੂੰ ਫੇਰ ਸਮਝ ਨਾ ਆਈ ਕਿ ਗੁਰੂ ਮਹਾਰਾਜ ਤੋਂ ਆਪ ਦੀ ਵਿਆਖਿਆ ਹੋਰਵੇਂ ਸੀ ਤੇ ਇਹ ਸਾਧੂ ਜੋ ਤਿਆਗੀ ਤੇ ਵਿਦਵਾਨ ਹੈ ਹੋਰਵੇਂ ਆਖਦਾ ਹੈ।

ਸੰਤ–ਖਾਲਸਾ ਜੀ! ਜੋ ਕਥਾ ਤੁਸਾਂ ਸੁਣਾਈਆਂ ਹਨ, ਇਨ੍ਹਾਂ ਦੀ ਧੁਨੀ ਐਉਂ ਦੀ ਲਗਦੀ ਹੈ ਕਿ ਇਹ ਜੀਵਨ

ਦੀਆਂ ਹੋ ਵਰਤੀਆਂ ਗੱਲਾਂ ਨਹੀਂ ਪਰ ਕਵਿਤਾਵਾਂ ਹਨ ਨਿਦਰਸ਼ਨਾਂ ਦੇ ਢੰਗ ਦੀਆਂ ਜਿਨ੍ਹਾਂ ਵਿਚ ਕੋਈ ਕਵੀ ਕੋਈ ਆਪਣਾ ਸਿੱਧਾਂਤ ਮੂਰਤੀਮਾਨ ਕਰ ਰਿਹਾ ਹੈ। ਸਾਨੂੰ ਜਿਸ ਭਲੇ ਪੁਰਖ ਦਾ ਤੁਸਾਂ ਨਾਉਂ ਲਿਆ ਹੈ ਉਸਦੇ ਜੀਵਨ ਪੜ੍ਹਨ ਦਾ ਸਮਾਂ ਨਹੀਂ ਆਇਆ। ਸੋ ਅਸੀਂ ਇਦਾਂ (ਪੂਰੀ ਤੇ ਪੱਕੀ ਤਰ੍ਹਾਂ ਕਹਿਣਾ ਕਿ ਐਉਂ ਹੀ ਹੈ) ਕਰਕੇ ਕੁਛ ਨਹੀਂ ਕਹਿ ਸਕਦੇ। ਜਿਸ ਸਾਧੂ ਨੇ ਉਸ ਭਲੇ ਪੁਰਖ ਦੀਆਂ ਕਥਾ ਸੁਣੀਆਂ ਹਨ ਉਹ ਆਪ ਹੋਵੇ ਤਾਂ ਉਸ ਨਾਲ ਉਸਦੇ ਮੰਨੇ ਸ਼ਾਸਤ੍ਰ ਤੇ ਵੀਚਾਰ ਕਰ ਲਵੀਏ। ਸੋ ਦੋਇ ਗੱਲਾਂ ਨਾ ਹੋਣ ਕਰਕੇ ਅਸੀਂ ਐਤਨਾ ਹੀ ਕਹਿ ਸਕਦੇ ਹਾਂ ਕਿ ਕੁਦਰਤ ਵਿਚ ਜੋ ਭਲਾ ਬੁਰਾ ਹੋ ਰਿਹਾ ਹੈ ਉਸਦੀ ਪਰਖ ਕਰਨੀ ਕਠਨ ਕੰਮ ਹੈ। ਦੁੱਖ ਦੂਰ ਕਰਨੇ ਚੰਗੇ ਹਨ, ਪਰ ਕਿਸੇ ਵੇਲੇ ਦੁਖ ਦੂਰ ਕਰਦਿਆਂ ਦੁਖ ਦੇ ਬਹੀਦਾ ਹੈ। ਸੋ ਪਰਖ ਲੋੜੀਏ ਤੇ ਪਰਖ ਬੜਾ ਕਠਨ ਕੰਮ ਹੈ। ਸਾਡਾ ਵੀਚਾਰ ਇਹ ਹੈ ਕਿ ਜਗਤ ਦੁਖੀ ਹੈ, ਦੁਖੀ ਤੇ ਦਇਆ ਫੁਰਨੀ ਜੀਵ ਦੇ ਮਨ ਦਾ ਸੁਭਾਵ ਹੈ। ਤੁਸਾਂ ਡਿੱਠਾ ਹੋਊ ਕਿ ਬੱਚਿਆਂ ਨੂੰ ਦਇਆ ਕੇਡੀ ਛੇਤੀ ਫੁਰਦੀ ਹੈ। ਵੱਡੇ ਹੋ ਕੇ ਤ੍ਰਿਸ਼ਨਾਂ ਵਧਦੀ ਤੇ ਦਇਆ ਘਟਦੀ ਹੈ ਤੇ ਖ਼ੁਦਗਰਜ਼ੀ ਮਨੁੱਖ ਦਾ ਮਨ ਕਰੜਾ ਕਰ ਦੇਂਦੀ ਹੈ, ਪਰ ਗਿਆਨ ਪਾ ਕੇ ਫੇਰ ਤ੍ਰਿਸ਼ਨਾਂ ਘਟਦੀ ਹੈ ਤੇ ਦਇਆ ਦਾ ਸੁਭਾਵਿ ਜਾਗਦਾ ਹੈ। ਪਰ ਅਗਿਆਨੀਆਂ ਦੀ ਦਇਆ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਜਿਵੇਂ ਸ਼ੇਖ ਸਾਅਦੀ ਜੀ ਨੇ ਦੱਸਿਆ ਹੈ ਕਿ ਇਕ ਬਘਿਆੜ ਨੇ ਬੱਕਰੀ ਪਕੜ ਲਈ, ਤਰਸ ਖਾ ਕੇ ਇਕ ਉਪਕਾਰੀ ਨੇ ਉਸ ਨੂੰ ਛੁਡਾਇਆ, ਪਰ ਘਰ ਲਿਆਕੇ ਇਕ ਦਿਨ (ਇਹ ਕਹਿ ਕਿ ਜੀਵਾਂ ਦਾ ਗੋਸ਼ਤ ਖਾਣਾ ਅੱਲਾ ਦਾ ਹੁਕਮ ਹੈ) ਉਸ ਨੂੰ ਖਾਣੇ ਲਈ ਹਲਾਲ ਕਰਨ ਲੱਗਾ। ਇਹ ਦਇਆ ਬੀ ਦਇਆ ਨਹੀਂ ਹੈ। ਯਾ ਸਾਡੀ ਦਇਆ ਇਸ ਪ੍ਰਕਾਰ ਦੀ ਹੁੰਦੀ ਹੈ ਕਿ ਪਿਤਾ ਪੁੱਤਰ ਨੂੰ ਸੁਮੱਤ ਲਈ ਝਿੜਕ ਰਿਹਾ ਹੈ ਤੇ ਅਸੀਂ ਉਸ ਨੂੰ ਮਨ੍ਹੇ ਕਰਦੇ ਹਾਂ, ਇਹ ਬੀ ਕੁਦਇਆ ਹੈ। ਇਸ ਪ੍ਰਕਾਰ ਆਪ ਦੇ ਕਥੇ ਕਵੀ ਨੇ ਇਹ ਗੱਲ ਸ਼ਾਇਦ ਦਰਸਾਈ ਹੈ ਕਿ ਜਿਨ੍ਹਾਂ ਦੇ ਮਨ ਤਾਂ ਪਾਪਾਂ ਦੀ ਰੁਚੀ ਨਾਲ ਭਰੇ ਪਏ ਹਨ ਉਨ੍ਹਾਂ ਨੂੰ ਪਾਪਾਂ ਦੇ ਨਤੀਜੇ ਵਿਚ ਆਏ ਦੁਖਾਂ ਤੋਂ ਛੁਡਾ ਦਿਤਿਆਂ ਉਹ ਫੇਰ ਉਨ੍ਹਾਂ ਹੀ ਪਾਪਾਂ ਵਿਚ ਲੱਗ ਜਾਣਗੇ ਤੇ ਫੇਰ ਦੁੱਖਾਂ ਵਿਚ ਪੈ ਜਾਣਗੇ। ਹੋ ਸਕਦਾ ਹੈ ਕਿ ਓਸ ਕਵੀ ਦਾ ਇਹ ਭਾਵ ਹੋਵੇ। ਪਰ ਉਸਦਾ ਭਾਵ ਆਪਣੇ ਪੈਗੰਬਰ ਪਰ ਕਿੰਤੂ ਕਰਨੇ ਦਾ ਨਹੀਂ ਹੋਣਾ। ਇਹ ਹੋਣਾ ਹੈ ਕਿ ਭੈੜੇ ਲੋਕ ਦਇਆ ਦਾ ਪਾਤ੍ਰ ਬਣਕੇ ਭੀ ਭੈੜ ਨਹੀਂ ਛੱਡਦੇ। ਠੀਕ ਨਹੀਂ ਕਿਹਾ ਜਾ ਸਕਦਾ, ਪਰ ਜੋ ਕਥਾ ਤੁਸਾਂ ਸੁਣਾਈਆਂ ਹਨ ਏਹ ਉਨ੍ਹਾਂ ਦੇ ਜੀਵਨ ਵਿਚ ਐਉਂ ਤਾਂ ਲਿਖੀਆਂ ਹੋਸਨ ਕਿ ਉਨ੍ਹਾਂ ਨੇ ਕਿਸੇ ਕੋਹੜੀ ਨੂੰ ਵੱਲ ਕੀਤਾ ਸੀ ਪਰ ਉਹ ਕੋਹੜੀ ਫੇਰ ਪਾਪਾਂ ਵਿਚ ਪੈ ਗਿਆ। ਇਹ ਜੀਵਨ ਕਥਾ ਵਿਚ ਲਿਖਿਆ ਨਹੀਂ ਹੋਣਾ, ਇਹ ਕਿਸੇ ਸਿਆਣੇ ਕਵੀ ਦਾ ਕੋਈ ਸਿੱਧਾਂਤ ਦਰਸਾਉਣ ਦੀ ਇਕ ਨਿਦਰਸ਼ਨਾ ਹੋ ਸਕਦੀ ਹੈ। ਸਾਡਾ ਇਸ ਵਿਚ ਕੋਈ ਆਸ਼ਾ ਉਸ ਕਵੀ ਦੀ, ਯਾ ਜਿਨ੍ਹਾਂ ਨੇ ਓਹ ਨੇਕੀਆਂ ਕੀਤੀਆਂ, ਕਿਸੇ ਦੀ ਨੁਕਤਾਚੀਨੀ ਦਾ ਨਹੀਂ। ਗੁਰੂ ਕੇ ਸਿੱਖ ਦਾ ਧਰਮ ਨਿੰਦਾ ਤੇ ਨੁਕਤਾਚੀਨੀ ਆਦਿਕ ਕਿਸੇ ਨਾਮ ਹੇਠਾਂ ਕਰਨਾ ਨਹੀਂ ਹੈ। ਚਾਹੋ ਹੁਣ ਪੱਛਮੀ ਵਿਦਿਆ ਦੇ ਆਸਰੇ ਲੈ ਕੇ ਪੜ੍ਹੇ ਹੋਏ ਸਿੱਖ ਤੇ ਅਖਬਾਰਾਂ, ਰਸਾਲਿਆਂ ਦੇ ਲੇਖਕ ਕਈ ਵੇਰ ਨਿੰਦਿਆ ਨੂੰ ਨੁਕਤਾਚੀਨੀ ਆਦਿ ਕਈ ਨਾਮ ਦੇ ਕੇ ਮਨ ਦੇ ਅੰਦਰ ਲੁਕੀ ਉਸ ਇੱਛਾ ਨੂੰ ਜੋ ਦੂਸਰੇ ਦੀ ਹਾਨੀ ਵੇਖ ਕੇ ਯਾ ਕਰਕੇ ਖੁਸ਼ ਹੁੰਦੀ ਹੈ, ਪੱਠੇ ਪਾਉਂਦੇ ਤੇ ਪ੍ਰਸੰਨ ਹੁੰਦੇ ਹਨ, ਪਰੰਤੂ ਸੱਜਣ ਇਹ ਗੁਰਮਤਿ ਵਿਰੁੱਧ ਹੈ। ਗੁਰਮਤ ਵਿਚ ਤਾਂ ਕਿਸੇ ਦਾ ਹਿਆਉ ਢਾਹੁਣਾ ਮਨ੍ਹੇ ਹੈ। ਦੇਖ ਕੇ ਅਣਡਿੱਠ ਕਰਨਾ ਗੁਰਮਤਿ ਦਾ ਰਸਤਾ ਹੈ। ਨਿੰਦਿਆ ਲੁਕਵੀਂ ਛਿਪਵੀਂ ਕਿਸੇ ਤਰ੍ਹਾਂ ਦੀ ਵਿਹਤ ਨਹੀਂ। ਸੱਚੀ ਮੁੱਚੀ ਕਿਸੇ ਦੇ ਐਬ ਵੇਖ ਕੇ ਖੁਸ਼ ਹੋਣ ਨੂੰ ਵੀ ਸਤਿਗੁਰ ਜੀ ਨੇ ਨਿੰਦਿਆ ਹੀ ਲਿਖਿਆ ਹੈ ਤੇ ਹੁਕਮ ਕੀਤਾ ਹੈ –

***ਨਿੰਦਾ ਭਲੀ ਕਿਸੇ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***

ਸੋ ਭਾਈ ਨਾ ਅਸੀਂ ਉਸ ਸਾਧੂ ਨੂੰ, ਨਾ ਉਸ ਨੇਕੀਆਂ ਦੇ ਕਰਤਾ ਬਾਬਤ ਕੋਈ ਰਾਇ ਦੇਂਦੇ ਹਾਂ। ਆਪੋ ਆਪਣੇ ਟਿਕਾਣੇ ਖਬਰੇ ਕਿਸਨੇ ਕਿਸ ਧ੍ਰਵੇ ਵੀਚਾਰਾਂ ਕੀਤੀਆਂ ਹਨ ਤੇ ਕਿਸ ਆਸ਼ੇ ਨਾਲ ਕੰਮ ਕੀਤੇ ਹਨ। ਪਰ ਇਸੇ ਤਰ੍ਹਾਂ ਦੀ ਇਕ ਵਾਰਤਾ ਅਸੀਂ ਆਪ ਨੂੰ ਸੁਣਾ ਦੇਂਦੇ ਹਾਂ, ਜਿਸ ਤੋਂ ਆਪ ਨੂੰ ਗੁਰਮਤ ਦਾ ਪਤਾ ਲਗ ਜਾਏਗਾ, ਕਿ ਗੁਰਮਤ ਕੀ ਹੈ ਤੇ ਐਸ ਤਰ੍ਹਾਂ ਦੇ ਕਾਰਜ ਸਾਡੇ ਸਤਿਗੁਰਾਂ ਨੇ ਕਿਵੇਂ ਕੀਤੇ ਹਨ ਤੇ ਕੀ ਮੱਤਾਂ ਸਾਨੂੰ ਜੀਵਾਂ ਨੂੰ ਬਖਸ਼ੀਆਂ ਹਨ। ਗੁਰੂ ਕੇ ਪਿਆਰਿਓ! ਜਦੋਂ ਮਨ ਨੂੰ ਬਾਣੀ ਨਾਲ ਧੋਤਾ ਤੇ ਅੰਦਰ ਨਾਮ ਨੂੰ ਵਸਾਇਆ ਤਾਂ ਜਾਣੋਂ ਨਾਮੀ ਵਾਸਤੇ ਅਸਾਂ ਸੇਜਾ ਵਿਛਾਈ ਹੈ, ਹੁਣ ਨਾਮੀ ਬੀ ਉਥੇ ਫੇਰਾ ਪਾਵੇਗਾ ਪਰ ਤਾਂ ਜੇਕਰ ਉਹ ਥਾਂ ਸੁਥਰੀ ਰਹੇ ਤੇ 'ਦੂਆ' ਤੇ 'ਦੁਜਾਇਗੀ' ਉਥੇ ਨਾ ਵੜੇ ਤਾਂ। ਇਹ ਪਹਿਰੇਦਾਰੀ ਸਾਨੂੰ ਸਭਨਾਂ ਨੂੰ ਆਪਣੇ ਪਰ ਲਾਉਣੀ ਸਿਖਣੀ ਲੋੜੀਏ। ਇਸ ਕਰਕੇ ਜੇ ਤੁਸੀਂ ਗੁਰਸਿੱਖੀ ਨੂੰ ਲੋੜਦੇ ਹੋ ਤਾਂ ਨਿੰਦਾ ਦੇ ਅਨੇਕ ਰੂਪਾਂ ਤੇ ਛਲਾਂ ਤੋਂ ਬਚੋ। ਇਸ ਨਾਲ ਅੰਦਰ ਬੇ ਮਲੂੰਮੇ ਸਾੜ ਪੈਂਦੇ ਹਨ ਤੇ ਮਨ ਜ਼ਖਮੀ ਹੋ ਜਾਂਦਾ ਹੈ। ਜੋ ਕੋਈ ਕੁਛ ਕਹਿ ਰਿਹਾ ਹੈ, ਲਿਖ ਰਿਹਾ ਹੈ, ਕਰ ਰਿਹਾ ਹੈ, ਉਹ ਕਿਸੇ ਧ੍ਰਵੇ ਤੋਂ ਕਹਿ ਰਿਹਾ ਹੈ। (ਜਿਵੇਂ ਤੁਸੀਂ ਕਹੋਗੇ ਕਿ ਫਲਾਣਾ ਕਿਸੇ ਆਪਣੇ ਨੁਕਤਾ ਖਿਆਲ ਤੋਂ ਕਹਿ ਰਿਹਾ ਹੈ) ਸਾਨੂੰ ਇਹ ਪਤਾ ਲਾਉਣ ਦਾ ਜਤਨ ਤਾਂ ਵਾਪਰਦਾ ਨਹੀਂ ਕਿ ਲੇਖਕ ਯਾ ਕਥਨਹਾਰ ਦਾ ਧ੍ਰਵਾ ਲੱਭੀਏ ਕਿ ਕੀਹ ਹੈ। ਸਗੋਂ ਕਈ ਵੇਰ

ਤਾਂ ਅਸੀਂ ਇਹ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕਰਦੇ ਤੇ ਆਪਣੇ ਧ੍ਰਵੇ ਤੋਂ ਜੋ ਸਾਡਾ ਨੁਕਤਾ ਖਿਆਲ ਹੁੰਦਾ ਹੈ ਤੇ ਕਈ ਵੇਰ ਮਾੜੀ ਨੀਯਤ ਨਾਲ ਦੂਸਰੇ ਦੇ ਐਬ ਛਾਂਟਣ ਲਗ ਜਾਂਦੇ ਹਾਂ। ਇਹ ਭੁੱਲ ਹੈ, ਇਸ ਨਾਲ ਅਸੀਂ ਪੂਰਾ ਨਹੀਂ ਤੋਲ ਸਕਦੇ, ਸਗੋਂ ਅਕਸਰ ਵੇਰ ਜ਼ੁਲਮ ਕਰ ਬੈਠਦੇ ਹਾਂ, ਜਿਸਦਾ ਇਕ ਫਲ ਤਾਂ ਦੂਸਰੇ ਦੀ ਹਾਨੀ ਹੁੰਦਾ ਹੈ। ਦੂਜੇ, ਇਸ ਨਾਲ ਸਾਡੇ ਮਨ ਨੂੰ ਜੋ ਪਰਾਈ ਹਾਨੀ ਵਿਚ ਖੁਸ਼ ਹੋਣ ਦਾ ਭੀ ਸੁਭਾਉ ਰੱਖਦਾ ਹੈ ਪੱਠੇ ਪੈ ਜਾਂਦੇ ਹਨ। ਹਾਂ, ਇਹ ਤਾਂ ਕਦੇ ਹੋ ਜਾਂਦਾ ਹੈ ਕਿ ਸਾਨੂੰ ਕੋਈ ਸੰਸਾਰਕ ਲਾਭ ਪਹੁੰਚ ਜਾਵੇ ਕਿ ਜਿਸ ਆਪਣੇ ਲਾਭ ਨੂੰ ਮੁੱਖ ਰੱਖ ਕੇ ਅਸੀਂ ਐਸੇ ਮਾੜੇ ਕੰਮ ਨੂੰ ਕੀਤਾ ਸੀ। ਪਰ ਕਈ ਵੇਰ ਫਲ ਉਲਟੇ ਬੀ ਨਿਕਲਦੇ ਹਨ, ਸਾਨੂੰ ਲਾਭ ਦੀ ਥਾਂਵੇਂ ਹਾਨੀ ਪੁੱਜ ਜਾਂਦੀ ਹੈ। ਇਸ ਤੋਂ ਛੁੱਟ ਹਰ ਖਿਆਲ, ਹਰ ਵਾਕ ਤੇ ਹਰ ਕਰਨੀ ਦਾ ਇਕ ਹੋਰ ਅਸਰ ਹੈ ਜੋ ਉਸੇ ਵੇਲੇ ਸਾਡੇ ਤੇ ਪੈਂਦਾ ਹੈ, ਉਹ ਹੈ ਫਾਇਲੀ ਅਸਰ, ਅਰਥਾਤ ਓਹ ਅਸਰ ਜੋ ਸਾਡੇ ਮਨ ਤੇ ਪੈਂਦਾ ਹੈ। ਹਰ ਮਾੜੇ ਕੰਮ ਨਾਲ-ਹਰ ਪ੍ਰਾਏ ਦੀ ਹਾਨੀ ਦੇ ਕੰਮ ਨਾਲ-ਸਾਡੇ ਮਨ ਤੇ ਬੀ ਇਕ ਬੁਰਾ ਅਸਰ ਪੈਂਦਾ ਹੈ। ਉਹ ਕੀ ਹੈ ?ਉਹ ਹੈ ਮਨ ਵਿਚ ਤੋਟਾ ਪੈਣਾ। ਹਰ ਐਸੀ ਤੋਟੇ ਵਾਲੀ ਸੱਟ ਨਾਲ ਸਾਡੇ ਮਨ ਦਾ ਬਦੀ ਕਰਨ ਦਾ 'ਸੁਭਾਵ' ਵਧਦਾ ਜਾਂਦਾ ਹੈ। ਇਸ ਸੁਭਾਵ ਨਾਲ ਅੰਦਰ ਬਾਹਰ ਓਹ ਸਾਮਾਨ ਵਧਦੇ ਹਨ ਜਿਨ੍ਹਾਂ ਦਾ ਫਲ ਕਿ ਉਦਾਸੀ, ਗਮ, ਸਾੜਾ ਤੇ ਘਬਰਾ ਹੁੰਦੇ ਹਨ। ਇਹ ਅਸਰ ਥੋੜੇ ਥੋੜੇ ਪੈਣ ਕਰਕੇ ਤੇ ਹਰ ਵੇਲੇ ਹਰਿਕ ਨੂੰ ਆਪਣੇ ਮਨ ਨੂੰ ਵੇਖਣ ਦਾ ਸੁਭਾਵ ਨਾ ਹੋਣ ਕਰਕੇ ਉਸੇ ਵੇਲੇ ਨਹੀਂ ਹਰੇਕ ਨੂੰ ਪਤਾ ਲਗਦਾ ਇਸ ਮਨ ਦੇ ਬਦਲ ਰਹੇ ਸੁਭਾਵ ਦਾ। ਪਰੰਤੂ ਜਦੋਂ ਪੁਨਾ ਪੁਨਾ ਉਹੋ ਕਰਮ ਕਰਨ ਕਰਕੇ ਉਹ ਸੁਭਾਵ ਹੀ ਬਣ ਜਾਂਦਾ ਹੈ ਤਦੋਂ ਉਸ ਸੁਭਾਵ ਅਨੁਸਾਰ ਕੀਤੇ ਕਰਮਾਂ ਦੇ ਸਿੱਟੇ ਵਿਚ ਆਪਣੇ ਲਈ ਦੁੱਖ ਪੈਦਾ ਹੁੰਦੇ ਹਨ, ਇਸੇ ਲਈ ਕਹੀਦਾ ਹੈ ਕਿ ਬਦੀ 'ਬਦੀ ਕਰਨ ਵਾਲੇ' ਤੇ ਹੀ ਉਲਟਦੀ ਹੈ। ਜੇ ਕਦੇ ਐਸੇ ਸੁਭਾਵ ਵਾਲੇ ਨੂੰ ਕਦੇ ਸਤਿਸੰਗ ਦੀ ਚਾਹ ਉਪਜੇ ਤੇ ਉਸਨੂੰ ਆਪਾ ਨਿਖਾਰਨ ਦੀ ਚਾਹ ਹੋ ਆਵੇ, ਤਾਂ ਉਸ ਵੇਲੇ ਬਹੁਤ ਪੀੜਾਂ ਪੈਂਦੀਆਂ, ਤੇ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਸੋ ਭਾਈ ਇਹ ਗੱਲ ਬੀ ਸਮਝ ਲਓ ਕਿ ਮਨ ਦੀ ਬਦੀ (ਅਰਥਾਤ ਵਾਸ਼ਨਾਂ ਤੇ ਸੰਕਲਪਾਂ ਦੀ ਬਦੀ) ਬਚਨਾਂ ਵਿਚ ਬਦੀ, ਬੋਲਕੇ ਭਾਵੇਂ ਲਿਖਕੇ, ਜਾਂ ਕਰਨੀ ਵਿਚ ਬਦੀ (ਅਮਲੀ ਤਰ੍ਹਾਂ ਕੀਤੀ ਹੋਈ ਬਦੀ), ਭਾਵੇਂ ਕਿਸੇ ਤਰ੍ਹਾਂ ਦੀ ਬਦੀ ਹੋਵੇ, ਜਿਸ ਨਾਲ ਇਹ ਕੀਤੀ ਜਾਵੇਗੀ ਇਕ ਅਸਰ ਤਾਂ ਪੀੜਾ ਦੇਣ ਦਾ ਉਸ ਪਰ ਕਰਦੀ ਹੈ ਕਿ ਜਿਸ ਨਾਲ ਅਸਾਂ ਇਹ ਬਦੀ ਕੀਤੀ ਹੈ, ਦੂਜਾ ਅਸਰ ਇਸਦਾ ਸਾਡੇ ਆਪਣੇ ਅੰਦਰਲੇ ਤੇ ਜ਼ਰੂਰ ਪਵੇਗਾ ਭਾਵੇਂ ਅਸੀਂ ਉਸ ਨੂੰ ਪਰਤੀਤ ਉਸ ਵੇਲੇ ਕਰੀਏ ਭਾਵੇਂ ਨਾ। ਚਾਹੋ ਕਦੇ ਪਲ ਭਰ ਲਈ ਬਦੀ ਕਰਕੇ ਆਪਣੇ ਅੰਦਰ ਇਕ ਤਰ੍ਹਾਂ ਦੀ ਸ਼ੈਤਾਨੀ ਖੁਸ਼ੀ ਦਾ ਤਰੰਗ ਬੀ ਲੰਘ ਜਾਵੇ ਪਰ ਮਗਰੋਂ ਬਦੀ ਦਾ ਅਸਰ ਆਪਣੇ ਮਨ ਨੂੰ ਜ਼ਰੂਰ ਤੋਟੇ ਪੱਖ ਵਿਚ ਪਾ ਜਾਂਦਾ ਹੈ, ਤੇ ਬਹੁਤੀ ਵੇਰ ਮਨ ਆਪੇ ਲਖ ਜਾਂਦਾ ਹੈ ਕਿ ਇਹ ਜੋ ਕੁਛ ਮੈਂ ਕੀਤਾ ਹੈ ਮਾੜਾ ਸੀ। ਇਹੋ ਜਿਹੇ ਮਾੜੇ ਅਸਰ ਮਨ ਤੇ ਬਾਰ-ਬਾਰ ਪੈ ਕੇ ਮਨ ਦੀ ਕਾਇਆ ਪਲਟ ਕਰ ਦੇਂਦੇ ਹਨ, ਫੇਰ ਮਨ ਬਦੀ ਕਰਨ ਦਾ ਰੁਖੀਆ ਹੋ ਜਾਂਦਾ ਹੈ ਤੇ ਬੇਖਿਆਲੇ ਹੀ ਬਦੀ ਕਰਨ ਲਗ ਪੈਂਦਾ ਹੈ, ਅਰਥਾਤ ਇਸਦਾ ਸੁਭਾਵ ਹੀ ਬਦੀ ਕਰਨ ਦਾ ਬਣ ਜਾਂਦਾ ਹੈ, ਤਦੋਂ ਮਨੁੱਖ ਮਾਨੋਂ ਪਾੜ੍ਹੇ-ਪਸ਼ੂ ਸਮਾਨ ਹੋ ਜਾਂਦਾ ਹੈ।

ਅੱਛਾ ਸਜਨੋਂ ਅਸੀਂ ਤੁਹਾਡੀ ਗੱਲ ਤੇ ਵੀਚਾਰ ਕਰਦੇ ਦੂਰ ਚਲੇ ਗਏ ਹਾਂ। ਪਤਾ ਨਹੀਂ ਕਿਉਂ ? ਹੁਣ ਆਈਏ ਆਪਣੀ ਗੱਲ ਦੀ ਲੜੀ ਵਲ। ਬਦੀ ਕਰਨੋਂ ਸਦਾ ਡਰੀਏ, ਹਾਂ ਬਦੀ ਵੱਲੋਂ ਮਨ ਤੇ ਹੱਥ ਸਦਾ ਸੰਕੋਚੀਏ। ਨਿੰਦਾ ਬੀ ਇਕ ਬਦੀ ਹੈ ਸੋ ਕਦੇ ਨਾ ਕਰੀਏ। ਇਸ ਵਿਚਾਰ ਨੂੰ ਸਮਝਕੇ ਆਓ ਹੁਣ ਉਹ ਪ੍ਰਸੰਗ ਸੁਣੋਂ ਜਿਸ ਤੋਂ ਕਿ ਸਾਨੂੰ ਗੁਰਮਤ ਦੀ ਸੋਝੀ ਆ ਜਾਵੇ ਕਿ ਸਾਡੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਸੇ ਸਮੇਂ ਕਿਵ ਕੀਤਾ ਸੀ। ਅਸੀਂ ਨਾ ਉਸ ਸਾਧੂ ਦੀ, ਨਾ ਉਸ ਮਹਾਤਮਾ ਦੀ ਕੋਈ ਨੁਕਤਾਚੀਨੀ ਕਰੀਏ।

ਭਗਤ ਸਿੰਘ - ਕਿ ਮੁਖ ਆਪਦਾ ਜਸ ਕਰੀਏ। ਗੁਰੂ ਆਪ ਦੀ ਰਸਨਾਂ ਤੇ ਬੈਠ ਕੇ ਗੁਰਬਾਣੀ ਦੇ ਉਹ ਆਸ਼ੇ ਸਾਨੂੰ ਸੁਣਾ ਰਿਹਾ ਹੈ ਕਿ ਜਿਨ੍ਹਾਂ ਨੂੰ ਸਮਝ ਕੇ ਸਾਡੀਆਂ ਰੋਜ਼ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਦੂਰ ਹੋ ਰਹੀਆਂ ਹਨ ਤੇ ਆਪਣੇ ਅਮਲਾਂ ਨੂੰ ਤੇ ਮਨ ਨੂੰ ਸੁਆਰਨ ਦੀ ਰਹਿਬਰੀ ਮਿਲ ਰਹੀ ਹੈ। ਆਪ ਦਾ ਇਕ ਇਕ ਵਾਕ ਹਿਰਦੇ ਪੁੜ ਰਿਹਾ ਹੈ ਤੇ ਅੰਦਰੋਂ ਸ਼ੁਕਰ ਨਿਕਲ ਰਿਹਾ ਹੈ, ਧੰਨ ਗੁਰੂ ਨਾਨਕ ਦੇਵ, ਧੰਨ ਸਾਧ ਸੰਗਤ! ਸ਼ੁਕਰ ਸ਼ੁਕਰ। ਹਾਂ ਜੀਓ ਸਦਕੇ, ਆਪ ਹੁਣ ਸੁਣਾਓ ਉਹ ਗੁਰਮਤਿ ਦਾ ਪ੍ਰਸੰਗ।

ਸੰਤ ਬਿਮਲਾ ਸਿੰਘ ਜੀ - ਭਾਈ! ਲਿਖਿਆ ਹੈ ਕਿ ਦਿਪਾਲਪੁਰ ਕੰਙਣ ਪੁਰ ਕਸੂਰ ਆਦਿ ਥਾਈਂ ਵਿਚਰਦੇ ਸ੍ਰੀ ਗੁਰੂ ਨਾਨਕ ਦੇਵ ਜੀ, ਆਖੋ ਧੰਨ ਗੁਰੂ ਨਾਨਕ ਦੇਵ ਜੀ, ਇਕ ਟਿਕਾਣੇ ਆਏ ਜਿਸਦਾ ਨਾਉਂ ਗੋਇੰਦਵਾਲ ਸੀ। ਇਥੇ ਨਗਰ ਵਿਚ ਸ੍ਰੀ ਜਗਤ ਤਾਰਕ ਜੀ ਨੂੰ ਕਿਸੇ ਰਹਿਣ ਨਾ ਦਿੱਤਾ। ਸਾਰੇ ਲੋਕਾਂ ਤੋਂ ਇਹ ਅਨਾਦਰ ਦਾ ਵਰਤਾਉ ਕਿਸ ਨਾਲ ਹੋਇਆ ? ਜੋ ਅਰਸ਼ਾਂ ਦੇ ਸੁਖ ਛੱਡ ਕੇ ਏਸ ਦੁੱਖਾਂ ਭਰੇ ਸੰਸਾਰ ਵਿਚ ਆਇਆ ਜਗਤ ਨਿਸਤਾਰਣ ਲਈ। ਤਾਂ ਜਿਸ ਨੇ ਇਸ ਲੋਕ ਤੇ ਗ੍ਰਿਹਸਤ ਦੇ ਸੁੱਖਾਂ ਦਾ ਬੀ ਤਿਆਗ ਕਰਕੇ ਦੇਸ਼ ਦੇਸ਼ ਦਾ ਫਿਰਨਾਂ ਤੇ ਪਰਦੇਸ਼ ਦੇ ਦੁੱਖਾਂ ਨੂੰ ਸਿਰ ਤੇ ਸਹਿਣਾਂ, ਜਗਤ ਨੂੰ ਸੁਮੱਤੇ ਲਾਉਣ ਲਈ, ਖੁਸ਼ੀਆਂ ਨਾਲ ਸਿਰ ਚਾ ਲਿਆ ਸੀ। ਦੇਖੋ ਉਸ ਮਹਾਂ

ਉਪਕਾਰੀ ਨੂੰ ਰੈਣ ਬਸੇਰੇ ਲਈ ਥਾਉਂ ਨਹੀਂ ਮਿਲਦੀ। ਹੁਣ ਤੁਸੀਂ ਆਏ ਹੋ, ਉਸ ਉਪਕਾਰੀ ਦਾ ਪੁਰਬ ਮਨਾ ਕੇ ਕ੍ਰਿਤੱਗਯਤਾ ਜਨਾਉਣ ਲਈ, ਪਰ ਜਦੋਂ ਉਹ ਦੇਹ ਵਿਚ ਵਿਚਰ ਰਹੇ ਸਨ, ਜਗਤ ਰੈਣ ਬਸੇਰੇ ਦੇਣ ਤੋਂ ਬੀ ਮੂੰਹ ਮੋੜਦਾ ਸੀ। ਐਸ ਵੇਲੇ ਆ ਜਾਣ ਖਾਂ ਸ੍ਰੀ ਗੁਰੂ ਨਾਨਕ ਦੇਵ ਜੀ ਉਸੇ ਦੇਹ ਵਿਚ ਜੀਕੂੰ ਤਦੋਂ ਆਏ ਸਨ, ਤਦ ਦੇਖੋ ਚਰਨਾਂ ਤੋਂ ਸਦਕੇ ਹੋ ਹੋ ਜਾਈਏ ਅਸੀਂ ਸਾਰੇ। ਪਰ ਹਾਂ ਉਸ ਵੇਲੇ ਭੀ ਅਸੀਂ ਹੀ ਸਾਂ, ਸਾਡੇ ਵਰਗੇ ਜੁ ਸਨ ਮੰਦਮਤੀ, ਹਾਂ ਅਸੀਂ ਹੀ ਸਾਂ ਨਾਂ ਓਦੋਂ ਵੀ (ਇਹ ਕੁਛ ਕਹਿੰਦੇ ਸੰਤਾਂ ਦੇ ਨੈਣ ਮਿਟ ਗਏ ਤੇ ਕਿਤਨਾਂ ਚਿਰ ਨੈਣਾਂ ਵਿਚੋਂ ਤ੍ਰਪ ਤ੍ਰਪ ਹੰਝੂ ਕਿਰਦੇ ਰਹੇ। ਨਾਲ ਦੋਹਾਂ ਪ੍ਰੇਮੀਆਂ ਦੇ ਬੀ ਝਰਨਾਟ ਛਿੜੀ ਤੇ ਨੈਣ ਭਰ ਆਏ। ਫਿਰ ਸੰਤਾਂ ਨੇ ਨੈਣ ਖੋਲ੍ਹੇ ਤੇ ਬੋਲੇ)। ਜੀਓ ਅਸਾਂ ਨੇ ਰੈਣ ਬਸੇਰਾ ਨਾ ਦਿੱਤਾ ਜਗਤ ਸ੍ਵਾਮੀ ਨੂੰ (ਫੇਰ ਨੈਣ ਭਰ ਗਏ) ਤਾਂ ਦੇਖੋ ਉਹ ਹਉਂ ਅਤੀਤ ਉਪਕਾਰੀ ਨਗਰੋਂ ਬਾਹਰ ਟੁਰ ਪਿਆ। ਲਿਖਿਆ ਹੈ –

ਇਕ ਪੁਰਿ ਆਵਾ ਬਹੁਤ ਅਗਾਰੀ॥ ਜਾਇ ਪਹੂੰਚੇ ਤਾਂਹਿ ਮਝਾਰੀ॥ ਰੈਨ ਰਹਿਨਹਿਤ ਖੋਜਤਿ ਥਾਂਇ। ਜਿਨ ਕੀਨੇ ਬ੍ਰਹਮੰਡ ਬਨਾਇ॥ ਤਹਾਂ ਬਸੇਰਾ ਦੇਤ ਨ ਕੋਊ। ਬੈਠੈਂ ਜਹਾਂ, ਉਠਾਵਹਿਂ ਸੋਊ। ਮੰਦਮਤੀ ਨਰ ਪਿਖਿ ਤਹਿ ਥਾਏਂ। ਪੁਰਿ ਤੇ ਵਹਿਰ ਪ੍ਰਭੂ ਪੁਨ ਆਏ॥

ਮਿਹਰਾਂ ਦੇ ਸਾਂਈਂ ਤੇ ਕਿਸੇ ਕੌੜੇ ਤਜਰਬੇ ਤੋਂ ਦੁੱਖ ਨਾ ਮੰਨਣ ਵਾਲੇ ਸਤਿਗੁਰੂ ਜੀ ਨਗਰੋਂ ਬਾਹਰ ਆ ਕੇ ਕੁਛ ਦੂਰ ਉਜਾੜ ਵਿਚ ਇਕ ਝੁੱਗੀ ਤੱਕ ਕੇ ਓਧਰ ਨੂੰ ਗਏ। ਇਥੇ ਇਕ ਕੋਹੜੀ ਰਹਿੰਦਾ ਸੀ। ਕੋਹੜੀ ਕੋਈ ਅਮੀਰ ਕੋਹੜੀ ਨਹੀਂ ਸੀ, ਪਰ ਮੰਗਤਾ ਕੋਹੜੀ। ਇਸ ਨੂੰ ਕੋਹੜੀ ਫਕੀਰ ਕਰਕੇ ਇਤਿਹਾਸ ਵਿਚ ਲਿਖਿਆ ਹੈ। ਹਾਂ ਇਸ ਦੇ ਦੁਆਰੇ ਜਿੱਥੇ ਕੋਈ ਮਨੁੱਖ ਕੀਹ ਕੋਈ ਜੀਵ ਜਨੌਰ ਬੀ ਨਹੀਂ ਸੀ ਫੜਕਦਾ, ਜਗਤ ਨਿਸਤਾਰਨਹਾਰ ਜਾ ਖੜੋਤਾ। ਹਾਂ, ਤੇ ਅਤਿੱਥੀ ਵਾਂਙੂ ਹੋ ਕੇ ਉਸਨੂੰ ਆਖਦਾ ਹੈ, ਏ ਫਕੀਰ ਰਾਤ ਰਹਿਣ ਦੇਹਿ। ਪਿਆਰਿਓ! ਖਿਆਲ ਕਰੋ, ਜਿਸਦੇ ਅੱਗੇ ਰਾਇਬੁਲਾਰ ਹੱਥ ਜੋੜ ਕੇ ਖੜੋਂਦਾ ਸੀ ਤੇ ਜਿਸਦੇ ਜਗਤ ਯਾਤਰਾ ਆਰੰਭ ਕਰਨ ਵੇਲੇ ਦੌਲਤ ਖਾਂ ਲੋਧੀ ਦਿੱਲੀ ਦੇ ਪਾਤਸ਼ਾਹ ਦਾ ਭਰਾ ਤੇ ਸੁਲਤਾਨਪੁਰ ਦਾ ਸੂਬੇਦਾਰ ਤਰਲੇ ਕਰਦਾ ਸੀ ਕਿ ਕੋਈ ਮੈਂ ਸੇਵਾ ਕਰ ਸਕਾਂ (ਜੈਸਾ ਕਿ ਲਿਖਿਆ ਹੈ ਕਿ ਤਾਂ ਖਾਨ ਕਹਿਆ – ਕਾਜ਼ੀ! ਇਹ ਕੋਈ ਵਲੀ ਪੈਦਾ ਹੋਇਆ ਹੈ। ਇਸ ਕੀ ਸੇਵਾ ਕਰਨੀ ਪ੍ਰਵਾਨ ਹੈ। ਤਾਂ ਖਾਨ ਸੁਣ ਕੇ ਮੱਥਾ ਟੇਕਿਆ ਜੋ ਮੈਂ ਤੈਨੂੰ ਖੁਦਾਇ ਦਾ ਵਲੀ ਜਾਣਦਾ ਹਾਂ।) ਹਾਂ ਜਿਸਦੇ ਅੱਗੇ ਰੋ ਰੇ ਕੇ ਸ਼ਿਵਨਾਭ ਰਾਜਾ ਆਖਦਾ ਸੀ, ਜਿਸ ਪ੍ਰਕਾਰ ਤੁਮ ਕਿਤਨੇ ਕੋਸਾ। ਚਲਿ ਆਏ ਨਿਜ ਦੇਨ ਭਰੋਸਾ। ਤਿਸੀ ਪ੍ਰਕਾਰ ਰਹਨਿ ਅਬਿ ਕੀਜੈ। ਸਰਬ ਦੇਸ਼ ਉਪਦੇਸ਼ਹਿ ਦੀਜੈ। ਸੱਜਣੋਂ ਉਹੋ ਗੁਰੂ, ਜਿਸਦੇ ਅਵਤਾਰ ਅਸਥਾਨ ਤੇ ਤੁਸਾਂ ਅਣਗਿਣਤ ਧਨ ਲਾ ਕੇ ਮੰਦਰ ਪਾਏ ਹਨ, ਇਸ ਰਾਤ ਸਭ ਦੇ ਅਨਾਦਰ ਤੋਂ ਸ਼ਹਿਰੋਂ ਬਾਹਰ ਆ ਕੇ ਇਕ ਕੋਹੜੀ ਫਕੀਰ ਨੂੰ ਕਹਿੰਦਾ ਹੈ, ਏ ਫਕੀਰ ਰਾਤ ਰਹਿਣ ਦੇਹਿ! ਦੇਖਿਆ ਨੇ ਜਗਤ ਦਾ ਜਗਤ ਦੇ ਸੁਆਮੀ ਉਪਕਾਰੀ ਨਾਲ ਸਲੂਕ। ਉਹ ਕੋਹੜੀ ਫਕੀਰ ਅੱਗੇ ਬੋਲਿਆ। ਜੀ ਮੇਰਿਅਹੁ ਪਾਸਹੁ ਜਨਾਵਰ ਨੱਸਦੇ ਹੈਨ, ਪਰ ਖੁਦਾਇ ਦਾ ਕਰਮ ਹੋਆ ਹੈ ਜੋ ਆਦਮੀ ਦੀ ਸੂਰਤ ਨਦਰਿ ਆਈ ਹੈ। ਤਦ ਇਹ ਆਦਰ ਤੇ ਸੁਆਗਤ ਦੇ ਵਾਕ ਪਾਕੇ ਗੁਰੂ ਬਾਬਾ ਓਥੇ ਟਿਕ ਗਿਆ। ਹਾਂ ਜਗਤ ਪਿਤਾ ਜੀ ਸਾਰੀ ਰਾਤ ਆਪਣੇ ਰੰਗ ਵਿਚ ਬੈਠੇ ਰਹੇ। ਕੁਸ਼ਟੀ ਰਾਤ ਹਾਇ ਹਾਇ ਕਰਕੇ ਵਿਲਪਦਾ ਰਿਹਾ। ਇਸ ਕੁਸ਼ਟੀ ਦਾ ਕੁਸ਼ਟ ਦੇਖ ਕੇ ਤੇ ਵਿਰਲਾਪ ਸੁਣ ਕੇ ਗੁਰੂ ਜੀ ਦੇ ਮਨ ਮੇਹਰ ਆਈ। ਜੀ ਕੀਤਾ ਕਿ ਇਸ ਦਾ ਰੋਗ ਗਵਾ ਦੇਈਏ ਜੁ ਸੁਖੀ ਹੋ ਜਾਵੇ, ਤਾਂ ਆਪ ਦਇਆ ਦੇ ਘਰ ਵਿਚ ਆ ਕੇ ਬੋਲੇ, ਹੇ ਫਕੀਰ! ਤੂੰ ਕਿਉਂ ਵਿਲਪਦਾ ਹੈਂ?

ਫਕੀਰ – ਹੇ ਮੇਰੇ ਘਰ ਆਏ ਮਿਹਰਵਾਨ ਸਾਂਈ ਲੋਕ! ਰੋਵਾਂ ਨਾ, ਵਿਲਪਾਂ ਨਾ, ਤੇ ਕੀਹ ਕਰਾਂ? ਇਕ ਤਾਂ ਇਹ ਆਪਣਾ ਰੋਗ ਵੇਖ ਵੇਖ ਕੇ ਝੁਰਦਾ ਰੋਂਦਾ ਹਾਂ, ਦੂਜੇ ਆਪਣੇ ਐਸ੍ਵਰਜ ਨੂੰ ਯਾਦ ਕਰਦਾ ਹਾਂ ਜਦੋਂ ਪਦਾਰਥ ਤੇ ਐਸ਼ਾਂ ਸਨ, ਓਹ ਵਸਤਾਂ ਕਿੱਥੇ ਗਈਆਂ, ਓਹ ਦਿਨ ਕਿੱਥੇ ਗਏ? ਰੋਂਦਾ ਹਾਂ ਓਨ੍ਹਾਂ ਸਾਕਾਂ ਤੇ ਮਿੱਤਰਾਂ ਨੂੰ ਜੋ ਭਵਨ ਪਰਸਦੇ ਹਨ ਤਦੋਂ ਪਰ ਰੋਗੀ ਹੋਇਆਂ ਧੱਕ ਦਿਤਾ ਸਭ ਨੇ ਮੈਨੂੰ ਘਰੋਂ। ਰੋਂਦਾ ਹਾਂ ਕਿ ਹੁਣ ਮੈਂ ਐਸਾ ਬੁਰਾ ਹੋ ਗਿਆ ਹਾਂ ਕਿ ਨਗਰ ਵਿਚ ਕੋਈ ਸੜਕ ਤੇ ਬੀ ਨਹੀਂ ਪੈਣ ਦਿੰਦਾ ਮੈਨੂੰ। ਵਿਲਪਦਾ ਹਾਂ ਕਿ ਕਦੇ ਮਨੁੱਖ ਜਨੌਰ ਪੰਛੀ ਬੀ ਮੇਰੇ ਏਥੇ ਫੇਰਾ ਨਹੀਂ ਪਾਉਂਦੇ, ਇਕੱਲ ਵੱਢ ਵੱਢ ਖਾਂਦੀ ਹੈ। ਹੇ ਸਾਂਈਂ ਦੇ ਸੁਆਰੇ! ਤੂੰ ਧੰਨ ਹੈਂ, ਜਿਸਨੂੰ ਮੇਰੇ ਤੇ ਦਇਆ ਆਈ ਹੈ। ਇਕੱਲ ਜਗਤ ਵਿਚ ਸਭ ਤੋਂ ਵੱਡਾ ਦੁੱਖ ਹੈ, ਸਭ ਤੋਂ ਵੱਡੀ ਸਜ਼ਾ ਹੈ, ਮੇਰੇ ਤੋਂ ਪੁੱਛੇ ਕੋਈ ਆ ਕੇ ਕਿ ਜਿਸਦੇ ਹੱਡ ਵਰਤੀ ਹੈ, ਕਿ ਇਕੱਲ ਸਭ ਨਰਕਾਂ ਤੋਂ ਵੱਡਾ ਨਰਕ ਹੈ ਕਿ ਨਹੀਂ। ਜਿਨ੍ਹਾਂ ਨੂੰ ਕਦੇ ਇਕੱਲ ਵਾਪਰੇ ਉਹੋ ਇਸ ਦੇ ਦੁੱਖ ਨੂੰ ਸਮਝ ਸਕਦੇ ਹਨ। ਫੇਰ ਉਹ ਇਕੱਲ, ਸਾਂਈ ਜੀਓ! ਬੜੀ ਬੁਰੀ ਹੁੰਦੀ ਹੈ ਕਿ ਜੋ ਜਗਤ ਨੇ ਸੂਗ ਨਾਲ ਕਿਸੇ ਦੁਖੀਏ ਦਰਦ ਰਞਾਣੇ ਨੂੰ ਦਿੱਤੀ ਹੋਵੇ। ਇਸ ਕਰਕੇ ਮੇਰਾ ਮਨ ਬਾਰੰਬਾਰ ਤਪਦਾ ਹੈ। ਇਹ ਸਭ ਜਾਣਦਾ ਹਾਂ ਤੇ ਵਾਰ ਵਾਰ ਚਿੰਤਨ ਕਰਦਾ ਹਾਂ ਤੇ ਵਾਰੰਵਾਰ ਮਨ ਸੜਦਾ ਤੇ ਭੁੱਜਦਾ ਹੈ। ਜਾਣਦਾ ਹਾਂ ਕਿ ਇਹ ਤਪਣਾ ਸੜਨਾ ਬਿਰਥਾ ਹੈ, ਇਹ ਨਿਰਾ ਖਪਣਾ ਹੈ ਪਰ ਇਹ ਖਪਣਾ ਛੁਟਦਾ ਨਹੀਂ। ਜਿਵੇਂ ਰੋਇਆਂ ਪੀੜ ਨਹੀਂ ਹਟਿਆ ਕਰਦੀ, ਪਰ ਪੀੜ ਵੇਲੇ ਰੋਣਾ ਹੀ ਇਕ ਮਨ ਦਾ ਆਸਰਾ ਹੋ ਜਾਂਦਾ ਹੈ। ਸੋ ਇਹ ਵੇਕਾਰ ਭੁੱਜਣਾ ਖਪਣਾ ਮੇਰਾ ਸੁਭਾਉ

ਪੈ ਗਿਆ ਹੈ। ਫਿਰ ਕਦੇ ਸੋਚਦਾ ਹਾਂ ਕਿ ਖਬਰੇ ਮੇਰੀ ਪੁਕਾਰ ਮੇਰਾ ਵਿਰਲਾਪ ਸੁਣਿਆ ਜਾਵੇ ਤੇ ਕੋਈ ਢੋਈ ਮਿਲੇ।

ਸ੍ਰੀ ਗੁਰੂ ਜੀ - ਬਹੁਤ ਬੋਲਣਾ ਤੇ ਝਖਣਾ ਤਾਂ ਖਪਣਾ ਹੀ ਹੁੰਦਾ ਹੈ, ਕਿਉਂਕਿ ਜਿਸ ਅੱਗੇ ਬੋਲਣਾ ਹੈ ਓਹ ਤਾਂ ਬਿਨ ਬੋਲੇ ਸਭ ਕਿਛ ਜਾਣਦਾ ਹੈ। ਜੇ ਹੇ ਦੁਖੀਏ! ਮਨ ਵਿਚ ਕੋਈ ਸੋਚ ਹੋਵੇ ਤੇ ਓਸ ਤੇ ਕੋਈ ਡੂੰਘੀ ਅਰਦਾਸ ਹੋਵੇ ਤਾਂ ਚੁੱਪ ਕਿ ਉਚੀ ਕੀਤੀ ਅਰਦਾਸ ਪਹੁੰਚਦੀ ਹੈ ਤੇ ਉਹ ਦਾਤਾ ਸੁਣਦਾ ਹੈ। ਪਰ ਤਪਣ ਨਾਲ, ਖਪਣ ਨਾਲ, ਬਹੁਤ ਵਿਅਰਥ ਬੋਲਣ ਨਾਲ ਤਾਂ ਆਪ ਹੀ ਜੀਵ ਲੁੱਝਦਾ ਹੈ। ਸੇਧ ਬੱਧੇ ਬਿਨਾਂ ਤੇ ਮਨੋ ਹੋ ਕੇ ਅਰਦਾਸ ਕੀਤੇ ਬਿਨਾਂ ਬਹੁਤ ਬੋਲਣਾ ਵਿਅਰਥ ਹੀ ਜਾਂਦਾ ਹੈ, ਸਗੋਂ ਮਨ ਦੀ ਪੀੜਾ ਵਧਦੀ ਹੈ।

ਕੁਸ਼ਟੀ - ਫੇਰ ਭਲੇ ਪੁਰਖ ਜੀਓ! ਮੈਂ ਕੀਹ ਕਰਾਂ? ਕਿਵੇਂ ਇਸ ਕੁਸ਼ਟ ਦਾ ਕਸ਼ਟ ਦੂਰ ਹੋਵੇ!

ਗੁਰੂ ਜੀ - ਉਸਦੀ ਮਨ ਵਿਚ ਸੇਧ ਬੰਨ੍ਹ ਕਿ ਜਿਸ ਨੇ ਤੇਰੇ ਅੰਗ - ਅੱਖ, ਕੰਨ, ਨੱਕ, ਬਣਾਏ ਸਨ, ਜਿਸਨੇ ਜੀਭ ਮਿੱਠੀ ਬੋਲਣ ਲਈ ਦਿੱਤੀ ਸੀ, ਜਿਸ ਨੇ ਇਨ੍ਹਾਂ ਅੰਗਾਂ ਵਾਲਾ ਸਰੀਰ ਰਚ ਕੇ ਇਸ ਵਿਚ ਮਨ ਜੈਸੇ ਅਦਭੁੱਤ ਇੰਦ੍ਰੀਆਂ ਦੇ ਸਰਕਾਰ ਨੂੰ ਪਾ ਕੇ ਜਠਰ ਅਗਨੀ ਵਿਚ ਤੈਨੂੰ ਰੱਖ ਕੇ ਤੇਰੀ ਰਚਨਾ ਰਚੀ ਸੀ, ਅਰ ਉਸ ਅਗਨੀ ਨੇ ਤੇਰੀ ਪਾਲਣਾ ਕੀਤੀ ਸੀ ਪਰ ਆਪਣੇ ਦਾਹ ਧਰਮ ਨੂੰ ਤੇਰੇ ਤੇ ਨਹੀਂ ਸੀ ਵਰਤਿਆ। ਭਾਵ ਇਹ ਕਿ ਉਸ ਰਚਨਾਹਾਰ ਦੀ ਖੂਬੀ ਹੈ ਕਿ ਦਾਹ ਸ਼ਕਤੀ ਵਾਲੇ ਟਿਕਾਣੇ ਰੱਖ ਕੇ ਤੈਨੂੰ ਬਣਾਇਆ ਪਰ ਉਸਦੀ ਨੱਘ ਸ਼ਕਤੀ ਤੌਂ ਤੇਰੀ ਸਾਜਨਾ ਦਾ ਕੰਮ ਤਾਂ ਲਿਆ ਪਰ ਦਾਹ ਸ਼ਕਤੀ ਤੋਂ ਤੇਰੀ ਰੱਛਿਆ ਕੀਤੀ। ਹਾਂ ਜਿਸ ਰਚਣਹਾਰ ਨੇ ਐਸਾ ਸਰੀਰ ਤੇ ਮਨ ਕਰਕੇ ਉਸਦੀ ਜੀਵਨ ਕਲਾ ਦੇ ਜਾਰੀ ਰਹਿਣ ਲਈ ਉਸ ਵਿਚ ਹਵਾ ਵਜਾ ਦਿਤੀ, ਹਵਾ ਫੂਕ ਦਿਤੀ ਕਿ ਤੇਰੇ ਸੁਆਸ ਚੱਲ ਪਏ, ਉਨ੍ਹਾਂ ਸੁਆਸਾਂ ਦੇ ਆਸਰੇ ਤੂੰ ਜੀਵਨ ਪਾ ਲਿਆ ਤੇ ਤੇਰਾ ਜੀਵਨ ਇਕ ਜਾਰੀ ਰਹਿਣ ਵਾਲੀ ਜੀਵਨ ਕਲਾ ਹੋ ਗਈ, ਤਦ ਉਸ ਰਚਣਹਾਰ ਨੇ ਆਖਿਆ ਤੂੰ ਜਗਤ ਵਿਚ ਵਿਚਰ ਪਰ ਯਾਦ ਰੱਖ ਕਿ ਮੈਂ ਸਭ ਥਾਂਈ ਮੌਜੂਦ ਹਾਂ। ਭਾਵ ਜਿਸ ਨੇ ਆਪਣੇ ਸਾਰੇ ਵਿਆਪਕ ਹੋਣ ਦਾ ਪਤਾ ਦੇ ਦਿੱਤਾ ਤੇ ਕਿਹਾ ਕਿ ਵਿਚਰ ਪਰ ਮੈਨੂੰ ਵੇਖ! ਪਰ ਤੂੰ ਜੰਮ ਕੇ ਪਹਿਲਾਂ ਮਾਂ ਪਿਉ ਦੇ ਮੋਹ ਵਿਚ ਪੈ ਗਿਆ, ਫਿਰ ਇਸਤ੍ਰੀਆਂ ਦੀ ਪ੍ਰੀਤ ਵਿਚ ਲਪਟ ਲਿਆ ਤੇ ਨਾਨਾ ਪ੍ਰਕਾਰ ਦੇ ਇੰਦਰੇ ਰਸਾਂ ਵਿਚ ਲੱਗ ਗਿਆ, ਤਾਂ ਉਹ ਬਾਣੀ ਜੀ ਰਚਣਹਾਰ ਨੇ ਤੈਨੂੰ ਕਹੀ ਸੀ ਕਿ ਮੈਂ ਹਰ ਥਾਂ ਮੌਜੂਦ ਹਾਂ ਮੈਨੂੰ ਵੇਖੰ, ਉਹ ਤੂੰ ਭੁੱਲ ਗਿਆ, ਇਸ ਲਈ ਸਮਝ ਲੈ ਕਿ ਉਸ ਨੂੰ ਭੁੱਲ ਕੇ ਤੂੰ ਭੋਗਾਂ ਤੇ ਵਿਕਾਰਾਂ ਵਿਚ ਪੈ ਗਿਆ। ਵਿਕਾਰ ਕਾਲਖ ਹਨ, ਦਾਗ ਲਾਉਂਦੇ ਹਨ। ਇਕ ਦਾਗ ਸਰੀਰਕ ਰੋਗ ਹਨ। ਸੋ ਵਿਕਾਰਾਂ ਵਿਚ ਲੱਗ ਕੇ ਤੂੰ ਪੱਕਾ ਰੋਗੀ (ਕੁਸਟੀ) ਹੋ ਗਿਆ ਤੇ ਵਿਰਲਾਪ ਤੇਰੇ ਪੱਲੇ ਪੈ ਗਿਆ। ਇਹ ਭਾਈ! ਤੇਰੇ ਸਰੀਰ ਦਾ ਹਾਲ ਹੋਇਆ ਹੈ। ਹੁਣ ਤੂੰ ਆਪਣੀ ਰੂਹ ਦਾ ਹਾਲ ਸੁਣ ਲੈ। ਅਰਥਾਤ ਉਹ ਜੋ ਸਰੀਰ ਦੇ ਅੰਦਰ ਤੇਰਾ ਆਪਾ ਹੈ ਉਸਦਾ ਸੁਣ ਕੀ ਹੋਇਆ! ਉਹ ਜੋ ਤੂੰ ਮੋਹ ਪ੍ਰਤੀ ਵਿਚ ਆਕੇ ਖੋਟੇ ਕਰਮ ਕੀਤੇ ਸੇ, ਉਨ੍ਹਾਂ ਦਾ ਇਕ ਅਸਰ ਤਾਂ ਇਹ ਸੀ ਕਿ ਜੋ ਤੇਰੇ ਵਿਕਾਰਾਂ ਦੇ ਲੱਛ (ਨਿਸ਼ਾਨਾ) ਬਣੇ ਭਾਵ ਜਿਨ੍ਹਾਂ ਨਾਲ ਤੂੰ ਭੋਗ ਬਿਲਾਸ ਕੀਤੇ ਸੇ, ਸੋ ਤੇਰੇ ਕੁਸੰਗ ਨਾਲ ਡੁੱਬੇ ਤੇ ਤੂੰ ਉਨ੍ਹਾਂ ਦੇ ਕੁਸੰਗ ਨਾਲ ਡੁੱਬਾ, ਦੂਜੇ ਤੇਰੇ ਤੇ ਤੂੰ ਉਨ੍ਹਾਂ ਦੇ ਕੁਸੰਗ ਨਾਲ ਦੋ ਅਸਰ ਪਏ, ਇਕ ਤਾਂ ਸਰੀਰ ਰੋਗੀ ਹੋ ਕੇ ਤੂੰ ਧਿਤਕਾਰਿਆ ਗਿਆ ਤੇ ਤੇਰੇ ਵਿਰਲਾਪ ਪੱਲੇ ਪਿਆ; ਦੂਸਰਾ ਜੋ ਅਸਰ ਤੇਰੇ ਅੰਦਰ ਪਿਆ ਸੋ ਤੂੰ ਗਉਲ ਹੀ ਨਹੀਂ ਰਿਹਾ, ਉਹ ਹੈ ਇਹ ਕਿ ਤੇਰੇ ਅੰਦਰਲੇ ਨੂੰ ਉਨ੍ਹਾਂ ਕਰਮਾਂ ਦੇ-ਉਨ੍ਹਾਂ ਦੋਸ਼ਾਂ ਦੇ-ਦਾਗ ਪੈ ਗਏ ਹਨ। ਜਦੋਂ ਤੂੰ ਮਰ ਕੇ ਅੱਗੇ ਜਾਵੇਂਗਾ ਤਾਂ ਉਹ ਦੋਸ਼ਾਂ ਦੇ ਦਾਗ ਤੇਰੇ ਉਸ ਵੇਲੇ ਦੇ ਮੂੰਹ ਤੇ ਲੱਗੇ ਹੋਏ ਹੋਣਗੇ। ਉਨ੍ਹਾਂ ਦਾਗਾਂ ਦੇ ਕਾਰਨ ਜਿਸ ਤਰ੍ਹਾਂ ਤੈਨੂੰ ਏਥੇ ਸਭਾ, ਪਰ੍ਹੇ ਕਿ ਬਰਾਦਰੀ ਵਿਚ ਕੋਈ ਨਹੀਂ ਬੈਠਣ ਦੇਵੇਗਾ। ਇਹ ਜਿਵੇਂ ਸਰੀਰ ਨੂੰ ਕਸ਼ਟ ਦੇ ਜ਼ਖਮਾਂ ਰੂਪੀ ਦਾਗ ਹਨ ਤਿਵੇਂ ਤੇਰੇ ਭੌਰ ਨੂੰ (ਯਾ ਲਿੰਗ ਸਰੀਰ ਨੂੰ) ਯਾ ਉਸ ਅੰਦਰਲੇ ਨੂੰ ਕਿ ਜਿਸਨੇ ਸਰੀਰ ਦੇ ਮਰਨ ਮਗਰੋਂ ਅੰਦਰੋਂ ਨਿਕਲਣਾ ਹੈ, ਉਸ ਪਰ ਕੀਤੇ ਦੋਸ਼ਾਂ ਦੇ ਐਸ ਤਰ੍ਹਾਂ ਦੇ ਦਾਗ ਹੋਣਗੇ ਕਿ ਜਿਨ੍ਹਾਂ ਕਰਕੇ ਓਥੇ ਵੀ ਤੈਨੂੰ ਕੋਈ ਢੋਈ ਨਾ ਮਿਲੇਗੀ, ਦਰਗਾਹ ਵਿਚ ਭੀ ਤੈਨੂੰ ਕੋਲ ਨਹੀਂ ਬੈਠਣ ਦੇਵਣਗੇ।

ਇਹ ਵਾਕ ਸੁਣਕੇ ਕੋਹੜੀ ਕੰਬਿਆ। ਉਸ ਨੂੰ ਆਪਣੇ ਕੀਤੇ ਕਰਮਾਂ ਦੀ ਪੂਰੀ ਸੋਝੀ ਆਈ। ਭੈ ਛਾਇਆ ਕਿ ਮੈਂ ਤਾਂ ਹੁਣ ਦੇ ਕਸ਼ਟ ਨੂੰ ਰੋਂਦਾ ਸਾਂ ਤੇ ਇਸ ਪਾਸੇ ਤਾਂ ਮੇਰਾ ਧਿਆਨ ਹੀ ਨਹੀਂ ਸੀ ਗਿਆ ਕਿ ਮੇਰੀ ਰੂਹ ਭੀ ਕਲੰਕਤ ਹੋ ਗਈ ਹੈ ਤੇ ਮੇਰੇ ਲਈ ਦੁੱਖ 'ਸਦਾ ਦਾ ਦੁੱਖ' ਹੋ ਗਿਆ ਹੈ। ਇਸ ਭੈ ਨੇ ਵੈਰਾਗ ਉਤਪਤ ਕੀਤਾ ਤੇ ਫਕੀਰ ਹੁਣ ਪਸਚਾਤਾਪ ਦੇ ਘਰ ਆ ਕੇ ਰੋਇਆ ਤੇ ਧਰਤੀ ਤੇ ਸਿਰ ਰੱਖ ਕੇ ਬੋਲਿਆ, ਹੇ ਅੱਗੇ ਪਿਛੇ ਦੀ ਸੋਝੀ ਵਾਲੇ! ਕੀਹ ਮੈਂ ਹੁਣ ਡੁੱਬ ਗਿਆ? ਸੁਹਣੇ ਦਾਤਾ! ਕੀ ਮੇਰੇ ਦਸ ਵੀਹ ਵਰ੍ਹੇ ਵਿਚ ਕੀਤੇ ਦੋਸ਼ ਤੇ ਪਾਪ, ਜੋ ਭਾਵੇਂ ਕਿੰਨੇ ਵਧੀਕ ਹੈਨ ਪਰ ਗੇਣਤੀ ਵਿਚ ਹੈਨ, ਮੈਨੂੰ ਸਦਾ ਲਈ ਡੋਬ ਗਏ? ਕੀਹ ਗੇਣਤੀ ਵਾਲੇ ਕਰਮਾਂ ਦੇ ਬਦਲੇ ਮੈਂ ਐਉਂ ਡੁੱਬ ਗਿਆ ਹਾਂ ਕਿ ਜਿਵੇਂ ਬੇੜੀ ਤੋਂ ਇਕ ਪੈਰ ਤਿਲਕਣ ਨਾਲ ਆਦਮੀ ਸਦਾ ਲਈ ਡੁੱਬ ਕੇ ਮਰ ਜਾਂਦਾ ਹੈ ਤੇ ਫੇਰ ਭਾਵੇਂ ਦੇਹ ਤਰ ਆਵੇ, ਪਰ ਜਾਨ ਨਹੀਂ ਮੁੜਦੀ? ਹਾਇ ਜੇ ਮੈਂ ਜਾਣਦਾ

ਤਾਂ ਕਦੇ ਐਸੇ ਕਰਮ ਨਾ ਕਰਦਾ। ਗੁਰੂ ਸਾਹਿਬ ਦਇਆ ਦੇ ਘਰ ਵਿਚ ਤਾਂ ਆਏ ਹੀ ਹੋਏ ਸਨ, ਹੋਰ ਦ੍ਰਵ ਕੇ ਆਪਣੇ ਉਚੇ ਦਰੋਂ ਮਿਹਰ ਦੇ ਰੰਗ ਵਿਚ ਬੋਲੇ, ਭਾਈ ਜਿਸ ਰਾਹੇ ਤੂੰ ਟੁਰ ਰਿਹਾ ਹੈਂ ਉਸਦਾ ਫਲ ਤਾਂ ਇਹੋ ਜਿਹਾ ਹੀ ਹੈ। ਕਰਮ ਤੈਂ ਆਪ ਕੀਤੇ ਜਿਨ੍ਹਾਂ ਨੇ ਇਹ ਰੋਗ ਉਪਜਾਇਆ ਹੈ। ਫਿਰ ਜਿਸ ਰਾਹੇ ਤੂੰ ਹੁਣ ਟੁਰ ਰਿਹਾ ਹੈਂ ਉਹ ਤੇਰਾ ਆਪਣੀ ਚੋਣ ਦਾ ਹੈ। ਉਸਦਾ ਫਲ ਤੂੰ ਆਪ ਦੱਸ ਦਿਤਾ ਹੈ ਕਿ ਇਕ ਪੈਰ ਤਿਲਕਿਆ ਤਾਂ ਅਣਤਾਰੂ ਡੁੱਬ ਮੋਇਆ। ਪਰ ਸਮਝ ਲੈ ਕਿ ਇਹ ਤਾਂ ਹੈ ਤੇਰੀ ਚੋਣ ਤੇ ਤੇਰੀ ਕਰਣੀ ਕਰਤੂਤ। ਪਰ ਜਿਸਨੂੰ ਤੂੰ ਦੋਸ਼ ਦੇ ਰਿਹਾ ਹੈਂ ਆਪਣੀ ਗੱਲਬਾਤ ਵਿਚ, ਉਸਦੇ ਘਰ ਮਿਹਰ ਵਸਦੀ ਹੈ। ਉਸਦੀ ਮਿਹਰ ਇਹ ਹੈ ਕਿ ਜੇ ਕੋਈ ਗਲਤੀਆਂ ਕਰਕੇ ਡੁੱਬ ਬੀ ਜਾਵੇ ਤਾਂ ਉਸਦੀ ਬੀ ਉਹ ਸਾਰ ਲੈਂਦਾ ਹੈ। ਉਹ ਸਦਾ ਥਿਰ ਹੈ। ਅਸੀਂ ਆਵਣੇ ਜਾਣੇ ਵਾਲੇ ਹਾਂ, ਭਾਵ ਅਸੀਂ ਮਿਤ ਵਿਚ ਹਾਂ ਤੇ ਕਾਲ ਵਿਚ ਹਾਂ, ਪਰ ਉਹ ਅਕਾਲ ਹੈ ਤੇ ਅਮਿੱਤ ਹੈ, ਸੋ ਸਦਾ ਥਿਰ ਹੈ। ਉਸਦਾ ਸੁਭਾਵ ਹੈ ਕਿ ਉਹ ਦਾਤਾਰ ਹੈ, ਭਾਵ ਬਖਸ਼ਿੰਦ ਹੈ। ਨਿਰਾ ਪੁੰਨੀਆਂ ਦਾ ਦਾਤਾਰ ਨਹੀਂ ਸਰਬ ਦਾ ਦਾਤਾਰ ਹੈ। ਸਰਬ ਦਾ ਦਾਤਾਰ ਹੋਣ ਕਰਕੇ ਪਤਿਤਾਂ ਦਾ ਬੀ ਦਾਤਾਰ ਹੈ।

ਕੋਹੜੀ – ਹੇ ਅਗਮ ਨਿਗਮ ਦੇ ਮਹਿਰਮ! ਹੇ ਡੁੱਬਿਆਂ ਨੂੰ ਫਿਰ ਜੀਉ ਉਠਨ ਦੀ ਮੰਗਲਮਯ ਖਬਰ ਦੇਣ ਵਾਲੇ ਦਾਤਾ! ਹੇ ਮਰਿਆਂ ਨੂੰ ਜੀਵਨ ਬੁਸ਼ਾਰਤਾਂ ਦੇਣ ਵਾਲੇ ਅੱਲਾ ਦੇ ਸਵਾਰੇ! ਰਹਿਮ ਕਰ ਤੇ ਮੈਨੂੰ ਦੱਸ ਕਿ ਮੈਂ ਉਸ ਸਦਾ ਬਖਸ਼ਿੰਦ ਦਾਤਾ ਜੀ ਤੋਂ ਆਪਣੇ ਦਿਲ-ਦਾਗਾਂ ਦੇ ਧੋਣ ਦਾ ਸਾਮਾਨ ਕੀਕੂੰ ਪਾਵਾਂ? ਇਹ ਸਰੀਰ ਤਾਂ ਗਿਆ ਭੰਗ ਦੇ ਭਾੜੇ, ਉਹ ਮਿਹਰ ਕਰ ਕਿ ਜਿਸ ਨਾਲ ਦਿਲਾਂ ਦੇ ਦਾਗ ਧੋ ਲਵਾਂ ਤੇ ਅੱਗੇ ਤਾਂ ਕੰਚਨ ਵੰਨਾਂ ਹੋ ਕੇ ਜਾਵਾਂ, ਕਿਵੇਂ ਉਥੇ ਤਾਂ ਮੇਰੇ ਸਰੀਰ ਦਾ ਕੋਹੜ ਮੇਰੇ ਮਨ ਨਾਲ ਨਾ ਜਾਵੇ। (ਰੋ ਰੋ ਕੇ) ਹੇ ਦਾਤਾ! ਮੇਰੇ ਹਾਲ ਤੇ ਤਰਸ ਕਰ ਕਿ ਮੈਂ ਹੁਣ ਬਾਕੀ ਦੇ ਦਿਨ ਇਸ ਮਨ ਧੋਣ ਵਾਲੇ ਕੰਮ ਤੇ ਲਾਵਾਂ।

ਇਹ ਦਿਲ ਦੀ ਅਰਦਾਸ ਸੁਣ ਕੇ ਸ੍ਰੀ ਸਤਿਗੁਰੂ ਜੀ ਇਕ ਬੜੀ ਗੰਭੀਰ ਸੁਰ ਵਿਚ ਬੋਲੇ – ਭਾਈ ਇਹ ਗੱਲ ਕਿਸੇ ਦੇ ਵੱਸ ਦੀ ਨਹੀਂ। ਸੁਣ ਹੇ ਫਕੀਰ! ਇਹ ਇਕ ਰਸਤਾ ਹੈ 'ਨਾਉਂ' ਆਖਣਾ। ਇਸੇ ਰਾਹੇ ਟੁਰੇਂਗਾ ਤਾਂ ਕਿਸੇ ਸਲਾਮਤੀ ਦੇ ਟਿਕਾਣੇ ਪੁੱਜੇਂਗਾ। ਹੋਰ ਕੋਈ ਥਾਉਂ ਨਹੀਂ ਜਿੱਥੇ ਮਨ ਤੇ ਸਰੀਰ ਦੇ ਕੋਹੜੀ ਨੂੰ ਢੋਈ ਮਿਲੇ। ਹਾਂ ਮਨ ਤੇ ਸਰੀਰ ਦੇ ਕੋਹੜੀ ਲਈ ਇਹੋ ਇਕੋ ਥਾਂ ਹੈ – ਨਾਉਂ ਆਖਣਾ। ਹਾਂ, ਸਭਨਾਂ ਲਈ, ਨਰੋਇਆ ਲਈ, ਰੋਗੀਆਂ ਲਈ ਇਹੋ ਇਕ ਥਾਉਂ ਹੈ। ਆਖ ਜੋ ਤੇਰੇ ਅੰਦਰ ਲੱਗੇ ਦਾਗ ਧੋ ਹੋ ਜਾਣ। ਹਾਂ ਮੇਹਰ ਹੋਵੇ ਤਾਂ ਇਹ 'ਨਾਮ ਜਪਣਾ' ਪ੍ਰਾਪਤ ਹੋਵੇ। ਹਾਂ, ਉਸੇ ਦੀ ਮਿਹਰ ਹੁੰਦੀ ਹੈ ਤਾਂ ਨਾਮ ਪ੍ਰਾਪਤ ਹੁੰਦਾ ਹੈ। ਪਰ ਉਸਦੀ ਮਿਹਰ ਪ੍ਰਾਪਤੀ ਦਾ ਸਾਧਨ ਕੀ? ਹੈ ਉਸਦਾ ਨਾਮ ਆਖਣਾ ਤੇ ਨਾਮ ਕੀਕੂੰ ਆਖੀਦਾ ਹੈ? ਉਸਦੀ ਮਿਹਰ ਨਾਲ।

ਫਕੀਰ – ਸਾਂਈ ਵਾਲੇ! ਨਾਮ ਆਖਣਾ ਕੀ ਹੁੰਦਾ ਹੈ? ਤੇ ਮਿਹਰ ਉਤਰ ਮੈਂ ਕਿਵੇਂ ਜ਼ੋਰ ਲਾਵਾਂ ਕਿ ਮੈਨੂੰ ਮਿਲੇ? ਦੱਸ ਕਿ ਮੈਂ ਡੁੱਬਾ ਕਿਸ ਨੂੰ ਲੱਗ ਕੇ ਤਰਾਂ, ਜੋ ਕੋਈ ਠੌਰ ਥਿੱਤਾ ਮੇਰਾ ਭੀ ਲੱਗੇ। ਕਰ ਮਿਹਰ ਹੇ ਮੇਹਰਾਂ ਵਾਲਿਆ!

ਗੁਰੂ ਜੀ – ਨਾਮ ਆਖਣਾ ਇਹ ਹੈ, ਸੁਣ-ਉਸ ਸੱਚੇ 'ਤੇ ਸਦਾ ਦਾਤਾਰ ਦਾ ਰੂਪ ਰੇਖ ਰੰਗ ਨਹੀਂ ਹੈ, ਤੇ ਕੋਈ ਕਹਿ ਨਹੀਂ ਸਕਦਾ ਕਿ ਉਹ ਕਿਵੇਂ ਹੈ। ਪਰ ਉਹ ਹੈ, ਸਦਾ ਹੈ, ਸਦਾ ਥਿਰ ਹੈ, ਇਹ ਸੱਚ ਹੈ। ਉਹ ਅੰਤਰਯਾਮੀ ਹੈ, ਗਯਾਨ ਸਰੂਪ ਹੈ, ਉਸ ਤੋਂ ਕੁਝ ਉਹਲੇ ਨਹੀਂ। ਉਸਦਾ ਗੁਣ ਯਾ ਸੁਭਾਵ ਪਿਆਰ ਹੈ, ਉਹ ਸਾਰਾ ਆਪ 'ਪ੍ਰੇਮ' ਹੈ, ਬਸ ਇਹ ਜਾਣ ਲੈ। ਇਹ ਬੀ ਨਾਲ ਸਮਝ ਲੈ ਕਿ ਮਿਹਰ (ਬਖਸ਼ਿਸ਼) ਪਿਆਰ ਦਾ ਇਕ ਅੰਗ ਹੈ। ਪਿਆਰ ਸਰੂਪ ਹੋਣਾ, ਪਿਆਰ ਕਰਨ ਤੇ ਕਰਾਉਣ ਵਾਲਾ ਹੋਣਾ, ਆਨੰਦ ਸਰੂਪ ਹੋਣਾ ਹੈ। ਸੋ ਤੂੰ ਸਮਝ ਲੈ ਕਿ ਜੋ ਸਦਾ ਹੈ ਤੇ ਸਦਾ ਦਾਤਾਰ ਹੈ, ਓਹ ਮੇਰਾ ਹੈ, ਤੇ ਮੈਂ ਉਸਨੂੰ ਕਿਉਂ ਵਿਸਾਰਾਂ, ਸਦਾ ਯਾਦ ਰੱਖਾਂ। ਸਦਾ ਇਹ ਭਾਵ ਅੰਦਰ ਭਰੀ ਰੱਖਾਂ ਕਿ ਉਹ ਹੈ ਉਹ ਦਾਤਾਰ ਹੈ, ਮੇਰਾ ਹੈ, ਮੇਰੇ ਤੇ ਦਾਤਾਰ ਹੈ, ਮੈਂ ਹੁਣ ਉਸਤੋਂ ਜੁਦਾ ਨਹੀਂ ਹੋਣਾ। ਦੂਜਾ ਨਾ ਹੋਣਾ ਯਾ ਮਿਲੇ ਰਹਿਣਾ ਕਿਵੇਂ ਹੈ? ਉਸਨੂੰ ਸਦਾ ਯਾਦ ਰੱਖ ਕੇ। ਪਰ ਸੱਜਣਾ ਇਸ ਭਾਵ ਵਿਚ ਸਦਾ ਰਹਿਣਾ ਕਠਨ ਹੈ। ਇਸ ਕਰਕੇ ਜਿਵੇਂ ਸਾਡੇ ਚਲੇ ਜਾਣ ਬਾਅਦ ਤੂੰ ਸਾਡੇ ਪਿਆਰ ਨੂੰ ਨਾਮ ਨਾਲ ਜੋੜ ਕੇ ਯਾਦ ਰਖੇਂਗਾ ਤਿਵੇਂ ਉਸ ਰੱਬ ਦੇ ਨਾਮ ਨਾਲ ਉਸਦੇ ਪਿਆਰ ਭਾਵ ਨੂੰ ਅੰਦਰ ਵਸਾਈਦਾ ਹੈ ਤੇ ਨਾਮ ਆਰਾਧਣ ਨਾਲ ਉਹ ਅੰਦਰ ਪ੍ਰਗਟਦਾ ਹੈ। ਭੁੱਲ ਸਾਡਾ ਸੁਭਾਵ ਹੈ, ਕਰਮ ਸਾਡੇ ਸਰੀਰਕ ਸੁੱਖਾਂ ਵਾਸਤੇ ਹੀ ਅਕਸਰ ਹੁੰਦੇ ਹਨ ਮਾਨੋਂ ਅਸੀਂ ਸਰੀਰ ਵਿਚ ਸਰੀਰ ਹੋ ਰਹੇ ਹਾਂ। ਤਾਂ ਤੇ ਦਾਤੇ ਦੀ ਯਾਦ ਜੇ ਅੰਦਰ ਮਨ ਵਿਚ ਟਿਕਾਉਣੀ ਹੋਵੇ ਤਾਂ ਸਰੀਰ ਤੋਂ ਸਾਧਨ ਆਰੰਭ ਕਰੀਦਾ ਹੈ। ਅਰਥਾਤ ਸਰੀਰ ਦੇ ਅੰਗ ਜੀਭ ਨਾਲ ਉਸਦਾ ਨਾਮ ਜਪੀਦਾ ਹੈ। ਨਾਮ ਜਪਦੇ ਰਹਿਣ ਨਾਲ ਖਿਆਲ ਨੂੰ ਉਸ ਪਾਸੇ ਵਲ ਝੁਕਾਉ ਤੇ ਪ੍ਰੇਰਨਾ ਹੁੰਦੀ ਰਹਿੰਦੀ ਹੈ ਤੇ ਇਹ ਝੁਕਾਉ ਉਸਦੀ ਯਾਦ ਹੋ ਕੇ ਅੰਦਰ ਵਸਦਾ ਜਾਂਦਾ ਹੈ, ਸੋ ਨਾਮ ਦਾ ਆਖਣਾ ਕੀ ਹੋਇਆ? ੧. ਉਸ ਦਾ ਰਸਨਾ ਤੇ ਬਿਠਾਉਣ 2. ਉਸਦਾ ਖਯਾਲ ਮਨ ਵਿਚ ਵਸਾਉਣਾ, 3. ਉਸਦੀ ਹੋਂਦ ਤੇ ਪਿਆਰ ਨੂੰ ਯਾਦ ਵਿਚ – ਸਿਮ੍ਰਤੀ ਵਿਚ ਵਸਾਉਣਾ। ਐਉਂ ਘਾਲ ਕਰਦਿਆਂ ਜਦ ਓਹ ਦਾਤਾ ਸਦਾ ਦਿਨ ਰਾਤ ਅੰਦਰ ਵਸ ਜਾਂਦਾ ਹੈ, ਤਦ ਸਾਰੇ ਮਨ ਦੇ ਦਾਗ ਦੂਰ ਹੋ ਜਾਂਦੇ ਹਨ ਤੇ ਹੰਸ, ਜੋ ਅੰਦਰ ਹੈ, ਨਿਰਮਲ

ਤੇ ਉਜਲ ਹੋ ਜਾਂਦਾ ਹੈ।

ਮਰਦਾਨਾ ਜੋ ਲਾਗੇ ਬੈਠਾ ਸੀ ਕਹਿਣ ਲੱਗਾ, - ਹੇ ਫਕੀਰ! ਦਾਤਾ ਜੀ ਦੇ ਵਾਕਾਂ ਨੂੰ ਇਕ ਤੁਕ ਵਿਚ ਯਾਦ ਕਰਕੇ ਪੱਲੇ ਬੰਨ੍ਹ ਲੈ। ਸੁਣ -

***ਗੁਰਾ ਇਕ ਦੇਹਿ ਬੁਝਾਈ॥***
***ਸਭਨਾ ਜੀਆ ਕਾ ਇਕੁ ਦਾਤਾ***
***ਸੋ ਮੈ ਵਿਸਰਿ ਨ ਜਾਈ॥***

ਇਹ ਸਾਰ ਹਈ ਆਪ ਜੀ ਦੇ ਸਾਰੇ ਕਹੇ ਵਾਕਾਂ ਦਾ ਤੇਰੇ ਚੇਤੇ ਰੱਖਣ ਲਈ। ਹਾਂ, ਯਾਦ ਰੱਖੀਂ ਕਿ ਮੈਨੂੰ ਗੁਰੂ ਨਾਨਕ ਮਿਲਿਆ ਸੀ ਤੇ ਉਹ ਇਕ ਦਾਤ ਬਖਸ਼ ਗਿਆ ਸੀ, ਤੇ ਹੁਕਮ ਕਰ ਗਿਆ ਸੀ ਕਿ ਸਭਨਾ ਜੀਆ ਕਾ ਇਕੁ ਦਾਤਾ ਹੈ ਉਹ ਮੈਨੂੰ ਨਾ ਕਦੇ ਵਿਸਰੇ, ਓਹ ਮੈਨੂੰ ਸਦਾ ਯਾਦ ਰਹੇ।

ਜਾਂ ਫਕੀਰ ਨੇ ਸੁਣਿਆ ਕਿ ਇਹ ਗੁਰੂ ਨਾਨਕ ਹੈ ਜੋ ਮੇਰੇ ਦੁਆਰੇ ਆਇਆ ਹੈ, ਤਾਂ ਇੱਡੇ ਸ਼ੁਕਰ ਤੇ ਪ੍ਰੇਮ ਦੇ ਘਰ ਵਿਚ ਆਇਆ ਕਿ 'ਵਾਹ ਗੁਰੂ ਨਾਨਕ' 'ਵਾਹ ਗੁਰ ਨਾਨਕ' ਕਰਦਾ ਇਕ ਪ੍ਰੇਮ ਦੇ ਸਰੂਰ ਤੇ ਮਦਹੋਸ਼ੀ ਵਿਚ ਆ ਗਿਆ। ਉਸਦਾ ਅੰਦਰਲਾ ਪ੍ਰੇਮ ਨਾਲ ਉਛਲਿਆ ਤੇ ਵੈਰਾਗ ਨਾਲ ਧੋਤੇ ਮਨ ਵਿਚ ਹੁਣ ਇਹ ਗਿਆਨ ਹੋ ਗਿਆ ਕਿ ਜਗਤ ਗੁਰੂ ਨਾਨਕ ਮੇਰੇ ਤੇ ਤ੍ਰੁੱਠ ਰਿਹਾ ਹੈ ਤੇ ਇਹ ਪ੍ਰੇਮ ਅੰਦਰ ਆ ਧਸਿਆ ਕਿ ਇਹ ਮੇਰਾ ਹੈ ਗੁਰੂ ਨਾਨਕ, ਮੇਰਾ ਆਪਣਾ ਗੁਰੂ ਨਾਨਕ। ਇਸ ਵੇਲੇ ਨੈਣ ਚਾ ਕੇ ਤੇ ਪ੍ਰੇਮ ਨਾਲ ਭਰੇ ਨੈਣ ਖੁਹਲ ਕੇ ਉਸ ਨੇ ਗੁਰੂ ਨਾਨਕ ਦਾ ਦਰਸ਼ਨ ਕੀਤਾ ਤੇ ਗੁਰੂ ਨਾਨਕ ਨੇ ਆਪਣੀ ਮਿਹਰ ਦੀ ਨਦਰ ਪਾਈ, ਕੋਹੜੀ ਦਾ ਕੁਸ਼ਟ ਦੂਰ ਹੋਇਆ।

ਸੋ ਭਾਈ, ਵੀਚਾਰ ਕਰੋ ਕੋਹੜੀ ਨੂੰ ਗੁਰੂ ਦਾ ਦਰਸ਼ਨ ਹੋਇਆ, ਫਿਰ ਗੁਰੂ ਮਿਹਰਬਾਨ ਹੋਇਆ, ਉਸ ਨੇ ਉਸਦੇ ਕਰਮਾਂ ਤੇ ਕਰਮਾਂ ਦੇ ਫਲ ਦੀ ਸੋਝੀ ਦਿੱਤੀ, ਜਿਸ ਨਾਲ ਉਸ ਨੂੰ ਭੈ ਪਿਆ ਤੇ ਭੈ ਨਾਲ ਵੈਰਾਗ ਹੋ ਕੇ ਮਨ ਤੋਂ ਭੁੱਲ ਦੀ ਮੈਲ ਲੱਥੀ। ਫਿਰ ਗੁਰੂ ਜੀ ਨੇ ਵਾਹਿਗੁਰੂ ਦੀ ਹੋਂਦ ਤੇ ਉਸਦੀ ਬਖਸ਼ਿਸ਼ ਦੀ ਸੋਝੀ ਬਖਸ਼ੀ, ਫੇਰ ਨਾਮ ਦੀ ਮਹਿਮਾਂ ਤੇ ਗਿਆਨ ਦਾਨ ਦਿਤਾ ਤੇ ਦੱਸਿਆ ਕਿ ਸਾਂਈ ਸਦਾ ਸੁਖੀ ਹੈ, ਸਦਾ ਸੁਖੀ ਨਾਲ ਸਦਾ ਲਗੇ ਰਹਿਣਾ ਸਦਾ ਸੁਖੀ ਕਰ ਦੇਵੇਗਾ। ਐਉਂ ਮੇਹਰਬਾਨ ਗੁਰੂ ਨੇ ਉਸਦਾ ਕੋਹੜ ਭੀ ਦੂਰ ਕੀਤਾ। ਮਤਲਬ ਇਹ ਹੈ ਕਿ ਕੋਹੜ ਤਾਂ ਰਾਜ਼ੀ ਕੀਤਾ ਪਰ ਕੋਹੜ ਰਾਜ਼ੀ ਕਰਕੇ ਟੁਰ ਨਹੀਂ ਗਏ ਕਿ ਮੈਂ ਪਰਉਪਕਾਰ ਤੇ ਨੇਕੀ ਕਰ ਦਿਤੀ ਹੈ, ਬੱਸ। ਨਹੀਂ, ਗੁਰੂ ਸੱਚੇ ਆਤਮ ਸਰੂਪ ਜਗਤ ਗੁਰੂ ਨੇ ਉਸਦੀ ਅਗਿਆਨ ਦੀ ਨਿੰਦ੍ਰਾ ਖੋਹਲ ਦਿਤੀ, ਉਸਨੂੰ ਉਸਦੇ ਖੋਟੇ ਕਰਮਾਂ ਦੀ ਸਾਰ ਦੇ ਕੇ ਪਸਚਾਤਾਪ ਤੇ ਵੈਰਾਗ ਨਾਲ ਧੋ ਲਿਆ ਤੇ ਸੋਝੀ ਦੇ ਕੇ ਨਾਮ ਦਾਨ ਦਿਤਾ। ਇਸਦੇ ਅੰਦਰਲੇ ਨੂੰ ਸ਼ੁਭ ਮਾਰਗ ਤੇ ਪਾ ਦਿਤਾ, ਉਸਨੂੰ ਉਸ ਰਾਹੇ ਪਾ ਦਿਤਾ ਕਿ ਜਿਸ ਤੋਂ ਉਸ ਨੂੰ ਦਿੱਸ ਪਿਆ ਕਿ ਹੁਣ ਮੇਰਾ ਕਰਤੱਵ ਕੀ ਹੈ। ਗੁਰੂ ਜੀ ਨੇ ਉਸਨੂੰ ਰਾਜ਼ੀ ਹੋਣ ਦਾ ਲੋਭ ਵੀ ਨਹੀਂ ਦਿੱਤਾ। ਸਾਰਾ ਸ਼ਬਦ ਦੱਸਦਾ ਹੈ ਕਿ ਪਰਮਾਰਥ ਦੇ ਰਸਤੇ ਪਾ ਕੇ ਉਸਦੀ ਨੀਂਦ ਖੁਹਲ ਕੇ ਗੁਰੂ ਜੀ ਨੇ ਉਸਨੂੰ ਹੁਣ ਤੂੰ ਕੀ ਕਰਨਾ ਹੈ ਇਹ ਸਿਖਾਇਆ। ਰਾਹੇ ਪਾ ਕੇ, ਨੈਣ ਖੁਹਲਕੇ, ਕੰਮ ਦੱਸ ਕੇ ਤੇ ਸਿਖਾਲਕੇ ਕੋਹੜ ਬੀ ਰਾਜ਼ੀ ਕਰ ਦਿਤਾ ਹੈ। ਲਿਖਿਆ ਹੈ ਕਿ ਪਹਿਲੀ ਮਿਹਰਵਾਨਗੀ ਗੁਰੂ ਦੀ ਇਸ ਸ਼ਬਦ ਦਾ ਉਚਾਰ ਹੋਇਆ ਸੀ, ਅਰਥਾਤ ਏਹ ਉਪਦੇਸ਼ ਹੋਇਆ। ਫਿਰ ਲਿਖਿਆ ਹੈ - ਤਬ ਦਰਸ਼ਨ ਕਾ ਸਦਕਾ ਕੋਹੜ ਦੂਰ ਹੋਇ ਗਇਆ, ਦੇਹੀ ਹੱਛੀ ਹੋਈ, ਆਇ ਪੈਰੀ ਪਇਆ, ਨਾਉ ਧਰੀਕ ਹੋਆ, ਗੁਰੂ ਗੁਰੂ ਲੱਗਾ ਜਪਣ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਉਸਦੀ ਦੇਹ ਅਰੋਗ ਹੋ ਗਈ, ਮਨ ਦੇ ਰੋਗ ਨਾਲ ਬਿਨਸ ਗਏ, ਬੁੱਧੀ ਨਿਰਮਲ ਹੋ ਗਈ, ਮਨ ਦੀ ਮੈਲ ਕੱਟੀ ਗਈ।

ਹੁਣ ਭਾਈ ਸੰਤੋ! ਤੁਸੀਂ ਆਪ ਵਿਚਾਰ ਕਰ ਲਵੋ ਕਿ ਗੁਰਮਤ ਕੀ ਹੈ? ਤੇ ਸਾਡਾ ਗੁਰੂ ਅਰਸੀ ਪਰਉਪਕਾਰੀ- ਕਿਵੇਂ ਤਾਰਦਾ ਸੀ।

ਪ੍ਰੇਮ ਸਿੰਘ - ਆਪ ਦਾ ਉਪਕਾਰ ਕਿਸ ਜੁਗ ਲਾਹੀਏ। ਆਪ ਨੇ ਗੁਰੂ ਘਰ ਵਿਚ ਦੀ ਸਾਖੀ ਭੀ ਦੱਸੀ ਹੈ ਤੇ ਗੁਰਮਤ ਦੀ ਸੋਝੀ ਭੀ ਦਿੱਤੀ ਹੈ। ਪਰ ਅਸੀਂ ਅੰਗ੍ਰੇਜ਼ੀਆਂ ਪੜ੍ਹੇ ਬੜੇ ਵਿਗੜ ਜਾਂਦੇ ਹਾਂ, ਹਰ ਗੱਲ ਵਿਚ 'ਕਿੰਤੂ' ਫੁਰਨ ਦੀ ਬਿਰਤੀ ਸਾਡੀ ਵਧ ਜਾਂਦੀ ਹੈ ਤੇ ਉਹ ਕਿਤੇ ਟਿਕਣ ਨਹੀਂ ਦੇਂਦੀ। ਆਪ ਦੇ ਇੱਡੇ ਉਪਕਾਰ ਦੇ ਸਾਹਮਣੇ ਜੀ ਕਰਦਾ ਹੈ ਪੁੱਛਣ ਨੂੰ ਕਿ ਜੋ ਗੁਫਤਗੂ ਤੁਸਾਂ ਜੀ ਨੇ ਗੁਰੂ ਸਾਹਿਬ ਦੀ ਕੋਹੜੀ ਨਾਲ ਸੁਣਾਈ ਹੈ ਉਹ ਤੁਸਾਂ ਕਿਵੇਂ ਸਹੀ ਕੀਤੀ ਹੈ।

ਸੰਤ - ਜੋ ਕੁਛ ਇਤਿਹਾਸਾਂ ਵਿਚ ਲਿਖਿਆ ਹੈ ਕਿ ਇਕ ਤਾਂ ਮੈਂ ਉਹ ਸੁਣਾਇਆ ਹੈ, ਦੂਸਰੇ ਮੈਂ ਸਤਿਗੁਰੂ ਨਾਨਕ ਦੇਵ ਜੀ ਦੀ ਆਪਣੀ ਉਚਾਰੀ ਬਾਣੀ ਸੁਣਾਈ ਹੈ। ਜੋ ਗੁਫਤਗੂ ਮੈਂ ਦੱਸੀ ਹੈ ਸੋ ਕੁੱਲੀ ਟੀਕਾ ਹੈ ਉਸ ਸ਼ਬਦ ਦੀ ਜੋ ਇਸ ਪਰਥਾਇ ਗੁਰੂ ਜੀ ਨੇ ਉਚਾਰਿਆ ਸੀ ਤੇ ਇਹ ਸਾਰੀ ਗੁਰਮਤਿ ਇਸੇ ਸ਼ਬਦ ਵਿਚ ਹੈ। ਸ੍ਰੀ ਗੁਰੂ ਜੀ ਲੋਕਾਂ ਨਾਲ ਗੱਲਾਂ ਤਾਂ ਗੱਲਬਾਤ ਵਾਂਙੂ ਹੀ ਕਰਦੇ ਸਨ, ਮਗਰੋਂ ਜੇ ਉਸ ਗੱਲਬਾਤ ਦਾ ਤੱਤ ਸਾਰ ਹੁੰਦਾ ਸੀ ਸੋ ਸਭਨਾਂ ਦੇ ਉਧਾਰ ਦਾ ਕਾਰਨ ਬਣਨ ਲਈ ਸਰਬ ਕਾਲੀ ਸੱਚ ਦੀ ਸੂਰਤ ਵਿਚ ਸ਼ਬਦ ਵਿਚ ਰਚ ਦੇਂਦੇ ਸਨ। ਕਦੇ ਧੁਰੋਂ ਕੋਈ ਅਮਰੀ ਰੌ ਆਉਂਦੀ ਸੀ ਤੇ ਸ਼ਬਦ ਉਚਾਰਦੇ ਸੀ। ਕਦੇ ਕਿਸੇ ਪਰਿਥਾਇ ਤਤਕਾਲ ਸ੍ਰੀ ਗੁਰੂ ਜੀ ਸ਼ਬਦ ਉਚਾਰਦੇ ਸਨ ਤੇ ਮਰਦਾਨੇ ਨੂੰ ਗਾਉਣ ਦਾ ਹੁਕਮ ਹੁੰਦਾ ਸੀ, ਜੋ ਉਸ ਸ਼ਬਦ ਵਿਚ ਮਹਾਰਾਜ ਕਥਨ ਕਰਦੇ ਸਨ ਉਹ

ਉਸ ਵੇਲੇ ਦਾ ਉਪਦੇਸ਼ ਹੁੰਦਾ ਸੀ, ਪਰ ਉਹ ਸਰਬ ਕਾਲ ਦੇ ਭਲੇ ਦਾ ਬੀ ਹੁੰਦਾ ਸੀ। ਸੋ ਸ੍ਰੀ ਮੁਖ ਤੋਂ ਉਚਾਰੇ ਗਏ ਸ਼ਬਦ ਦਾ ਖੁੱਲ੍ਹਾ ਅਭਿਪ੍ਰਾਇ, ਮੈਂ ਗੁਫਤਗੂ ਵਿਚ ਆਪ ਨੂੰ ਸੁਣਾਇਆ ਹੈ ਕਿ ਸੌਖਾ ਸਮਝੇ ਪੈ ਜਾਵੇ। ਹੁਣ ਸ਼ਬਦ ਤੇ ਸ਼ਬਦ ਦਾ ਸਾਰਾ ਭਾਵ ਤੁਕ ਵਾਰ ਸੁਣ ਲਓ। ਪਾਠ ਇਹ ਹੈ –

*ਧਨਾਸਰੀ ਮਹਲਾ ੧*
*ਜੀਉ ਤਪਤੁ ਹੈ ਬਾਰੋ ਬਾਰ॥*
*ਤਪਿ ਤਪਿ ਖਪੈ ਬਹੁਤੁ ਬੇਕਾਰ॥*
*ਜੈ ਤਨਿ ਬਾਣੀ ਵਿਸਰਿ ਜਾਇ॥*
*ਜਿਉ ਪਕਾ ਰੋਗੀ ਵਿਲਲਾਇ॥੧॥*
*ਬਹੁਤਾ ਬੋਲਣੁ ਝਖਣੁ ਹੋਇ॥*
*ਵਿਣੁ ਬੋਲੇ ਜਾਣੈ ਸਭੁ ਸੋਇ॥੧॥ ਰਹਾਉ॥*
*ਜਿਨਿ ਕਨ ਕੀਤੇ ਅਖੀ ਨਾਕੁ॥*
*ਜਿਨਿ ਜਿਹਵਾ ਦਿਤੀ ਬੋਲੇ ਤਾਤੁ॥*
*ਜਿਨਿ ਮਨੁ ਰਾਖਿਆ ਅਗਨੀ ਪਾਇ॥*
*ਵਾਜੈ ਪਵਣੁ ਆਖੈ ਸਭ ਜਾਇ॥੨॥*
*ਜੇਤਾ ਮੋਹੁ ਪਰੀਤਿ ਸੁਆਦੁ॥*
*ਸਭਾ ਕਾਲਖ ਦਾਗਾ ਦਾਗ॥*
*ਦਾਗ ਦੋਸ ਮੁਹਿ ਚਲਿਆ ਜਾਇ॥*
*ਦਰਗਹ ਬੈਸਣ ਨਾਹੀ ਜਾਇ॥*
*ਕਰਮਿ ਮਿਲੈ ਆਖਣੁ ਤੇਰਾ ਨਾਉ॥*
*ਜਿਤੁ ਲਗਿ ਤਰਣਾ ਹੋਰੁ ਨਹੀ ਥਾਉ॥*
*ਜੇ ਕੋ ਡੂਬੈ ਫਿਰਿ ਹੋਵੈ ਸਾਰ॥*
*ਨਾਨਕ ਸਾਚਾ ਸਰਬ ਦਾਤਾਰ॥*

ਇਸ ਸ਼ਬਦ ਦਾ ਜੇ ਟੀਕਾ ਮਾਤ੍ਰ ਹੀ ਕਰੀਏ ਤਾਂ ਤੁਸੀਂ ਸਾਫ ਸਮਝ ਲਵੋਗੇ ਕਿ ਇਸ ਵਿਚ 'ਪੱਕਾ ਰੋਗੀ' ਤੇ ਉਸਦੇ ਵਿਰਲਾਪ, ਤਪਣ, ਖਪਣ ਤੇ ਬਹੁਤਾ ਬੋਲਣ ਦਾ ਜ਼ਿਕਰ ਹੈ। ਪੱਕਾ ਰੋਗ 'ਕੋਹੜ' ਦਾ ਨਾਮ ਹੈ। ਫਿਰ ਪਰਮੇਸ਼ੁਰ ਦੇ ਬਿਨ ਬੋਲੇ ਜਾਨਣ ਦੀ ਸ਼ਕਤੀ ਇਸ ਸ਼ਬਦ ਵਿਚ ਦੱਸੀ ਹੈ, ਜੀਵ ਨੂੰ ਆਪਣੇ ਰਚੇ ਜਾਣ ਤੇ ਦਾਤਾਂ ਦੇਣ ਵਾਲੇ ਦਾਤਾਰ ਵਲੋਂ ਭੁੱਲ ਪੈ ਜਾਣ ਦਾ ਇਸ ਵਿਚ ਜ਼ਿਕਰ ਹੈ ਤੇ ਭੁੱਲ ਕੇ ਮੋਹ ਪ੍ਰੀਤਾਂ ਸੁਆਦਾਂ ਵਿਚ ਪੈ ਕੇ ਦੋਸ਼ ਕਮਾਉਣ ਤੇ ਉਨ੍ਹਾਂ ਦੇ ਦਾਗਾਂ ਦੀ ਤੇ ਦਾਗਾਂ ਦੇ ਫਲ ਦੀ ਵਿਆਖਿਆ ਹੈ। ਫੇਰ ਡੁੱਬਿਆਂ ਦੀ ਬੀ ਸਾਂਈ ਸਾਰ ਲੈਂਦਾ ਹੈ ਤੇ ਉਹ ਦਾਤਾਰ ਮਿਹਰ ਕਰਦਾ ਹੈ, ਇਹ ਗੱਲ ਬੀ ਦੱਸੀ ਹੈ। ਤੇ ਉਹ ਮਿਹਰ ਨਾਮ ਦੀ ਬਖਸ਼ਿਸ਼ ਹੈ, ਨਾਮ ਦਾਗ ਧੋਂਦਾ ਹੈ। ਡੁੱਬੇ ਤਾਰਦਾ ਹੈ, ਇਹ ਸੱਚ ਬੀ ਦਰਸਾਇਆ ਹੈ। ਹੁਣ ਇਹ ਸ਼ਬਦ ਉਸ ਪਰਿਥਾਇ ਹੋਇਆ ਪੁਰਾਤਨ ਜਨਮਸਾਖੀ ਵਿਚ ਲਿਖਿਆ ਹੈ। ਇਸ ਵਿਚ ਗੱਲਬਾਤ ਬੀ ਹੈ ਤੇ ਤੱਤਸਾਰ ਬੀ ਹੈ, ਤੇ ਜੋ ਸਰਬ ਕਾਲੀ ਮੇਰੇ ਤੁਸਾਂ ਦੇ ਤੇ ਹਰੇਕ ਤੇ ਘਟਣ ਵਾਲਾ ਉਪਦੇਸ਼ ਹੈ, ਸੋ ਬੀ ਇਸ ਵਿਚ ਹੈ। ਸੋ ਇਤਿਹਾਸ ਤੇ ਗੁਰਬਾਣੀ ਦਾ ਭਾਵ ਮੈਂ ਦਰਸਾਇਆ ਹੈ, ਜਿੱਥੇ ਭੁੱਲ ਹੋਵੇ ਦੱਸਣਾ, ਦੇਹਧਾਰੀ ਸਭ ਭੁੱਲਣਹਾਰ ਹੈ।

ਭਗਤ ਸਿੰਘ – ਇਹ ਸੰਸਾਰ ਐਵੇਂ ਜੀਉ ਸਾਡੀ ਕਮਜ਼ੋਰੀ ਦਾ ਸੂਚਕ ਹੈ। ਆਪ ਨੇ ਗੁਰਮਤਿ ਵਿਚੋਂ ਸਾਨੂੰ ਉਹ ਇਕ ਅਟੱਲ ਅਸੂਲ ਦਰਸਾਇਆ ਹੈ ਕਿ ਸਾਡੇ ਨੈਣ ਖੁੱਲ੍ਹ ਗਏ ਹਨ। ਧੰਨ ਗੁਰੂ ਨਾਨਕ ਹੈ, ਜਿਨ੍ਹੇ ਜਗਤ ਇਸ ਸੋਹਣੇ ਤ੍ਰੀਕੇ ਨਾਲ ਤਾਰਿਆ ਤੇ ਜੇ ਕਿਸੇ ਦਾ ਦੁੱਖ ਦੂਰ ਕੀਤਾ ਤਾਂ ਉਸ ਦੇ ਮਨ ਨੂੰ ਪਲਟਾ ਦੇ ਕੇ, ਜੋ ਮੁੜ ਪਾਪਾਂ ਵਿਚ ਨਾ ਜਾਵੇ ਤੇ ਪੁੰਨੀ ਹੋ ਜਾਵੇ, ਨਾਮ ਦੇ ਲੜ ਲਾ ਦਿੱਤਾ।

ਸੰਤ – ਜਗਤ ਦੁਖੀ ਹੈ, ਗੁਰੂ ਨੇ ਬੀ ਦੁਖੀ ਡਿੱਠਾ ਸੀ ਤੇ ਦਾਰੂ ਬੀ ਦੱਸਿਆ ਸੀ ਏਹੋ ਨਾਮ –

*ਨਾਨਕ ਦੁਖੀਆ ਸਭੁ ਸੰਸਾਰੁ॥*
*ਮੰਨੈ ਨਾਉ ਸੋਈ ਜਿਣਿ ਜਾਇ॥*
*ਅਉਰੀ ਕਰਮ ਨ ਲੇਖੈ ਲਾਇ॥*

ਫੇਰ ਦੇਖੋ ਇਹ ਅਸੂਲ ਉਪਰ ਕਥੇ ਪ੍ਰਸੰਗ ਤੇ ਗੁਰਵਾਕ ਤੋਂ ਸਮਝੇ ਪੈਂਦਾ ਹੈ ਉਹੋ ਅਸੂਲ ਪੰਜਵੇਂ ਜਾਮੇ ਸਾਡੀ ਮੰਦੀ ਬੁਧਿ ਲਈ ਹੋਰ ਸੌਖਾ ਕਰਕੇ ਸਾਫ ਦੱਸਿਆ ਹੈ –

*ਕਵਨੁ ਕਵਨੁ ਨਹੀ ਪਤਰਿਆ ਤੁਮਰੀ ਪਰਤੀਤਿ॥*
*ਮਹਾਂ ਮੋਹਨੀ ਮੋਹਿਆ ਨਰਕ ਕੀ ਰੀਤਿ॥੧॥*
*ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥*
*ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ॥੧॥ ਰਹਾਉ॥*
*ਜਪ ਤਪ ਸੰਜਮ ਤੁਮ ਖੰਡੇ ਜਮ ਕੇ ਦੁਖ ਡਾਂਡ॥*
*ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ॥੨॥*
*ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ॥*
*ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ॥*
*ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ॥*
*ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨਾ॥*

ਇਸ ਵਿਚ ਕਿਸ ਤਰ੍ਹਾਂ ਸਾਫ ਸਾਫ ਪਏ ਦੱਸਦੇ ਹਨ ਕਿ ਹੇ ਮਨ ਤੂੰ ਕਿਸ ਕਿਸ ਨੂੰ ਨਹੀਂ ਡੰਗਿਆ, ਜਪ ਤਪ ਸੰਜਮ ਦੀ ਤੂੰ ਪੇਸ਼ ਨਹੀਂ ਜਾਣ ਦਿੱਤੀ। ਪੰਜਾਂ ਠੱਗਾਂ ਦੇ ਵੱਸ ਪੈ ਕੇ ਤੂੰ ਕੀਹ ਕੀਹ ਦੁੱਖ ਨਹੀਂ ਦਿੱਤੇ। ਦਾਰੂ ਕੀ ਦੱਸਦੇ ਹਨ ਕਿ ਸਤਿਸੰਗ ਕਰੋ ਤੇ ਸਿਮਰਨ ਕਰੋ ਉਸ ਦੇ ਨਾਮ ਦਾ। ਰਹਾਉ ਵਿਚ ਫਿਰ ਸਾਫ ਤੇ ਮਨ ਨੂੰ ਧਿਰਕਾਰ ਦੇਣ ਵਾਲੀ ਬੋਲੀ ਵਿਚ ਅਸੂਲ ਦਸਦੇ ਹਨ – ਇਹ ਮਨ ਖੋਤੇ ਦੀ ਨਿਆਈਂ ਹੈ, ਇਸ ਨੂੰ ਅਗਾੜੀ ਪਿਛਾੜੀ ਬੱਝੀ ਰਹੇ ਤਾਂ ਠੀਕ ਹੈ, ਜੇ ਖੋਹਲੋ ਤਾਂ ਸੁਆਹ ਵਿਚ ਲੇਟੇਗਾ ਤੇ ਆਪਣੇ ਸਿਰ ਬੀ ਪਾਊ ਤੇ ਲੋਕਾਂ ਦੇ ਬੀ, ਤਾਂ ਤੇ ਇਸ ਦੀ ਪਿਛਾੜੀ ਤਦ ਖੁਹਲੋ ਜਦ ਛੱਟ ਉਪਰ ਲੱਦ ਲਵੋ ਤਾਂ।

ਸ਼ਬਦ ਦੀ ਵਿਵਚਨਾ ਤੋਂ ਸਮਝ ਆ ਜਾਂਦੀ ਹੈ ਕਿ ਇਸ ਮਨ ਨੂੰ ਵਾਹਿਗੁਰੂ ਦੇ ਨਾਮ ਨਾਲ ਪਰੋ ਲਓ ਤਾਂ ਇਸ ਨੂੰ ਵਿਆਪੇ ਦੁਖਾਂ ਤੋਂ ਕੋਈ ਖੁਲ੍ਹ ਦਿਓ। ਅਰਥਾਤ ਦੁਖਾਂ ਸੁਖਾਂ ਨਾਲ ਵੇਹੜੇ ਜੀਵਾਂ ਨੂੰ ਪਹਿਲਾਂ ਗੁਰਬਾਣੀ ਦੇ ਪਾਠ ਵਿਚਾਰ ਦੀ ਸੋਝੀ ਦੇ ਕੇ ਨਾਮ ਵਿਚ ਲਾਓ ਤਾਂ ਸਰੀਰਕ ਦੁਖਾਂ ਤੋਂ ਛੁਡਾਓ। ਮਤਲਬ ਇਹ ਕਿ ਸਭ ਤੋਂ ਵੱਡਾ ਉਪਕਾਰ ਦੁੱਖ ਨਵਿਰਤੀ ਦਾ ਉਹ ਹੈ ਜਿਸ ਨਾਲ ਦੁੱਖਾਂ ਦੀ ਜੜ੍ਹ ਕਟ ਜਾਵੇ। **ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ।** ਜੀਵ ਸ਼੍ਰੇਣੀ ਦੇ ਸਾਧੂ ਉਹ ਕੁਛ ਤਾਂ ਨਹੀਂ ਕਰ ਸਕਦੇ ਜੋ ਅਵਤਾਰ ਗੁਰੂ ਕਰ ਸਕਦਾ ਹੈ, ਪਰ ਜੇ ਕਿਸੇ ਸਤਿ ਸਾਧੂ ਨੂੰ ਕਿਸੇ ਦੀ ਕੈਦ ਨਵਿਰਤੀ ਦਾ ਚਾਉ ਆਵੇ ਤਾਂ ਉਸ ਦੁਖੀਏ ਨੂੰ ਬਾਣੀ ਤੇ ਨਾਮ ਵਿਚ ਲਾਵੇ ਤੇ ਦੱਸੇ ਕਿ ਇਹ ਨਾਮ ਆਪ ਦਾ ਦੁੱਖ ਦੂਰ ਕਰੇਗਾ। ਮੇਰੀ ਸਕਤੀ ਨਾਲ ਜੇ ਤੂੰ ਬੀਮਾਰੀ ਤੋਂ ਵਲ ਹੋਣਾ ਹੈ ਤਾਂ ਫੇਰ ਦੁਖ ਵਿਚ ਫਸੇਂਗਾ ਤੇ ਜੇ ਉਹ ਸ਼ਕਤੀ, ਜੋ ਤੂੰ ਮੇਰੇ ਵਿਚ ਸਮਝਦਾ ਹੈਂ, ਤੂੰ ਆਪ ਲੈ ਲਵੇਂ ਤਾਂ ਤੂੰ ਆਪ ਵੈਦੰਗੀ ਸਿੱਖ ਗਿਆ, ਸੋ ਤੂੰ ਬਾਣੀ ਤੇ ਨਾਮ ਵਿਚ ਲੱਗ।

ਭਾਈ! ਉਪਕਾਰ ਕਰੋ, ਸੇਵਾ ਕਰੋ, ਜਗਤ ਦੁਖੀ ਹੈ, ਅਧਿਕਾਰ ਪਛਾਨਣੇ ਕਠਨ ਹਨ, ਜਿਸ ਦਾ ਭਲਾ ਕਰਨ ਨੂੰ ਚਿੱਤ ਕਰੇ ਉਸ ਨੂੰ ਰੱਬ ਦੇ ਰਸਤੇ ਲਾ ਦਿਓ। ਇਸ ਨਾਲ ਉਸ ਦਾ ਮਨ ਸੁਧਰੇਗਾ, ਵੀਚਾਰ ਵਧੇਗੀ, ਸਾਂਈ ਨਾਲ ਨੇਹੁੰ ਲੱਗੇਗਾ। ਦੁੱਖ ਆਪੇ ਦੂਰ ਹੋਣਗੇ। ਜੋ ਕੁਛ ਸਰ ਬਣ ਆਵੇ ਭਲਾ ਕਰ ਦਿਓ। ਭਲਾ ਕਰੋ ਪਰ ਸਾਂਈ ਦਾ ਹੁਕਮ ਜਾਣ ਕੇ, ਹਉਂ ਧਾਰ ਕੇ ਨਾ ਕਰੋ। ਹੁਕਮ ਵਿਚ ਕੀਤੇ ਕੰਮ ਹਉਂ ਨਹੀਂ ਪੈਣ ਦਿੰਦੇ ਤੇ ਉਨ੍ਹਾਂ ਦਾ ਫਲ ਮਾੜਾ ਬੀ ਨਹੀਂ ਲਗਦਾ, ਬਾਕੀ ਗੁਰੂ ਕੀ ਗਤਿ ਗੁਰੂ ਜਾਣੇ, ਜੋ ਕੁਝ ਸਮਝੇ ਆਇਆ ਹੈ ਕਹਿ ਦਿੱਤਾ ਹੈ। ਜੀਵ ਭੁੱਲਣਹਾਰ ਹੈ, ਗੁਰੂ ਬਖਸ਼ੇ।

ਭਗਤ ਸਿੰਘ - ਅਤਿ ਮਿਹਰ ਹੋਈ ਹੈ। ਨਾਮ ਜਪਣਾ ਸਾਡਾ ਪਹਿਲਾ ਧਰਮ ਹੈ। ਆਪ ਜਪ ਕੇ ਹੋਰਨਾਂ ਨੂੰ ਜਪਾਉਣਾ ਇਹ ਗੁਰੂ ਦਾ ਹੁਕਮ ਹੈ, ਹੁਕਮ ਸਮਝ ਕੇ ਕਾਰ ਕਰਨੀ ਮੁਕਤ ਰੂਪ ਹੈ। ਭਲਾ ਕਰਨਾ ਸਿੱਖ ਦਾ ਸੁਭਾਵ ਹੈ। ਇਹ ਭੀ ਹੁਕਮ ਸਮਝ ਕੇ ਕਰਨਾ ਹੈ। ਜੇ ਦੁਖ ਸੁਖ ਆਉਣ ਇਹ ਭੀ ਹੁਕਮ ਸਮਝਣੇ ਹਨ। ਇਹ ਹੈ ਜੀ ਸਾਰ ਸ੍ਰੀ ਜੀ ਦੇ ਕਥਨ ਦਾ?

ਸੰਤ - ਇਹੋ ਗੁਰੂ ਦੀ ਆਗਯਾ ਸਮਝੇ ਪੈਂਦੀ ਹੈ।

ਪ੍ਰੇਮ ਸਿੰਘ - ਮੇਰੀ ਇਕ ਹੋਰ ਬੇਨਤੀ ਹੈ, ਇਹ ਜੋ ਕੁਛ ਆਪ ਜੀ ਨੇ ਮੇਹਰ ਕੀਤੀ ਹੈ ਇਹੋ ਪ੍ਰਸੰਗ ਤੇ ਇਹੋ ਸਾਰਾ ਗੁਰਮਤਿ ਦਾ ਅਸੂਲ ਨਿਰੂਪਣ ਜੋ ਆਪ ਨੇ ਹੁਣ ਕੀਤਾ ਹੈ, ਇਹੋ ਇਸ ਗੁਰਪੁਰਬ ਦੀ ਕਥਾ ਰੱਖ ਲਵੋ ਤਾਂ ਕੇਡਾ ਚੰਗਾ ਹੋਵੇ ਕਿ ਜੋ ਸੁਖ ਸਾਨੂੰ ਦੋਹਾਂ ਨੂੰ ਅੱਜ ਪ੍ਰਾਪਤ ਹੋਇਆ ਹੈ ਸਾਰੀ ਸੰਗਤ ਨੂੰ ਪ੍ਰਾਪਤ ਹੋ ਜਾਵੇ।

ਸੰਤ ਬਿਮਲਾ ਸਿੰਘ - ਸਤਿ ਬਚਨ, ਗੁਰੂ ਕੇ ਹੁਕਮ ਵਿਚ ਇਸੇ ਤਰ੍ਹਾਂ ਹੋ ਜਾਵੇਗਾ।

ਭਗਤ ਸਿੰਘ - ਫੇਰ ਆਪ ਕਦੋਂ ਕ੍ਰਿਪਾ ਕਰੋਗੇ?

ਸੰਤ - ਆਪ ਹੁਣ ਆਰਾਮ ਕਰ ਲਓ ਤੇ ਫੇਰ ਚਾਲੇ ਪੈ ਜਾਓ। ਇਹ ਸਰੀਰ ਗੁਰਪੁਰਬ ਤੋਂ ਤ੍ਰੈ ਦਿਨ ਪਹਿਲਾਂ ਸਾਧ ਸੰਗਤ ਵਿਚ ਆ ਜਾਵੇਗਾ।

ਭਗਤ ਸਿੰਘ - ਜੇ ਮੈਂ ਅੱਜ ਦੀ ਸਾਰੀ ਵਾਰਤਾ ਲਿਖ ਛੋੜਾਂ ਤੇ ਆਪ ਦੇ ਆਯਾਂ ਤੇ ਸੁਣਾ ਕੇ ਸੋਧ ਲਵਾਂ ਤਾਂ ਗੁਰਪੁਰਬ ਦੇ ਸਮੇਂ ਤੋਂ ਪਹਿਲਾਂ ਛਾਪ ਕੇ ਸੰਗਤਾਂ ਵਿਚ ਘੱਲ ਦੇਵੀਏ ਤਾਂ ਇਸ ਦਾ ਲਾਭ ਵਧੇਰੇ ਦਾਇਰੇ ਵਿਚ ਹੋ ਜਾਵੇ।

ਸੰਤ ਬਿਮਲਾ ਸਿੰਘ ਜੀ - ਜਿਵੇਂ ਰੁਚੇ ਕਰ ਲਓ, ਇਹ ਸਰੀਰ ਫਿਰ ਤੁਸਾਂ ਪਾਸ ਕੁਛ ਦਿਨ ਹੋਰ ਪਹਿਲੇ ਆ ਜਾਏਗਾ। ਪਰ ਪ੍ਰੇਮੀਓ, ਇਸ ਸਰੀਰ ਨੇ ਕੀ ਆਖਿਆ ਹੈ ਇਹ ਤਾਂ ਗੁਰ ਕੀ ਬਾਣੀ ਦੱਸੀ ਹੈ ਤੇ ਗੁਰੂ ਇਤਿਹਾਸ। ਸਾਡਾ ਇਸ ਵਿਚ ਕੀ ਹੈ ਦੰਮ ਲੱਗਣ ਪਾਤਸ਼ਾਹਾਂ ਦੇ ਸਾਬੂਣਗਰਾਂ ਦਾ ਨਾਉ। ਹਾਂ ਇਹ ਸੰਭਵ ਹੈ ਕਿ ਇਸ ਸਰੀਰ ਤੋਂ ਸਮਝਣ ਤੇ ਸਮਝਾਉਣ ਵਿਚ ਕਈ ਭੁੱਲਾ ਹੋਈਆਂ ਹੋਣ! ਗੁਰੂ ਕੀ ਗਤਿ ਗੁਰੂ ਜਾਣੇ।

ਭਗਤ ਸਿੰਘ - ਆਪ ਨੂੰ ਐਸਾ ਕਥਨ ਹੀ ਸ਼ੋਭਦਾ ਹੈ। ਆਪ ਹੋਏ ਜੋ ਗੁਰੂ ਹੁਕਮ ਨੂੰ ਬਜਾਵਣਹਾਰ, ਗੁਰੂ ਕੇ ਸੰਵਾਰੇ, ਚਿੱਤ ਕਰਦਾ ਹੈ ਸੁਹਣੀ ਜਿਹੀ ਕੋਈ ਕੁਟੀ ਆਪ ਲਈ ਬਣਾ ਕੇ ਆਪ ਨੂੰ ਓਥੇ ਟਿਕਾ ਦੇਈਏ। ਆਪ ਦਾ ਇਹ ਨਿਰਜਨ ਰਹਿਣਾ ਤੇ ਨਿਰ ਟਿਕਾਣੇ ਵਿਚਰਨਾ ਹਟ ਜਾਵੇ।

ਸੰਤ - ਭਾਈ! ਗੁਰੂ ਕੇ ਪਿਆਰੇ, ਗ੍ਰਿਹਸਤ ਵਿਚ, ਡੇਰਿਆਂ ਵਿਚ, ਅਖਾੜਿਆਂ ਤੇ ਟਿਕਾਣਿਆਂ ਧਰਮਸਾਲਾਂ ਵਿਚ, ਗੁਰਧਾਮਾਂ, ਤਖਤ ਸਾਹਿਬਾਂ ਵਿਚ ਅਨੇਕਾਂ ਚੰਗੇ ਤੋਂ ਚੰਗੇ ਗੁਰਮੁਖ, ਸੰਤ ਗੁਰ ਸਿੱਖ ਬੈਠੇ ਹਨ। ਇਕ ਇਸ ਸਰੀਰ ਨੂੰ ਰਹਿਣ ਦਿਓ ਖੁਲ੍ਹਾ। ਨਾ ਘਰ, ਨਾ ਗਿਰਾਂ, ਨਾ ਡੇਰਾ, ਨਾ ਸਥਾਨ, ਸਾਧ ਸੰਗਤ ਇਸ ਸਰੀਰ ਦਾ ਰਹੇ ਟਿਕਾਣਾ ਤੇ ਟੇਕ, ਨਾਮ ਰਹੇ ਜੀਅ ਕਾ ਆਧਾਰ, ਏਕਾਂਤ ਰਹੇ ਇਸਦੀ ਦਵਾ ਦਾਰੂ, ਨਿਰਲੇਪਤਾ ਰਹੇ ਇਸ ਦੀ ਰਾਖੀ ਦਾਈ ਤੇ ਸਾਧ ਸੰਗਤ ਦੀ ਸੇਵਾ ਗੁਰੂ ਦੇ ਹੁਕਮ ਵਿਚ ਇਸ ਤੋਂ ਨਿਰਇੱਛਤ ਨਿਕਲ ਰਹੀ ਗੁਰੂ ਕੀ ਬਖਸ਼ੀ ਸੁਗੰਧੀ। ਐਉਂ ਬੀਤ ਜਾਣ ਦਿਨ ਜੋ ਸੰਸਾਰ ਵਿਚ ਬਖਸ਼ੇ ਹਨ ਵਾਹਿਗੁਰੂ ਜੀ ਨੇ। ਸਾਨੂੰ ਬੰਦੇ ਨਾ ਪਾਓ। ਲਓ ਹੁਣ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ। ਤੁਸੀਂ ਪ੍ਰਸ਼ਾਦ ਛਕੋ, ਆਰਾਮ ਕਰੋ ਤੇ ਅਸੀਂ ਜਾਣਾ ਹੈ ਜ਼ਰਾ ਕੁਛ ਦੋ ਚਾਰ ਮੀਲ ਤੇ ਅੱਗੇ।

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਸ਼ਲੋਕ ਦਸਵਾਂ

ਮਜ਼ਹਬ ਦੀਆਂ ਗਤੀਵਿਧੀਆਂ ਜਨਤਾ ਦੀਆਂ ਉਪਕਾਰ ਕਰਨ ਦੀਆਂ ਯੋਜਨਾਵਾਂ ਅਤੇ ਆਮ ਅਗਿਆਨੀ ਲੋਕ ਉਨ੍ਹਾਂ ਵਿਚ ਹੀ ਰਹਿ ਜਾਂਦੇ ਹਨ। ਉਹ ਉਤਮ ਸਤਿ ਤਕ ਨਹੀਂ ਪਹੁੰਚਦੇ। ਚੰਗੇ ਕੰਮ ਦੇ ਫਲ ਭੋਗ ਕੇ ਉਹ ਸਵਰਗ ਵਿਚੋਂ ਫੇਰ ਧਰਤੀ ਤੇ ਨੀਵੀਂ ਪੱਧਰ ਦੀ ਹੋਂਦ ਦੇ ਜੀਵਨ ਵਿਚ ਆ ਜਾਂਦੇ ਹਨ।

ਇਸ ਸਲੋਕ ਦੀ ਆਰੰਭ 'ਇਸ਼ਤ ਪਰਤਾ' ਤੋਂ ਆਰੰਭ ਹੁੰਦੀ ਹੈ, ਇਸ਼ਤ ਪਰਤਾਂ ਤੋਂ ਭਾਵ ਹੈ ਸਾਰੇ ਕਰਮ (ਅਗਨੀ ਦੀ ਰਸਮ ਵਿਚ ਆਉਂਦੀ ਹੈ) ਜਿਹੜਾ ਇਕ ਸੰਸਾਰਕ ਮਨੁੱਖ ਕਰਦਾ ਹੈ। ਵੇਦ ਪੜ੍ਹਨੇ ਜਾਨਣੇ ਵੀ ਇਸ ਵਿਚ ਮੰਨੇ ਜਾਂਦੇ ਹਨ। 'ਪਰਤਾਂ' ਤੋਂ ਭਾਵ ਹੈ ਲੋਕ ਭਲਾਈ ਦੇ, ਜਨ ਭਲਾਈ ਦੇ ਕੰਮ, ਪਰ ਇਨ੍ਹਾਂ ਕੰਮਾਂ ਦਾ ਫਲ ਤਾਂ ਹੈ ਜੇ ਇਹ ਨਿਰ-ਸੁਆਰਥ ਹੋ ਕੇ ਕੀਤੇ ਜਾਣ ਤੇ ਲੋਕ ਭਲਾਈ ਲਈ ਹੋਣ। ਉਨ੍ਹਾਂ ਦੀ ਭਲਾਈ ਲਈ ਜਿਨ੍ਹਾਂ ਨੂੰ ਲੋੜ ਹੈ ਉਨ੍ਹਾਂ ਦੀ ਸੇਵਾ ਕੀਤੀ ਜਾਵੇ।

ਜੇ ਇਹੋ ਜਿਹੇ ਪ੍ਰਸੰਸਾ ਯੋਗ ਕਰਮ, ਗੁਣਵਾਨ ਕਰਮ, ਨਿਰ-ਸੁਆਰਥ ਹੋ ਕੇ ਕੀਤੇ ਜਾਣ ਤਾਂ ਇਹ ਮਨੁੱਖ ਨੂੰ ਸਵਰਗੀ ਸੁੱਖ ਦਿੰਦੇ ਹਨ। ਸਵਰਗ ਦਾ ਅਨੰਦ ਦਿੰਦੇ ਹਨ ਪਰ ਇਥੇ ਇਹ ਦੱਸ ਦੇਣਾ ਅਵੱਸ਼ਕ ਹੈ ਕਿ ਸਾਰੇ ਸੰਸਾਰਕ ਸੁਖ ਅਨੰਦ ਤੇ ਸਾਰੇ ਸਵਰਗ ਦੇ ਸੁਖ ਅਨੰਦ ਕੇਵਲ ਛਿਨ ਭੰਗਰ ਹੀ ਹੁੰਦੇ ਹਨ। ਜਿਹੜੇ ਲੋਕ ਸਿਆਣੇ ਨਹੀਂ ਹਨ, ਅਗਿਆਨੀ ਹਨ ਜਿਨ੍ਹਾਂ ਨੇ ਛਿਨਭੰਗਰ ਨੂੰ ਤੇ ਸਥਾਈ ਸੁਖ ਅਨੰਦ ਦਾ ਵਿਸ਼ਲੇਸ਼ਨ ਨਹੀਂ ਕੀਤਾ ਉਹ ਸੋਚਦੇ ਹਨ ਕਿ ਇਹ ਲੋਕ ਭਲਾਈ ਦੇ ਕੰਮ ਉਨ੍ਹਾਂ ਨੂੰ ਅਗਿਆਨ ਤੋਂ ਛੁਟਕਾਰਾ ਦੁਆ ਦੇਣਗੇ।

ਮੂਰਖ ਤਾਂ ਅਗਿਆਨ ਦੇ ਛਲ ਵਿਚ ਲਿਪਟਿਆ, ਪਰਿਵਾਰ ਦੇ ਮੋਹ ਤੇ ਪਦਾਰਥਾਂ ਦੇ ਮੋਹ ਵਿਚ ਫਸਿਆ ਰਹਿੰਦਾ ਹੈ ਤੇ ਸੋਚਦਾ ਹੈ ਕਿ ਜਨ ਭਲਾਈ ਦੇ ਕੰਮ ਉਸ ਨੂੰ ਅਗਿਆਨ ਤੋਂ ਮੁਕਤ ਕਰ ਦੇਣਗੇ। ਜਿਨ੍ਹਾਂ ਨੇ ਆਪਣਾ ਉਦੇਸ਼ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਰਖ ਲਿਆ ਹੈ।। ਉਹ ਵਾਸਤਵ ਸਤਿ ਨੂੰ ਨਹੀਂ ਜਾਣਦੇ। ਉਹ ਸਤਿ ਜਿਹੜਾ ਉਨ੍ਹਾਂ ਨੂੰ ਚਿਰ ਸਥਾਈ ਅਨੰਦ ਦੇ ਸਕਦਾ ਹੈ। ਉਤਮ ਤੇ ਅੰਤਮ ਅਨੰਦ ਕੇਵਲ ਆਤਮ ਗਿਆਨ ਵਿਚ ਹੈ। ਉਸ ਆਤਮ ਵਿਚ ਜਿਹੜਾ ਸਭ ਦਾ ਹੈ।

ਸੰਸਾਰ ਦਾ ਨਿਯਮ ਹੈ ਕਿ ਤੁਸੀਂ ਕਰਮ ਕੀਤੇ ਬਿਨਾਂ ਸੰਸਾਰ ਵਿਚ ਰਹਿ ਹੀ ਨਹੀਂ ਸਕਦੇ। ਮਨੁੱਖੀ ਕਰਮਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ - ਚੰਗੇ, ਭੈੜੇ ਤੇ ਦੋਨਾਂ ਦਾ ਮਿਸ਼ਰਨ। ਜੇ ਕੋਈ ਚੰਗੇ ਕਰਮ ਕਰਦਾ ਹੈ ਉਸ ਨੂੰ ਚੰਗੇ ਫਲ ਮਿਲਦੇ ਹਨ ਤੇ ਉਹ ਸੰਸਾਰ ਵਿਚ ਆਰਾਮ ਦੇਹ ਜੀਵਨ ਬਤੀਤ ਕਰਦਾ ਹੈ। ਜੇ ਬੁਰੇ ਕਰਮ ਵਧੇਰੇ ਹੁੰਦੇ ਹਨ ਤਾਂ ਤੁਸੀਂ ਉਦਾਸੀਨ ਰਹਿੰਦੇ ਹੋ, ਨਖੇਦੀ ਦੇ ਵਿਚਾਰਾਂ ਵਿਚ ਘਿਰੇ ਰਹਿੰਦੇ ਹੋ, ਦੁਖ ਸੰਤਾਪ ਵਿਚ ਘਿਰੇ ਰਹਿੰਦੇ ਹੋ, ਜਿਹੜੇ ਕਿ ਤੁਹਾਡੀਆਂ ਆਪਣੀਆਂ ਇਛਾਵਾਂ ਦੇ ਕਾਰਣ ਹੈ ਤੇ ਆਪਣੇ ਕਰਮਾਂ ਨਾਲ ਹੈ। ਸਾਰੇ ਕਾਰਜ, ਕਰਮ ਦੋਨੋਂ ਹੀ ਤਰ੍ਹਾਂ ਦੇ ਹੁੰਦੇ ਹਨ। ਉਨ੍ਹਾਂ ਕੋਲ ਇਹ ਅਵਸਰ ਹੁੰਦਾ ਹੈ ਕਿ ਉਹ ਅਧਿਆਤਮਕ ਪੱਖੋਂ ਜਾਣੂ ਹੋ ਸਕਣ।

ਗ੍ਰੰਥਾਂ ਵਿਚ ਦੱਸਿਆ ਹੈ ਕਿ ਮਾੜੇ ਕਰਮ ਕਰਕੇ ਅਸੀਂ ਪਸ਼ੂਆਂ ਦੀ ਜੂਨ ਵਿਚ ਜਾਂਦੇ ਹੋ। ਚੰਗੇ ਕਰਮ ਕਰਕੇ ਤੁਸੀਂ ਆਤਮ ਮਾਰਗ ਤੇ ਚਲਦੇ ਹੋ ਤੇ ਮਿਲੇ ਜੁਲੇ ਕਰਮ ਕਰਕੇ ਤੁਸੀਂ ਮਨੁੱਖੀ ਜੂਨ ਵਿਚ ਆਉਂਦੇ ਰਹਿੰਦੇ ਹਨ। ਅਗਿਆਨ ਦੇ ਅੰਦਰ ਕੀਤਾ ਪੂਜਾ ਪਾਠ ਅਯੋਗ ਮੰਨਿਆ ਗਿਆ ਹੈ। ਇਸੇ ਤਰ੍ਹਾਂ ਹੀ ਮਨੁੱਖ ਭਲਾਈ ਲਈ ਕੀਤੇ ਸੁਆਰਥੀ ਕਾਰਜ ਵੀ ਨਖੇਦੇ ਜਾਂਦੇ ਹਨ, ਆਤਮ ਗਿਆਨ ਨੂੰ ਹੀ ਉਚਾ ਸੁੱਚਾ ਮੰਨਿਆ ਜਾਂਦਾ ਹੈ।

ਜਿਹੜੇ ਲੋਕੀ ਮਨੁੱਖ ਭਲਾਈ ਦੇ ਕੰਮ ਕਿਸੇ ਲਾਲਚ ਲਗ ਕੇ ਕਰਦੇ ਹਨ, ਆਪਣਾ ਨਾਮ ਉਚਾ ਕਰਨ ਲਈ ਆਪਣੀ ਪ੍ਰਭਤਾ ਲਈ ਕਰਦੇ ਹਨ, ਉਹ ਬਾਅਦ ਵਿਚ ਆਪਣੇ ਆਪ ਨੂੰ ਪਾਪੀ ਮਹਿਸੂਸ ਕਰਦੇ ਹਨ, ਉਤੋਂ ਭਾਵੇਂ ਉਹ ਜੋ ਮਰਜ਼ੀ ਕਹਿਣ ਪਰ ਮਨ ਅਸ਼ਾਂਤ ਹੀ ਹੁੰਦਾ ਹੈ, ਉਤੋਂ ਉਹ ਆਪਣੀਆਂ ਸਿਫਤਾਂ ਨਾਲ ਭਾਵੇਂ ਪ੍ਰਸੰਨ ਹੋਣ।

ਭਾਵੇਂ ਕਿੰਨੇ ਹੀ ਚੰਗੇ ਉਚੇ ਸੁੱਚੇ ਕਰਮ ਕੀਤੇ ਜਾਣ ਇਹ ਅੰਦਰ ਦਾ ਦਰਦ ਦੁਖ ਨਹੀਂ ਮਿਟਾ ਸਕਦੇ, ਅੰਦਰ ਪਈਆਂ ਦਰਾੜਾਂ ਨਹੀਂ ਭਰ ਸਕਦੇ, ਪਰ ਮਨੁੱਖ ਬਾਹਰ ਦੀ ਦੁਨੀਆਂ ਵਿਚ ਭਾਵੇਂ ਜਿਵੇਂ ਮਰਜ਼ੀ ਵਿਚਰੇ ਅੰਤਰ ਆਤਮਾ ਤਾਂ ਦੁਖੀ ਹੀ ਰਹਿੰਦੀ ਹੈ। ਦਵੰਦ ਦੇ ਵਿਚਾਰਾਂ ਨਾਲ ਕਰਮਾਂ ਨਾਲ ਕਦੀ ਵੀ ਮਨੁੱਖ ਆਰਾਮ ਵਿਚ ਨਹੀਂ ਰਹਿ ਸਕਦਾ। ਮਨੁੱਖ ਭਲਾਈ ਦੇ ਕੰਮ ਜਿਹੜੇ ਕੇਵਲ ਹਉਮੈ ਨੂੰ ਵਧਾ ਦੇਣ ਲਈ ਕੀਤੇ ਜਾਂਦੇ ਹਨ ਉਹ ਕਦੀ ਵੀ ਨਾ ਤਾਂ ਸ੍ਰੇਸ਼ਟ ਸਮਝੇ ਜਾਂਦੇ ਹਨ ਤੇ ਨਾ ਹੀ ਕਦੀ ਉਨ੍ਹਾਂ ਨੂੰ ਮਿਸਾਲ ਵਜੋਂ ਦੇਖਣਾ ਚਾਹੀਦਾ ਹੈ।

ਹਾਂ, ਜੇਕਰ ਮਨੁੱਖ ਭਲਾਈ ਦਾ ਕੰਮ ਹਉਮੈ ਨੂੰ ਸਾਧਣ ਲਈ ਕੀਤਾ ਜਾਵੇ ਹਉਮੈ ਦੀ ਸਮੱਸਿਆ ਦੇ ਸਮਾਧਾਨ ਲਈ ਕੀਤਾ ਜਾਵੇ, ਉਸ ਨਾਲ ਮਨੁੱਖ ਦੀ ਜਾਗ੍ਰਤੀ ਵਧਦੀ ਹੈ। ਪਰ ਕੋਈ ਵੀ ਕਰਮ ਐਸਾ ਨਹੀਂ ਹੈ ਜਿਹੜਾ ਮਨੁੱਖ ਨੂੰ ਮੁਕਤੀ ਤਕ ਲੈ ਜਾਵੇ। ਕਰਮ ਤੇ ਗਿਆਨ ਮਨੁੱਖੀ ਜੀਵਨ ਦੇ ਦੋ ਵਿਪਰੀਤ ਸਿਰੇ ਹਨ ਇਨ੍ਹਾਂ ਦੋ ਸਿਰਿਆਂ ਦੇ ਵਿਚ ਦੀ ਰੇਖਾ ਨੂੰ ਜੀਵਨ ਰੇਖਾ ਕਹਿੰਦੇ ਹਨ। ਕੇਵਲ ਗਿਆਨ ਹੀ ਮੁਕਤੀ ਦਾ ਸਾਧਨ ਹੈ।

ਨਿਸੁਆਰਥ ਸੇਵਾ ਕੇਵਲ ਉਹ ਹੀ ਕਰ ਸਕਦੇ ਹਨ ਜਿਹੜੇ ਜਾਗ੍ਰਿਤ ਹਨ ਜਿਨ੍ਹਾਂ ਦੇ ਅੰਦਰ ਗਿਆਨ ਪ੍ਰਕਾਸ਼ਤ ਹੋ ਚੁੱਕਾ ਹੈ ਜਿਹੜੇ ਸੰਸਾਰਕ ਜ਼ਿੰਮੇਵਾਰੀਆਂ ਪੂਰੀਆਂ ਕਰ ਚੁੱਕੇ ਹਨ ਜਿਹੜੇ ਜਾਗ੍ਰਿਤੀ ਦੇ ਮਾਰਗ ਤੇ ਚੱਲ ਰਹੇ ਹਨ, ਜਿਨ੍ਹਾਂ ਨੂੰ ਇਹ ਗਿਆਨ ਹੋ ਗਿਆ ਹੈ ਕਿ ਕੇਵਲ ਕਰਮ ਹੀ ਮੁਕਤੀ ਪ੍ਰਾਪਤੀ ਲਈ ਕਾਫੀ ਨਹੀਂ, ਮੁਕਤੀ ਦਾ ਰਾਹ ਕੇਵਲ ਗਿਆਨ ਹੀ ਹੈ। ਜਦੋਂ ਘੁਮਿਆਰ ਭਾਂਡਾ ਬਣਾ ਚੁਕਦਾ ਹੈ, ਚੱਕਾ ਤਾਂ ਵੀ ਥੋੜ੍ਹੀ ਦੇਰ ਚਲਦਾ ਰਹਿੰਦਾ ਹੈ, ਪਰ ਐਸਾ ਘੁਮਿਆਰ ਨਹੀਂ ਕਰ ਰਿਹਾ ਉਹ ਤਾਂ ਆਪੇ ਹੀ ਹੋ ਰਿਹਾ ਹੈ। ਘੁਮਿਆਰ ਨੂੰ ਉਸ ਨਾਲ ਕੋਈ ਮਤਲਬ ਨਹੀਂ, ਇਸੇ ਤਰ੍ਹਾਂ ਜੋ ਕਰਮ ਰਿਸ਼ੀ ਮੁਨੀ ਕਰਦੇ ਹਨ ਉਹ ਉਨ੍ਹਾਂ ਦੇ ਅਧਿਆਤਮਕ ਅਭਿਆਸ ਤੇ ਕੋਈ ਪ੍ਰਭਾਵ ਨਹੀਂ ਪਾਉਂਦੇ। ਇਹ ਕਰਮ ਆਤਮ ਮਾਰਗ ਤੇ ਕੇਵਲ ਇਕ ਸਾਧਨ ਬਣ ਜਾਂਦੇ ਹਨ।

## ਸਲੋਕ ਗਿਆਰ੍ਹਾਂ

ਇਕਾਂਤ ਵਿਚ ਰਹਿ ਕੇ, ਜੋ ਕੁਝ ਵੀ ਖਾਣ ਨੂੰ ਮਿਲੇ ਉਸ ਵਿਚ ਸਬਰ ਕਰਕੇ, ਪੂਰੇ ਅਨੁਸਾਸ਼ਨ ਵਿਚ ਰਹਿ ਕੇ ਤਪ ਕਰਕੇ, ਪੂਰਾ ਭਰੋਸਾ ਰੱਖ ਕੇ, ਗਿਆਨੀ ਪੁਰਖ, ਸਥਿਰ ਰਹਿ ਕੇ, ਸਵੱਛ ਪਵਿੱਤਰ ਮਨ ਨਾਲ ਇਹ ਸੂਰਜ ਦੇ ਦਰ ਤੋਂ ਅੰਦਰ ਜਾਂਦੇ ਹਨ, ਉਥੇ ਜਿਥੇ ਅਜਰ, ਅਮਰ, ਅਟੱਲ ਨਿਰੰਕਾਰ ਦਾ ਵਾਸਾ ਹੈ, ਅਕਾਲ ਪੁਰਖ ਦਾ ਵਾਸਾ ਹੈ।

ਸਭ ਤੋਂ ਵੱਧ ਵਡਭਾਗੀ ਉਹ ਹਨ ਜਿਹੜੇ ਜੰਗਲਾਂ ਵਿਚ ਵਸਦੇ ਹਨ। ਆਤਮ ਮਾਰਗ ਤੇ ਚਲਦੇ ਹਨ ਪੂਰੀ ਮਰਿਆਦਾ ਵਿਚ ਅਨੁਸਾਸ਼ਨ ਵਿਚ ਰਹਿੰਦੇ ਹਨ, ਮਨ, ਕਥਨੀ ਕਰਨੀ ਤੇ ਪੂਰਾ ਅਨੁਸਾਸ਼ਨ ਹੈ, ਉਹ ਅਤਿ ਸ਼ਾਂਤ ਹਨ, ਉਹ ਆਪਣਾ ਸਮਾਂ ਮੈਡੀਟੇਸ਼ਨ ਭਜਨ ਸਿਮਰਨ ਵਿਚ ਹੀ ਲਗਾਉਂਦੇ ਹਨ, ਮੈਡੀਟੇਸ਼ਨ ਵਿਚ ਹੀ ਜੀਵਨ ਬਤੀਤ ਕਰਦੇ ਹਨ, ਬੜੀ ਵਿਧੀ ਪੂਰਵਕ ਮੈਡੀਟੇਸ਼ਨ ਕਰਦੇ ਹਨ ਅੰਤ ਵਿਚ ਸੂਰਜ ਦੇ ਦਰ ਤੋਂ ਨਿਰੰਕਾਰ ਕੋਲ ਪਹੁੰਚਦੇ ਹਨ ਜਿਥੇ ਅਬਿਨਾਸ਼ੀ ਦਾ ਵਾਸਾ ਹੈ।

ਇਹੋ ਜਿਹੇ ਮਹਾਂਪੁਰਖ ਹਰ ਪੱਖ ਤੋਂ ਮੁਕਤ ਹੁੰਦੇ ਹਨ ਉਨ੍ਹਾਂ ਦੀਆਂ ਸਾਰੀਆਂ ਔਕੜਾਂ ਖਤਮ ਹੋ ਜਾਂਦੀਆਂ ਹਨ ਤੇ ਉਹ ਚਾਨਣੇ ਰਾਹ ਤੇ ਤੁਰਦੇ ਹਨ ਤੇ ਉਹ ਆਪਣੇ ਚਰਨਾਂ ਦੇ ਚਿੰਨ ਦੂਸਰਿਆਂ ਲਈ ਛੱਡ ਦਿੰਦੇ ਹਨ ਤਾਂ ਜੋ ਜਗਿਆਸੂ ਲੋਕ ਉਨ੍ਹਾਂ ਚਿੰਨਾਂ ਤੇ ਚੱਲ ਸਕਣ। ਇਸ ਕਰਕੇ ਕਹਿੰਦੇ ਹਨ, Mahaino yeno galtah Sa pantna ਮਹਾਂਪੁਰਸ਼ਾਂ ਦਾ ਰਿਸ਼ੀਆਂ ਮੁਨੀਆਂ ਦੇ ਮਾਰਗ ਤੇ ਚਲੋ ਉਹ ਆਪਣੇ ਪੱਦ ਚਿੰਨ ਛੱਡ ਗਏ ਹਨ।

ਸੰਸਾਰਕ ਡਿਊਟੀਆਂ ਪੂਰੀਆਂ ਕਰਕੇ ਗਿਆਨੀ ਪੁਰਖ ਆਪਣਾ ਸਮਾਂ ਤੇ ਸਕਤੀ ਜੰਗਲਾਂ ਵਿਚ ਰਹਿ ਕੇ ਲਗਾਉਂਦੇ ਹਨ, ਉਸ ਨੂੰ ਬਾਨ ਪ੍ਰਸਤ ਕਿਹਾ ਜਾਂਦਾ ਹੈ। ਇਹ ਜੀਵਨ ਦੀ ਤੀਸਰੀ ਪੌੜੀ ਮੰਨੀ ਜਾਂਦੀ ਹੈ। ਇਸ ਸਮੇਂ ਸੁਆਰਥੀ ਕਰਮ ਛੱਡ ਦਿਤੇ ਜਾਂਦੇ ਹਨ, ਨਿਰ-ਸੁਆਰਥ ਹੋ ਕੇ ਕਰਮ ਕੀਤੇ ਜਾਂਦੇ ਹਨ। ਜਦੋਂ ਇੰਦ੍ਰੀਆਂ ਸ਼ਾਂਤ ਮਨ ਨੂੰ ਅਸ਼ਾਂਤ ਨਹੀਂ ਕਰਦੀਆਂ, ਉਸ ਸਮੇਂ ਅੰਤਰ ਸਥਿਰਤਾ ਦਾ ਅਭਾਸ ਹੁੰਦਾ ਹੈ।

ਵੇਦਾਂ ਤੇ ਉਪਨਿਸ਼ਦਾਂ ਵਿਚ ਬਹੁਤ ਸਾਰੇ ਨਿਯਮ ਤੇ ਸੂਤਰ ਦਿਤੇ ਹਨ ਜਿਹੜੇ ਤੀਸਰੀ ਤੇ ਚੌਥੀ ਅਵਸਥਾ ਦਾ ਪੂਰਾ ਵਰਨਣ ਕਰਦੇ ਹਨ। ਸੱਚੇ ਜਗਿਆਸੂ ਕੋਲ ਐਨਾ ਸਮਾਂ ਹੁੰਦਾ ਹੈ ਕਿ ਉਹ ਭਜਨ ਸਿਮਰਨ ਕਰੇ ਵਿਧੀ ਪੂਰਵਕ ਮੈਡੀਟੇਸ਼ਨ ਕਰਕੇ ਗਿਆਨ ਦੀ ਅਗਨੀ ਪ੍ਰਵਜੂਲਤ ਕਰੇ ਤਾਂ ਜੋ ਉਹ ਆਪਣੇ ਸਾਰੇ ਚੰਗੇ ਮਾੜੇ ਸੰਸਕਾਰ ਉਸ ਅਗਨੀ ਵਿਚ ਅਹੂਤੀ ਵਜੋਂ ਪਾ ਸਕੇ। ਇਸ ਮਾਰਗ ਨੂੰ (devayana) ਰੋਸ਼ਨੀ ਦਾ ਮਾਰਗ, ਚਾਨਣ ਮਾਰਗ ਕਿਹਾ ਜਾਂਦਾ ਹੈ। ਇਹ ਸਭ ਤੋਂ ਉਤਮ ਤੇ ਉਚਾ ਸਵਰਗ ਮੰਨਿਆ ਜਾਂਦਾ ਹੈ, ਸਾਰੇ ਵਿਸ਼ਵ ਵਿਚ ਇਸ ਤੋਂ ਉਪਰ ਕੁਝ ਨਹੀਂ। ਜਿਹੜਾ ਪੁਰਖ ਉਥੇ ਪਹੁੰਚ ਜਾਂਦਾ ਹੈ ਉਹ ਅਜਰ ਬ੍ਰਹਮਾ ਨੂੰ ਪ੍ਰਾਪਤ ਹੋ ਜਾਂਦਾ ਹੈ ਪਰ ਉਸ ਦਾ ਅਮਰ ਹੋਣਾ ਕੇਵਲ ਇਕ ਨਿਯਮਤ ਸਮੇਂ ਲਈ ਹੀ ਹੈ।

ਇਹ ਸਲੋਕ ਪੂਰੀ ਤਰ੍ਹਾਂ ਪੌੜੀ ਦਰ ਪੌੜੀ ਮੁਕਤ ਹੋਣ ਦੀ ਵਿਧੀ ਦਸਦੇ ਹਨ ਜਿਸਨੂੰ ਕਰਮ ਮੁਕਤੀ ਕਿਹਾ ਜਾਂਦਾ ਹੈ। ਇਹ ਬ੍ਰਹਮ ਲੋਕ ਦੇ ਵਾਸੀ ਹਨ ਜਿਹੜੇ ਸਦਾ ਸਿਮਰਨ ਵਿਚ ਰਹਿੰਦੇ ਹਨ ਤੇ ਮੁਕਤੀ ਪ੍ਰਾਪਤ ਕਰ ਲੈਂਦੇ ਹਨ।

ਅਦ੍ਵੈਤ ਪ੍ਰਣਾਲੀ ਅਨੁਸਾਰ ਪੂਰਨ ਮੁਕਤੀ ਦੀ ਪ੍ਰਾਪਤੀ ਕੇਵਲ ਸ਼ੁਧ ਗਿਆਨ ਰਾਹੀਂ ਹੀ ਹੁੰਦੀ ਹੈ, ਉਹ ਵੀ ਨਿਰਾਕਾਰ ਦੇ ਗਿਆਨ ਨਾਲ, ਜਿਹੜੀ ਕਿ ਇਸ ਜੀਵਨ ਵਿਚ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਹੜੇ ਜਗਿਆਸੂ ਨਿਰਾਕਾਰ ਦੇ ਗਿਆਨ ਦੀ ਪ੍ਰਾਪਤੀ ਦੇ ਰਾਹ ਤੇ ਚਲਦੇ ਹਨ ਪਰ ਪ੍ਰਾਪਤੀ ਤੋਂ ਪਹਿਲਾਂ ਹੀ ਸਰੀਰ ਛੱਡ ਦਿੰਦੇ ਹਨ ਉਹ ਵੀ ਸਤਿ ਦੀ ਪ੍ਰਾਪਤੀ ਦੇ ਉਤਮ ਤੇ ਉਚ ਸਵਰਗ ਵਿਚ ਪਹੁੰਚ ਜਾਂਦੇ ਹਨ।

## ਸਲੋਕ ਬਾਰ੍ਹਵਾਂ

ਸੰਸਾਰਕ ਪਦਾਰਥ ਜਿਹੜੇ ਕਰਮ ਕਰਕੇ ਪ੍ਰਾਪਤ ਹੋਏ

ਹਨ ਉਨ੍ਹਾਂ ਦੀ ਪਰਖ ਕਰਕੇ ਬ੍ਰਹਮਾ ਨੂੰ ਜਾਨਣ ਵਾਲਾ ਬਿਲਕੁਲ ਸ਼ਾਂਤ ਬੇਲਾਗ ਮੋਹ ਤੋਂ ਮੁਕਤ ਹੋ ਕੇ ਇਹ ਜਾਣ ਲੈਂਦਾ ਹੈ ਕਿ ਸਤਿ ਦੀ ਪ੍ਰਾਪਤੀ ਅਨੰਦ ਦੀ ਪ੍ਰਾਪਤੀ, ਕੇਵਲ ਕਰਮ ਕਰਨ ਨਾਲ ਨਹੀਂ ਹੋ ਜਾਂਦੀ। ਇਹ ਸਭ ਕੁਝ ਜਾਨਣ ਲਈ ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਨਿਮਾਣਾ ਹੋ ਕੇ ਗੁਰੂ ਚਰਨਾਂ ਤੇ ਢਹਿ ਪਵੇ ਉਹ ਗੁਰੂ ਜਿਹੜਾ ਸਮਰੱਥ ਹੋਵੇ।

ਵਾਸਤਵ ਵਿਚ ਜਗਿਆਸੂ ਦਾ ਮਾਰਗ ਦਰਸ਼ਨ ਕੀਤਾ ਗਿਆ ਹੈ, ਜਗਿਆਸੂ ਨੂੰ ਮੁਢਲੇ ਮਾਰਗ ਤੇ ਤੁਰਨਾ ਸਿਖਾਉਂਦਾ ਹੈ, ਇਸ ਤੋਂ ਬਾਅਦ ਹੀ ਜਗਿਆਸੂ ਗਿਆਨ ਪ੍ਰਾਪਤੀ ਕਰਦਾ ਹੈ, ਗ੍ਰੰਥਾਂ ਨੂੰ ਖੋਜਦਾ ਹੈ ਤੇ ਮੈਡੀਟੇਸ਼ਨ ਕਰਦਾ ਹੈ। ਇਹੋ ਜਿਹਾ ਅਭਿਲਾਸ਼ੀ ਸੰਸਾਰਕ ਮਨੋਵੇਗਾਂ ਤੋਂ ਮੁਕਤ ਹੁੰਦਾ ਹੈ। ਕੋਈ ਸੰਸਾਰਕ ਇੱਛਾ ਨਾ ਰਖਦੇ ਹੋਏ, ਮੋਹ ਤੋਂ ਮੁਕਤ ਹੋ ਕੇ ਉਹ ਅਧਿਆਤਮਕ ਗੁਰੂ ਕੋਲ ਗ੍ਰੰਥਾਂ ਦਾ ਗਿਆਨ ਪ੍ਰਾਪਤ ਕਰਨ ਜਾਂਦਾ ਹੈ ਉਹ ਗੁਰੂ ਜਿਹੜਾ ਸਮਰੱਥ ਹੈ।

ਜਗਿਆਸੂ ਨੂੰ ਕਦੀ ਵੀ ਸੰਵੇਗਕ ਦਬਾਅ ਦੇ ਥੱਲੇ ਆ ਕੇ ਜਾਂ ਅਸਰੁਖਿਅਤ ਮਹਿਸੂਸ ਕਰਕੇ ਗੁਰੂ ਕੋਲ ਨਹੀਂ ਜਾਣਾ ਚਾਹੀਦਾ। ਜਗਿਆਸੂ ਨੂੰ ਸੰਸਾਰ ਦਾ ਨਰੀਖਣ ਕਰਕੇ, ਸੰਸਾਰਕ ਪਦਾਰਥਾਂ ਦਾ ਨਰੀਖਣ ਕਰਕੇ, ਕਰਮ ਕਰਕੇ ਆਪਣੇ ਆਪ ਨੂੰ ਤਿਆਰ ਰੱਖਣਾ ਚਾਹੀਦਾ ਹੈ। ਚੰਗੇ ਕਰਮ ਸਦਾ ਚੰਗਾ ਹੀ ਫਲ ਦਿੰਦੇ ਹਨ। ਨਿਸੁਆਰਥ ਹੋ ਕੇ ਕੀਤੇ ਕਰਮ ਹੀ ਅਧਿਆਤਮਕਤਾ ਦਾ ਸਾਧਨ ਬਣਦੇ ਹਨ ਤੇ ਮੋਕਸ਼ ਪ੍ਰਾਪਤੀ ਲਈ ਪ੍ਰੇਰਤ ਕਰਦੇ ਹਨ।

ਦ੍ਰਿੜ੍ਹਤਾ ਨਾਲ, ਇਕ, ਕੇਵਲ ਇਕ ਨੂੰ ਪ੍ਰਾਪਤੀ ਦੀ ਇੱਛਾ ਲੈ ਕੇ ਹੀ ਜਗਿਆਸੂ ਨੂੰ ਗੁਰੂ ਕੋਲ ਜਾਣਾ ਚਾਹੀਦਾ ਹੈ। ਲੱਕੜੀਆਂ ਹੱਥ ਵਿਚ ਲੈ ਕੇ, ਲੱਕੜੀਆਂ ਤੋਂ ਭਾਵ ਹੈ ਕਿ ਤੁਹਾਡੇ ਪਿਛਲੇ ਸੰਸਕਾਰ ਜੇ ਕੋਈ ਹਨ ਮਾੜੇ ਸੰਸਕਾਰ ਵਿਸ਼ੇਸ਼ ਤੌਰ ਤੇ ਉਨ੍ਹਾਂ ਨੂੰ ਖਤਮ ਕੀਤਾ ਜਾਂਦਾ ਹੈ। ਇਹ ਗੁਰੂ ਜਿਹੜਾ ਪਹੁੰਚਿਆ ਹੋਵੇ, ਗੁਰੂ ਦੀ ਸਿਖਿਆ ਨਾਲ, ਗੁਰੂ ਕ੍ਰਿਪਾ ਨਾਲ ਹੀ ਹੁੰਦਾ ਹੈ। ਉਹ ਹੀ ਵਡਭਾਗੇ ਜਿਨ੍ਹਾਂ ਨੂੰ ਇਹੋ ਜਿਹਾ ਗੁਰੂ ਮਿਲ ਜਾਂਦਾ ਹੈ, ਇਹੋ ਜਿਹੇ ਗੁਰੂ ਦੀ ਪ੍ਰਾਪਤੀ ਹੀ ਤੁਹਾਡਾ ਪੁਨਰ ਜਨਮ ਹੈ।

ਗ੍ਰੰਥਾਂ ਦੇ ਅਨੁਸਾਰ ਤਿੰਨ ਦੇਵ ਕਹੇ ਗਏ ਹਨ ਪਹਿਲਾ ਮਾਤਾ, ਜੋ ਤੁਹਾਨੂੰ ਖਲਾਂਦੀ ਹੈ, ਸੇਵਾ ਕਰਦੀ ਹੈ, ਪਾਲਨ ਪੋਸ਼ਨ ਕਰਦੀ ਹੈ, ਆਪਣਾ ਪੂਰਾ-ਪੂਰਾ ਪਿਆਰ ਦਿੰਦੀ ਹੈ, ਵੱਡਾ ਕਰਦੀ ਹੈ। ਮਾਂ ਨੂੰ 'ਮਾਤ੍ਰੀ ਦੇਵ' ਕਿਹਾ ਗਿਆ ਹੈ। ਸੰਸਕ੍ਰਿਤ ਦੇ ਸ਼ਬਦ ਮਾਤ੍ਰੀ ਦਾ ਅਰਥ ਹੈ ਮਾਤਾ।

ਦੂਸਰਾ ਹੈ ਪਿਤਾ ਜਿਹੜਾ ਬੱਚੇ ਦੀ ਪਰਵ੍ਰਿਸ਼ ਨੂੰ ਦੇਖਦਾ ਹੈ। ਉਸ ਦਾ ਮਾਰਗ ਦਰਸ਼ਨ ਕਰਦਾ ਹੈ। ਪੂਰੀ ਸਮਰਥਾ ਨਾਲ ਪਿਆਰ ਨਾਲ। ਪਿਤਾ ਬੱਚੇ ਨੂੰ ਸੰਸਾਰਕ ਸਿਖਿਆ ਦਿੰਦਾ ਹੈ ਸੰਸਾਰ ਵਿਚ ਵਿਚਰਨਾ ਦਸਦਾ ਹੈ ਤੇ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਸਿਖਾਉਂਦਾ ਹੈ।

ਜਦੋਂ ਬੱਚਾ ਵੱਡਾ ਹੋ ਜਾਂਦਾ ਹੈ ਤੇ ਆਪਣੇ ਜੀਵਨ ਨੂੰ ਚੰਗੀ ਤਰ੍ਹਾਂ ਪਰਖਦਾ ਹੈ, ਉਹ ਸੰਸਾਰਕ ਖੁਸ਼ੀਆਂ ਨੂੰ ਦੇਖਦਾ ਹੈ ਤੇ ਜੀਵਨ ਦੇ ਦਵੰਦ ਨੂੰ ਸਮਝਦਾ ਹੈ, ਦੁੱਖ ਹੈ ਤੇ ਸੁਖ ਵੀ ਹੈ। ਦੋਨੋਂ ਨਾਲ-ਨਾਲ ਹੀ ਚਲਦੇ ਹਨ। ਇਕ ਗ੍ਰਿਹਿਸਤੀ ਹੋ ਕੇ ਇਹ ਸਭ ਦੇਖ ਕੇ ਉਹ ਦੁਖੀ ਹੁੰਦਾ ਹੈ ਕਿਉਂਕਿ ਇੰਦ੍ਰੀਆਂ ਦਾ ਸੁਖ ਤਾਂ ਛਿਨਭੰਗਰ ਦਾ ਹੀ ਹੈ, ਇਹ ਮੋਹ ਵਿਚ ਫਸਾਉਂਦਾ ਹੈ, ਇਹ ਦੁਖਦਾਈ ਹੈ ਤੇ ਆਤਮ ਮਾਰਗ ਤੇ ਬਾਧਾ ਹੈ।

ਜਦੋਂ ਉਹ ਇਸ ਦਾ ਵਿਸ਼ਲੇਸ਼ਣ ਕਰਦਾ ਹੈ ਉਹ ਇਸ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ ਮੋਹ ਤੋਂ ਮੁਕਤ ਹੋਣਾ ਚਾਹੁੰਦਾ ਹੈ, ਪਰ ਉਹ ਤਾਂ ਗ੍ਰਿਹਿਸਤ ਵਿਚ ਹੀ ਜੰਮਿਆ ਪਲਿਆ ਹੈ। ਹੁਣ ਉਹ ਮਹਿਸੂਸ ਕਰਦਾ ਹੈ ਕਿ ਉਸ ਦਾ ਨਿਸ਼ਾਨਾ ਤਾਂ ਸਤਿ ਦੀ ਪ੍ਰਾਪਤੀ ਹੈ। ਇਹੋ ਜਿਹਾ ਜਗਿਆਸੂ ਫੇਰ ਗੁਰੂ ਦੀ ਭਾਲ ਕਰਦਾ ਹੈ ਉਹ ਗੁਰੂ ਜਿਹੜਾ ਉਸ ਨੂੰ ਅਧਿਆਤਮਵਾਦ ਦੀ ਸਿਖਿਆ ਦੇਵੇ, ਆਪੇ ਤੋਂ ਮੁਕਤ ਕਰੇ, ਪ੍ਰੇਮ ਦੀ ਮੂਰਤੀ ਹੋਵੇ ਕ੍ਰਿਪਾਲੂ ਦਿਆਲੂ ਹੋਵੇ।

ਇਕ ਬਹੁਤ ਹੀ ਉਚੀ ਸੁੱਚੀ ਕਹਾਵਤ ਹੈ, ਜਦੋਂ ਜਗਿਆਸੂ ਤਿਆਰ ਹੋ ਜਾਂਦਾ ਹੈ ਗੁਰੂ ਪ੍ਰਗਟ ਹੋ ਜਾਂਦਾ ਹੈ। ਗੁਰੂ ਢੂੰਡਣ ਤਾਂ ਐਵੇਂ ਹੀ ਜਾਂਦਾ ਹੈ ਪਰ ਜਗਿਆਸੂ ਬਹੁਤ ਹੀ ਮਹੱਤਵਪੂਰਨ ਹੈ। ਇਕੋ ਜਿਹਾ ਦਾ ਮੇਲ ਹੋ ਜਾਂਦਾ ਹੈ ਇਹ ਇਕ ਬਹੁਤ ਵੱਡਾ ਵਿਸ਼ਵ ਦਾ ਨਿਯਮ ਹੈ।

ਉਹ ਵਡਭਾਗੇ ਹਨ ਜਿਹੜੇ ਇਹ ਜਾਣ ਲੈਂਦੇ ਹਨ ਕਿ ਆਤਮ ਮਾਰਗ ਤੇ ਚੱਲਣਾ ਬਹੁਤ ਹੀ ਆਵਸ਼ਕ ਹੈ। ਦੂਸਰੇ ਕਿ ਉਸ ਨੂੰ ਗੁਰੂ ਦਾ ਮਿਲਾਪ ਹੋ ਜਾਵੇ। ਗੁਰੂ ਜਗਿਆਸੂ ਨੂੰ ਉਹ ਕੁਝ ਦਿੰਦਾ ਹੈ ਜਿਹੜਾ ਹੋਰ ਕੋਈ ਨਹੀਂ ਦੇ ਸਕਦਾ। ਗੁਰੂ ਕ੍ਰਿਪਾ ਨਾਲ ਹੀ ਸਮਰੱਥ ਗੁਰੂ ਦੀ ਪ੍ਰਾਪਤੀ ਹੁੰਦੀ ਹੈ।

ਅੱਜ ਦੇ ਸੰਸਾਰ ਵਿਚ ਸ਼ੋਸ਼ਣ ਬਹੁਤ ਹੀ ਵੱਧ ਗਿਆ ਹੈ, ਐਸਾ ਦੁਰ ਉਪਯੋਗ ਕਿ ਅੱਜ ਗੁਰੂ ਵਧੇਰੇ ਤੇ ਜਗਿਆਸੂ ਘੱਟ ਹਨ। ਗੁਰੂ ਸ਼ਿਸ਼ਾਂ ਦੀ, ਜਗਿਆਸੂਆਂ ਦੀ ਭਾਲ ਵਿਚ ਵਧੇਰੇ ਹਨ। ਜਗਿਆਸੂ ਏਨੇ ਗੁਰੂ ਦੀ ਭਾਲ ਵਿਚ ਨਹੀਂ। ਇਹ ਹੀ ਇਕ ਕਲਯੁਗ ਦੀ ਨਿਸ਼ਾਨੀ ਹੈ ਤੇ ਕਲਜੁੱਗ ਵਿਚ ਹੀ ਅੰਨਾ ਅੰਨੇ ਨੂੰ ਰਾਹ ਦਿਖਾ ਰਿਹਾ ਹੈ ਤੇ ਦੋਨਾਂ ਦਾ ਹੀ ਪੱਤਣ ਹੋ ਜਾਂਦਾ ਹੈ ਤੇ ਕਿਸੇ ਦੀ ਵੀ ਮੁਕਤੀ ਨਹੀਂ ਹੁੰਦੀ।

## ਸਲੋਕ ਤੇਰ੍ਹਾਂ

ਉਹ ਸਮਰੱਥ ਗੁਰੂ ਬ੍ਰਹਮ ਵਿਦਿਆ, ਬ੍ਰਹਮ ਦਾ ਗਿਆਨ, ਜਗਿਆਸੂ ਨੂੰ ਸ਼ਿਸ਼ ਨੂੰ ਦਿੰਦਾ ਹੈ, ਉਸ ਜਗਿਆਸੂ ਨੂੰ ਜਿਹੜਾ ਗੁਰੂ ਦੀ ਸ਼ਰਣ ਜਾਂਦਾ ਹੈ, ਜਿਸ

ਦਾ ਮਨ ਸ਼ਾਂਤ ਹੈ, ਟਿਕਿਆ ਹੋਇਆ ਹੈ ਜਿਹੜਾ ਆਪਣੇ ਆਪ ਨੂੰ ਪੂਰੀ ਤਰ੍ਹਾਂ ਅਨੁਸਾਸ਼ਨ ਵਿਚ ਲਿਆ ਚੁੱਕਿਆ ਹੈ। ਇਹੋ ਜਿਹਾ ਜਗਿਆਸੂ ਸਤਿ ਪੁਰਖ ਨੂੰ ਜਾਣ ਲੈਂਦਾ ਹੈ, ਸਤਿ ਨੂੰ ਪਛਾਣ ਲੈਂਦਾ ਹੈ, ਪਵਿੱਤਰ ਆਤਮਾ ਨੂੰ ਜਾਣ ਲੈਂਦਾ ਹੈ।

ਜਦੋਂ ਜਗਿਆਸੂ ਦਾ ਮਨ ਆਤਮ ਮਾਰਗ ਤੇ ਚੱਲ ਕੇ ਅਧਿਆਤਮਕ ਅਭਿਆਸ ਕਰਕੇ ਬਿਲਕੁਲ ਨਿਰਮਲ ਹੋ ਜਾਂਦਾ ਹੈ। ਉਹ ਅਭਿਆਸ ਜੋ ਗੁਰੂ ਨੇ ਦਿਤਾ ਹੈ ਤੇ ਜਿਸ ਨਾਲ ਮਨ ਸ਼ਾਂਤ ਹੋ ਜਾਂਦਾ ਹੈ। ਸਮਾਨਤਾ ਵਿਚ ਆ ਜਾਂਦਾ ਹੈ ਉਸ ਤੋਂ ਬਾਅਦ ਸਰਵੋਤਮ ਵਿਗਿਆਨ, ਬ੍ਰਹਮ ਦਾ ਵਿਗਿਆਨ ਦਿਤਾ ਜਾਂਦਾ ਹੈ। ਇਹ ਵਿਗਿਆਨ ਸਾਰੇ ਵਿਗਿਆਨਾਂ ਦੀ ਜੜ੍ਹ ਹੈ, ਨੀਂਹ ਹੈ ਗੁਰੂ ਇਸ ਵਿਗਿਆਨ ਦੀ ਦਾਤ ਜਗਿਆਸੂ ਨੂੰ ਬਖਸ਼ਦਾ ਹੈ।

ਜਿਹੜੇ ਅਧਿਆਤਮ ਦੇ ਮਾਰਗ ਤੇ ਸੱਚੇ ਮਨ ਨਾਲ ਦ੍ਰਿੜ੍ਹ ਵਿਸ਼ਵਾਸ਼ ਨਾਲ ਚਲਦੇ ਹਨ ਉਨ੍ਹਾਂ ਨੂੰ ਪਹਿਲੇ ਕੁਝ ਪ੍ਰਾਰੰਭਕ ਚੀਜ਼ਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ ਸਭ ਤੋਂ ਪਹਿਲਾਂ ਮਨ ਸ਼ਾਂਤ ਕਰਨਾ ਪੈਂਦਾ ਹੈ ਜਿਹੜਾ ਕਿ ਐਨਾ ਸੌਖਾ ਨਹੀਂ ਹੈ ਮਨ ਸ਼ਾਂਤ ਕਰਨ ਲਈ ਇਹ ਸਿੱਖਣਾ ਪੈਂਦਾ ਹੈ ਕਿ ਇੰਦ੍ਰੀਆਂ ਨੂੰ ਸੰਸਾਰ ਤੋਂ ਪਰ੍ਹੇ ਕੀਤਾ ਜਾਵੇ, ਸੰਸਾਰਕ ਖੇਡ ਤਮਾਸ਼ਿਆਂ ਤੋਂ ਕਿਵੇਂ ਆਪਣੇ ਆਪ ਨੂੰ ਇਕ ਪਾਸੇ ਕੀਤਾ ਜਾਵੇ।

ਇਸ ਸਲੋਕ ਵਿਚ ਗੁਰੂ ਨੂੰ ਵੀ ਸਿਖਿਆ ਦਿਤੀ ਗਈ ਹੈ, ਗੁਰੂ ਨੂੰ ਇਹ ਦੱਸਿਆ ਗਿਆ ਹੈ ਕਿ ਸਿਆਣਾ ਗੁਰੂ ਉਹ ਹੀ ਹੈ ਜਿਹੜਾ ਬ੍ਰਹਮ ਗਿਆਨ ਗੰਦੇ ਭਾਂਡੇ ਵਿਚ ਨਹੀਂ ਪਾਉਂਦਾ। ਨਾ ਹੀ ਉਸ ਸ਼ਿਸ਼ ਨੂੰ ਪ੍ਰਦਾਨ ਕਰਦਾ ਹੈ ਜਿਹੜਾ ਅਜੇ ਤਿਆਰ ਨਹੀਂ ਹੈ, ਨਾ ਹੀ ਉਸ ਨੂੰ ਦਿੰਦਾ ਹੈ ਜਿਹੜਾ ਆਪਣੇ ਕਾਬੂ ਨਹੀਂ ਹੈ। ਸਮਰੱਥ ਗੁਰੂ ਬ੍ਰਹਮ ਗਿਆਨ ਦਾ ਸਰਵੋਤਮ ਵਿਗਿਆਨ ਵਿਧੀਪੂਰਵਕ ਦਿੰਦਾ ਹੈ ਜਿਸ ਨਾਲ ਉਹ ਸਤਿ ਦੀ ਪ੍ਰਾਪਤੀ ਕਰ ਲੈਂਦਾ ਹੈ, ਅਟੱਲ ਅਜਰ, ਅਮਰ ਦੀ ਪ੍ਰਾਪਤੀ ਕਰ ਲੈਂਦਾ ਹੈ, ਕਾਬਲ ਮੁਰਸ਼ਦ ਪ੍ਰੈਕਟੀਕਲ ਤੇ ਸਿਧਾਂਤ ਦੋਨਾਂ ਵਿਚ ਹੀ ਮੁਰੀਦ ਨੂੰ ਪਰਪੱਕ ਕਰਦਾ ਹੈ।

ਇਸ ਸਲੋਕ ਵਿਚ 'ਪੁਰਸ਼' ਸ਼ਬਦ ਤੋਂ ਭਾਵ ਹੈ ਕਿ ਪਹਿਲੇ ਅੰਤਰ ਧਿਆਨ ਹੋ ਕੇ ਮੈਡੀਟੇਸ਼ਨ ਕਰਨੀ ਚਾਹੀਦੀ ਹੈ ਜਿਸ ਨਾਲ ਉਸ ਨੂੰ ਆਤਮਾ ਦੀ ਹੋਂਦ ਦਾ ਪਤਾ ਲਗਦਾ ਹੈ। 'ਪੁਰਸ਼' ਸ਼ਬਦ ਦੇ ਅਰਥ ਹਨ। ਉਹ ਜਿਹੜਾ ਜੀਵਨ ਦੇ ਨਗਰ ਵਿਚ ਸੁੱਤਾ ਹੋਇਆ ਹੈ। ਇਸ ਤੋਂ ਭਾਵ ਹੈ ਕਿ ਜਗਿਆਸੂ ਮੈਡੀਟੇਸ਼ਨ ਤੇ ਸਿਮਰਨ ਦਾ ਮਾਰਗ ਸਿੱਖ ਲੈਂਦਾ ਹੈ ਉਸ ਤੇ ਤੁਰ ਪੈਂਦਾ ਹੈ।

ਵਰਤਮਾਨ ਸਮੇਂ ਦੇ ਬਹੁਤ ਸਾਰੇ ਅਧਿਆਤਮਕ ਗੁਰੂ ਸੋਚਦੇ ਹਨ ਕਿ ਜਗਿਆਸੂ ਨੂੰ ਗ੍ਰੰਥ ਪੜ੍ਹਾ ਕੇ ਸਤਿ ਤਕ ਪਹੁੰਚਾ ਸਕਦੇ ਹਨ, ਪਰ ਇਹ ਸੱਚ ਨਹੀਂ, ਨਿਯਮ ਅਨੁਸਾਰ ਜੁਗਤ ਤੋਂ ਬਿਨਾਂ ਕੀਤੀ ਮੈਡੀਟੇਸ਼ਨ ਸਿਮਰਨ ਭਜਨ ਅਰਦਾਸ ਨਾਲ ਤੁਸੀਂ ਅਜਰ, ਅਮਰ, ਅਟੱਲ ਆਤਮਾ ਤਕ ਨਹੀਂ ਪਹੁੰਚ ਸਕਦੇ। ਉਹ ਆਤਮਾ ਜਿਹੜੀ ਮਨੁੱਖ ਰੂਪੀ ਨਗਰ ਅੰਦਰ ਸੁੱਤੀ ਪਈ ਹੈ।

ਇਹ ਨੂਰਾਨੀ ਤੇਜਮਈ ਆਤਮਾ ਤਾਂ ਧੁੰਦ ਲਾਈ ਰਹਿੰਦੀ ਹੈ ਕਿਉਂਕਿ ਇਹ ਤਾਂ ਮਨੁੱਖ ਦੀਆਂ ਇੰਦ੍ਰੀਆਂ ਹੇਠਾਂ ਉਸ ਦੇ ਸੁਆਸ ਦੇ ਹੇਠਾਂ, ਮਨ, ਸੁਚੇਤ ਤੇ ਅਚੇਤ ਮਨ ਦੇ ਪਿਛੇ ਹੀ ਦੱਬੀ ਰਹਿੰਦੀ ਹੈ। ਇਸ ਤੋਂ ਅੱਗੇ ਦਾ ਰਾਹ ਤਾਂ ਗੁਰੂ ਹੀ ਜਗਿਆਸੂ ਨੂੰ ਦਸਦਾ ਹੈ.

ਨਿਰੁਕਤਕ ਪੱਖੋ 'ਪੁਰਸ਼' ਸ਼ਬਦ ਦੇ ਅਰਥ ਹਨ ਉਹ ਜਿਹੜਾ ਸਰੀਰ ਵਿਚ ਪੂਰੀ ਤਰ੍ਹਾਂ ਭਰਪੂਰ ਵਰਤ ਰਿਹਾ ਹੈ। "ਪੂਰਨ-ਅਤਵਤ" ਸਾਰੇ ਹੀ ਜਗਿਆਸੂਆਂ ਨੂੰ ਨਿੱਜੀ ਰੱਬ ਦੀ ਲੋੜ ਹੁੰਦੀ ਹੈ ਵਾਸਤਵ ਵਿਚ ਇਹ ਗੁਰੂ ਤੁਹਾਡੇ ਅੰਦਰ ਵਸਦੀ ਆਤਮਾ ਹੀ ਹੁੰਦੀ ਹੈ ਤੇ ਅੰਤ ਵਿਚ ਮਨੁੱਖ ਨੂੰ ਇਹ ਹੀ ਗਿਆਨ ਹੁੰਦਾ ਹੈ ਕਿ ਆਤਮਾ ਹੀ ਬ੍ਰਹਮ ਹੈ। ਪੁਰਸ਼ ਸ਼ਬਦ ਮਨੁੱਖ ਲਈ ਵੀ ਵਰਤਿਆ ਜਾਂਦਾ ਹੈ। ਵਾਸਤਵ ਵਿਚ ਅਸੀਂ ਸਾਰੇ ਹੀ ਪੁਰਸ਼ ਹਾਂ ਸ਼ਰਤ ਇਸ ਗੱਲਦੀ ਹੈ ਕਿ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਅੰਦਰ ਦੀ ਆਤਮਾ ਸੁਤੀ ਪਈ ਹੈ। ਇਹ ਜਾਣ ਕੇ ਅਸੀਂ ਮਿਹਨਤ ਕਰੀਏ, ਕੋਸ਼ਿਸ਼ ਕਰੀਏ ਕਿ ਅਸੀਂ ਪਤਾ ਕਰ ਲਈਏ ਕਿ ਚੇਤਨ ਬਿੰਦੂ ਕੀ ਹੈ ਤੇ ਇਹ ਹੀ ਸਾਨੂੰ ਬੰਧਨਾਂ ਤੋਂ ਮੁਕਤ ਕਰਦਾ ਹੈ।

ਸਾਡੇ ਅੰਦਰ ਦਾ ਪੁਰਸ਼ ਹੀ ਸਾਡੇ ਜੀਵਨ ਦਾ ਧੇਅ ਹੈ ਸਾਡਾ ਆਸਰਾ ਹੈ ਇਸ ਤੋਂ ਬਿਨਾਂ ਸਰੀਰ ਚਲ ਹੀ ਨਹੀਂ ਸਕਦਾ ਜਦੋਂ ਆਤਮਾ ਸਰੀਰ ਛੱਡ ਦਿੰਦੀ ਹੈ, ਬਾਹਰ ਦਾ ਚੋਲਾ ਛੱਡ ਦਿੰਦੀ ਹੈ, ਸਰੀਰ ਮਿੱਟੀ ਹੋ ਜਾਂਦਾ ਹੈ। ਬਹੁਤ ਸਾਰੇ ਆਮ ਆਦਮੀ ਸਰੀਰ ਦੇ ਪੁਜਾਰੀ ਹਨ। ਸਰੀਰ ਨੂੰ ਸਭ ਕੁਝ ਮੰਨਦੇ ਹਨ ਉਹ ਅੰਦਰ ਵਸਦੇ ਪੁਰਸ਼ ਨੂੰ ਉਸ ਬਾਰੇ ਜਾਣਦੇ ਹੀ ਨਹੀਂ। ਉਹ ਸਰੀਰ ਦਾ ਪਾਲਨ ਪੋਸ਼ਨ ਸਰੀਰ ਦੀ ਦੇਖਭਾਲ ਕਰਦੇ ਹਨ, ਇਸ ਨੂੰ ਚੰਗਾ ਖਾਣ ਪੀਣ ਨੂੰ ਦਿੰਦੇ, ਪੂਰਾ ਆਰਾਮ ਦਿੰਦੇ ਹਨ। ਜਦੋਂ ਜਗਿਆਸੂ ਨੂੰ ਅੰਤਰ ਆਤਮਾ ਦਾ ਪਤਾ ਲਗਦਾ ਹੈ ਉਹ ਮਨ, ਇੰਦ੍ਰੀਆਂ, ਸੁਆਸਾਂ ਨੂੰ ਸਰੀਰ ਨੂੰ ਇਕ ਜੰਤਰ ਇਕ ਵਸੀਲਾ ਜਾਣ ਕੇ ਆਤਮਾ ਤਕ ਪਹੁੰਚਣ ਦਾ ਯਤਨ ਕਰਦਾ ਹੈ। ਉਸ ਨੂੰ ਜਾਣਦਾ ਤੇ ਪਛਾਣਦਾ ਹੈ। ਇਹੋ ਜਿਹਾ ਜਗਿਆਸੂ ਹਰ ਦੁਖ ਸੰਤਾਪ ਤੋਂ ਦੂਰ ਰਹਿੰਦਾ ਹੈ ਤੇ ਆਤਮਕ ਪੱਧਰ ਤੇ ਹੀ ਵਿਚਰਦਾ ਹੈ ਤੇ ਨਿਰਭਉ ਰਹਿੰਦਾ ਹੈ।

ਇਹ ਪਹਿਲੇ ਅਧਿਆਇ ਦਾ ਅੰਤ ਹੈ।

# ਹਿਮਾਲੀਅਨ ਯੋਗੀ ਦਾ ਸੰਗ
## ((Walking With Himalayan Master))

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

### ਜੰਮਨੋਤਰੀ ਤੇ ਗੰਗੋਤਰੀ

ਸਾਡਾ ਅਗਲਾ ਪੜਾਅ ਜੰਮਨੋਤਰੀ ਪਹਾੜ ਸੀ, ਬਾਕੀ ਦਾ ਜੱਥਾ ਬਸ ਵਿਚ, ਸਵਾਮੀ ਜੀ ਤੇ ਮੈਂ ਕਾਰ ਵਿਚ, ਜਿਵੇਂ-ਜਿਵੇਂ ਸੜਕ ਭੀੜੀ ਹੁੰਦੀ ਗਈ, ਸੜਕ ਵਿਚ ਟੋਏ ਟਿੱਬੇ ਵਧਦੇ ਗਏ। ਮੈਨੂੰ ਲੱਗਾ ਅੱਗੇ-ਅੱਗੇ ਰਾਹ ਔਖਾ ਹੀ ਹੈ, ਕੋਈ ਕਿਸੇ ਕਿਸਮ ਦਾ ਜੰਗਲਾ ਵੀ ਨਹੀਂ ਸੀ। ਅਸੀਂ ਕਾਰ ਵਿਚੋਂ ਉਤਰੇ ਤੇ ਪੈਦਲ ਤੁਰਨ ਲਗ ਪਏ। ਅਸੀਂ ਸੜਕ ਤੇ ਰੁਕਦੇ ਰੁਕਦੇ ਜਾ ਰਹੇ ਸੀ। ਸਵਾਮੀ ਜੀ ਮੈਨੂੰ ਜੜ੍ਹੀਆਂ ਬੂਟੀਆਂ ਦਿਖਾ ਰਹੇ ਸੀ। ਮੈਂ ਕਹਿ ਰਿਹਾ ਸੀ ਮੈਨੂੰ ਤੀਰਥ ਦੱਸੋ, ਉਹ ਖਾਸ ਥਾਵਾਂ ਦੱਸੋ, ਜਿਥੇ ਤੁਸੀਂ ਬੈਠ ਕੇ ਤਪ ਕੀਤਾ ਹੈ। ਅਸੀਂ ਤੁਰਦੇ ਤੁਰਦੇ ਸੱਤ ਮੀਲ ਤੁਰ ਚੁੱਕੇ ਸੀ।

ਮੈਂ ਸਦਾ ਇਹ ਹੀ ਚਾਹਿਆ ਸੀ ਕਿ ਮੈਂ ਤੁਹਾਡੇ ਨਾਲ ਪਹਾੜਾਂ ਤੇ ਚੱਲਾਂ। ਜਿਵੇਂ ਹੀ ਅਸੀਂ ਤੁਰ ਰਹੇ ਸੀ, ਫੇਰ ਸਵਾਮੀ ਜੀ ਪਹਾੜਾਂ ਤੇ ਤੁਰਨ ਦੀ ਤਰਕੀਬ ਦੱਸਣ ਲਗ ਪਏ। ਜਦੋਂ ਵੀ ਕੋਈ ਚੀਜ਼ ਲੰਘੇ ਹਮੇਸ਼ਾ ਅੰਦਰ ਵਾਲੇ ਪਾਸੇ ਹੀ ਰਹੋ। ਜਦੋਂ ਜਾਨਵਰ ਵੀ ਆਣ ਤੁਸੀਂ ਅੰਦਰ ਦੇ ਪਾਸੇ ਵਲ ਹੋ ਜਾਓ। ਕਦੀ ਵੀ ਆਰਾਮ ਵਾਲੀ ਜਗ੍ਹਾ ਤੇ ਜਾਂ ਐਸੀ ਜਗ੍ਹਾ ਨਾ ਬੈਠੋ ਜਿਥੇ ਬਰਫ ਦੇ ਤੋਦ ਤੁਹਾਡੇ ਡਿੱਗ ਸਕਣ। ਹਮੇਸ਼ਾ ਵਗਦੇ ਪਾਣੀ ਤੋਂ ਹੀ ਪਾਣੀ ਪੀਓ।

ਮੈਂ ਸਭ ਕੁਝ ਬਹੁਤ ਹੀ ਧਿਆਨ ਨਾਲ ਸੁਣ ਰਿਹਾ ਸੀ ਕਿ ਸਵਾਮੀ ਜੀ ਨੇ ਇਹ ਵਿਸ਼ਾ ਬਦਲ ਦਿਤਾ, ਤੂੰ ਕਿੰਨਾ ਜੀਉਣਾ ਚਾਹੁੰਦਾ ਹੈਂ? ਕੀ ਤੂੰ ਛੇ ਮਹੀਨੇ ਮੈਡੀਟੇਸ਼ਨ ਕਰੇਂਗਾ ਤੇ ਬਾਕੀ ਛੇ ਮਹੀਨੇ ਘੁੰਮੇ ਫਿਰੇਂਗਾ? ਜੇ ਤੇਰੇ ਬੈਂਕ ਵਿਚ ਪੈਸੇ ਹੋਣਗੇ, ਕੀ ਤੂੰ ਆਪਣੀ ਬੱਚਤ ਵਿਚੋਂ ਖਰਚਣਾ ਚਾਹੇਂਗਾ?

ਮੈਨੂੰ ਜਵਾਬ ਦੇਣ ਵਿਚ ਬੜੀ ਝਿਜਕ ਮਹਿਸੂਸ ਹੋ ਰਹੀ ਸੀ। ਮੈਂ ਸੋਚਿਆ ਸਵਾਮੀ ਜੀ ਮੈਨੂੰ ਛੇੜ ਰਹੇ ਹਨ, ਪਰ ਵਾਸਤਵ ਵਿਚ ਇਹੋ ਜਿਹੀ ਗੱਲ ਨੂੰ ਕੌਣ ਮਨ੍ਹਾ ਕਰ ਸਕਦਾ ਹੈ, ਜ਼ਰੂਰ ਕਰਾਂਗਾ ਕਿਉਂ ਨਹੀਂ ਇਹ ਹੀ ਮੇਰੀ ਇੱਛਾ ਹੈ।

ਮੈਂ ਇਸ ਨੂੰ ਹਾਂ ਕਰ ਦਿਤੀ ਸੀ। ਹੁਣ ਸਵਾਮੀ ਜੀ ਨੇ ਹੋਰ ਵਿਸ਼ਾ ਸ਼ੁਰੂ ਕਰ ਦਿਤਾ।

ਥਰੀਸਾ ਜਰਮਨ ਸ਼ੈਪਰਡ (ਕੁੱਤਿਆਂ ਦੀ ਕਿਸਮ) ਦੀ ਤਰ੍ਹਾਂ ਹੈ। ਸਵਾਮੀ ਜੀ ਬਹੁਤ ਸੋਚ ਕੇ ਕਹਿਣ ਲੱਗੇ, ਉਸ ਨੇ ਮੇਰੀ ਐਨੀ ਸੇਵਾ ਕੀਤੀ ਹੈ ਕਿ ਮੈਂ ਉਸ ਦਾ ਬਹੁਤ ਸਤਿਕਾਰ ਕਰਦਾ ਹਾਂ।

ਸਵਾਮੀ ਜੀ ਨੇ ਇਕ ਵਾਰੀ ਫੇਰ ਵਿਸ਼ਾ ਬਦਲ ਦਿਤਾ, ਸਾਨੂੰ ਇਕ ਪੁਸਤਕ ਲਿਖਣੀ ਚਾਹੀਦੀ ਹੈ ਤੇ ਮੇਰੀ ਡਾਇਰੀ ਦੀ ਵਰਤੋਂ ਕਰਨੀ ਚਾਹੀਦੀ ਹੈ, ਬਹੁਤ ਸੋਹਣੀ ਪੁਸਤਕ ਨਿਕਲ ਸਕਦੀ ਹੈ।"

ਮੈਂ ਆਪਣੀ ਪੂਰੀ ਸਹਿਮਤੀ ਦਿਤੀ ਕਿ ਪੁਸਤਕ ਬਹੁਤ ਹੀ ਸੋਹਣੀ ਹੋਵੇਗੀ। ਮੈਂ ਕਿਹਾ ਤੁਹਾਡਾ ਏਡਾ ਅਨੁਭਵ ਹੈ ਐਨੀਆਂ ਘਟਨਾਵਾਂ ਹਨ ਜੀਵਨ ਦੀਆਂ, ਤੁਸੀਂ ਏਨਾ ਕੁਝ ਕੀਤਾ ਹੈ, ਪੁਸਤਕ ਬਹੁਤ ਹੀ ਰੌਚਿਕ ਹੋਵੇਗੀ।

'ਜਸਟਿਨ' ਸਵਾਮੀ ਜੀ ਕਹਿਣ ਲੱਗੇ, "ਤੂੰ ਇਕ ਕੰਮ ਕਰੇਂਗਾ, ਮੈਂ ਚਾਹੁੰਦਾ ਹਾਂ ਕਿ ਤੂੰ ਜਿਹੜਾ ਸਮਾਂ ਮੇਰੇ ਨਾਲ ਬਿਤਾਇਆ ਹੈ, ਬਿਤਾ ਰਿਹਾ ਹੈਂ, ਇਸ ਉਤੇ ਇਕ ਪੁਸਤਕ ਲਿਖੀਂ। ਅਸੀਂ ਇਕੱਠੇ ਕੀ ਕੀ ਕੀਤਾ?

ਮੇਰਾ ਮਨ ਗੱਦ-ਗੱਦ ਕਰ ਉਠਿਆ। ਸਵਾਮੀ ਜੀ ਨੇ ਮੈਨੂੰ ਏਸ ਯੋਗ ਸਮਝਿਆ ਮੇਰੇ ਉਤੇ ਏਡੀ ਕ੍ਰਿਪਾ ਕੀਤੀ ਕਿ ਮੇਰੇ ਕੋਲੋਂ ਉਹ ਕਿਤਾਬ ਲਿਖਾਣਗੇ। ਮੇਰੇ ਮਨ ਵਿਚ ਆਇਆ ਕੀ ਮੈਂ ਇਸ ਹਸਤੀ, ਏਡੀ ਉਚੀ ਹਸਤੀ ਬਾਰੇ ਲਿਖ ਸਕਾਂਗਾ? ਇਕ ਦਮ ਮੈਨੂੰ ਧਿਆਨ ਆਇਆ। ਸਵਾਮੀ ਜੀ ਤਾਂ ਮੇਰਾ ਉਤਰ ਉਡੀਕ ਰਹੇ ਹਨ। ਮੈਂ ਸਵਾਮੀ ਜੀ ਨਾਲ ਵਾਅਦਾ ਕੀਤਾ ਮੈਂ ਜ਼ਰੂਰ ਲਿਖਾਂਗਾ। ਮੈਂ ਸੋਚਿਆ ਸੀ ਜਦੋਂ ਮੈਂ ਬੁੱਢਾ ਹੋ ਜਾਵਾਂਗਾ ਕਿਸੇ ਪਹਾੜੀ ਤੇ ਇਕ ਕੁਟੀਆ ਵਿਚ ਰਹਿ ਰਿਹਾ ਹੋਵਾਂਗਾ। ਮੈਂ ਇਹ ਕੰਮ ਸ਼ੁਰੂ ਕਰਾਂਗਾ ਤੇ ਜਦੋਂ ਤਕ ਸਵਾਮੀ ਜੀ ਸਰੀਰ ਛੱਡਣਗੇ ਉਦੋਂ ਤਕ ਪੂਰਾ ਹੋ ਜਾਏਗਾ। ਮੈਂ ਪੁਛਿਆ, "ਸਵਾਮੀ ਜੀ ਪੁਸਤਕ ਦਾ ਨਾਮ ਕੀ ਰਖਾਂਗੇ? ਇਹ ਕਿਸ ਤਰ੍ਹਾਂ ਲੱਗੇਗਾ, The Healing Yogi of the Himalays!

ਪਰ ਸਵਾਮੀ ਜੀ ਨੇ ਮੇਰੇ ਵਲ ਦੇਖਿਆ ਤੇ ਕਹਿਣ ਲੱਗੇ। ਮੇਰੇ ਵਿਚਾਰ ਵਿਚ ਤਾਂ ਤੈਨੂੰ Walking with a Himalayan Master ਰਖਣਾ ਚਾਹੀਦਾ ਹੈ। ਮੈਂ ਹੋਰ

ਬਹੁਤ ਸਾਰੇ ਨਾਮ ਦੱਸੇ ਪਰ ਸਵਾਮੀ ਜੀ ਮੁੜ ਕੇ ਏਸੇ ਉਤੇ ਹੀ ਆ ਗਏ। ਸੋ ਮੈਂ ਇਕ ਵਾਰੀ ਫੇਰ ਵਾਅਦਾ ਕੀਤਾ ਕਿ ਮੈਂ ਇਹ ਨਾਮ ਹੀ ਰੱਖਾਂਗਾ।

ਅਸੀਂ ਆਪਣੀ ਯਾਤਰਾ ਦਾ ਆਖਰੀ ਪੜਾਅ ਡਾਂਡੀਆਂ ਵਿਚ ਕੀਤਾ। ਉਹ ਹੌਲੀ ਹੌਲੀ ਚੜ੍ਹਦੇ ਸੀ। ਬੜੇ ਧਿਆਨ ਨਾਲ ਚੜ੍ਹਦੇ ਸੀ। ਉਨ੍ਹਾਂ ਦੇ ਪੈਰ ਜਿਥੇ ਉਹ ਰਖਦੇ ਸੀ ਉਹ ਖੁੱਬ ਜਾਂਦੇ ਸੀ। ਅਸੀਂ ਗਿਆਨ ਚਾਟੀ ਪਹੁੰਚੇ, ਉਥੇ ਅਸੀਂ ਦੋ ਰਾਤਾਂ ਰਹੇ, ਉਥੋਂ ਦਾ ਨਜ਼ਾਰਾ ਐਨਾ ਸੋਹਣਾ ਸੀ ਕਿ ਦੱਸਿਆ ਹੀ ਨਹੀਂ ਜਾ ਸਕਦਾ। ਸ਼ਾਮ ਦੇ ਸਵਾਮੀ ਜੀ ਦੇ ਪ੍ਰਵਚਨ ਐਨੇ ਖੁਲ੍ਹੇ ਅਗੰਮ ਗਿਆਨ ਦੇ ਹੁੰਦੇ ਸੀ। ਸਵਾਮੀ ਜੀ ਅਧਿਆਤਮਕ ਜੀਵਨ ਬਾਰੇ ਦਸਦੇ ਸੀ, ਸਾਨੂੰ ਸਵਾਮੀ ਜੀ ਨੇ ਦੱਸਿਆ ਕਿ ਅਸੀਂ ਸਾਰੇ ਕੀ ਤੇ ਕਿੰਨਾ ਜਾਣਦੇ ਹਾਂ। ਸਵਾਮੀ ਜੀ ਨੇ ਇਹ ਵੀ ਦੱਸਿਆ ਇਕ ਕੋਈ ਗੱਲ ਨਹੀਂ ਕਿ ਤੁਸੀਂ ਕਿੰਨਾ ਭਜਨ ਪਾਠ ਕਰਦੇ ਹੋ, ਕਿੰਨਾ ਅਭਿਆਸ ਕਰਦੇ ਹੋ। ਤੁਸੀਂ ਕਿੰਨੇ ਉਚੇ ਪਹੁੰਚ ਗਏ ਹੋ ਕੋਈ ਫਰਕ ਨਹੀਂ ਪੈਂਦਾ ਜੇ ਤੁਸੀਂ ਉਸ ਸਭ ਕੁਝ ਨੂੰ ਆਪਣੇ ਜੀਵਨ ਵਿਚ ਨਹੀਂ ਉਤਾਰਿਆ, ਤੁਸੀਂ ਦੂਸਰਿਆਂ ਨਾਲ ਕਿਵੇਂ ਵਰਤਦੇ ਹੋ, ਕਿੰਨਾ ਪਿਆਰ ਦੂਸਰਿਆਂ ਨੂੰ ਕਰਦੇ ਹੋ, ਜਿਵੇਂ ਕਿ ਸਾਰੇ ਹੀ ਸੰਤ ਕਹਿੰਦੇ ਹਨ। ਤੁਸੀਂ ਮਾਨਵਤਾ ਨੂੰ ਕਿੰਨਾ ਪਿਆਰ ਕਰਦੇ ਹੋ ਤੇ ਉਨ੍ਹਾਂ ਲਈ ਕੀ ਕਰਦੇ ਹੋ? ਉਹ ਹੀ ਤੁਹਾਡੀ ਚੇਤਨਤਾ ਦਾ ਪ੍ਰਗਟਾਵਾ ਹੈ, ਉਹ ਹੀ ਤੁਹਾਡੀ ਅਧਿਆਤਮਕਤਾ ਹੈ।

ਸਵਾਮੀ ਜੀ ਦੇ ਪ੍ਰਵਚਨਾਂ ਦੇ ਪਿਛੋਂ ਸਵਾਮੀ ਜੀ ਨੇ ਚਾਰਲਸ ਤੇ ਥਰੀਸਾ ਨੂੰ ਵੀ ਆਪਣੇ ਕਮਰੇ ਵਿਚ ਬੁਲਾ ਲਿਆ। ਸਵਾਮੀ ਜੀ ਦੇ ਕਮਰੇ ਵਿਚ ਬੈਠ ਕੇ ਬਹੁਤ ਹੀ ਅੱਛਾ ਲਗ ਰਿਹਾ ਸੀ। ਲੱਕੜੀ ਦੀ ਬਣੀ ਕੁਟੀਆ ਬਹੁਤ ਹੀ ਸੋਹਣੀ ਸੀ। ਅਸੀਂ ਸਾਰੇ ਸ਼ਾਲਾਂ ਤੇ ਕੰਬਲ ਲਪੇਟ ਕੇ ਬੈਠੇ ਸੀ ਤੇ ਇਕ ਅਨੰਦਮਈ ਸ਼ਾਮ ਨੂੰ ਮਾਣ ਰਹੇ ਸੀ। ਸਵਾਮੀ ਜੀ ਪੁੱਛਣ ਲੱਗੇ ਦਿਨ ਕਿਵੇਂ ਬੀਤਿਆ, ਅਸੀਂ ਸਭ ਨੇ ਦੱਸਿਆ। ਸਵਾਮੀ ਜੀ ਥਰੀਸਾ ਨੂੰ ਦੇਖਦੇ ਰਹੇ। ਜਦੋਂ ਉਹ ਸਵਾਮੀ ਜੀ ਲਈ ਨਿੰਬੂ ਵਾਲੀ ਚਾਹ ਬਣਾ ਰਹੀ ਸੀ। ਫੇਰ ਉਸ ਨੇ ਸਵਾਮੀ ਜੀ ਦੇ ਕਪੜੇ ਅਟੈਚੀ ਵਿਚੋਂ ਕੱਢੇ। ਸਵਾਮੀ ਜੀ ਪੁੱਛਣ ਲੱਗੇ, "ਤੁਹਾਨੂੰ ਖਾਣ ਪੀਣ ਨੂੰ ਠੀਕ ਮਿਲਦਾ ਰਿਹਾ? ਚਾਰਲਸ ਨੇ ਤੇਰੀ ਦੇਖਭਾਲ ਕੀਤੀ ਕਿ ਨਹੀਂ? ਮੈਂ ਤੇਰੇ ਨਾਹੁਣ ਲਈ ਗਰਮ ਪਾਣੀ ਦਾ ਪ੍ਰਬੰਧ ਕਰਾਂ? ਇਸ ਗੱਲ ਨਾਲ ਥਰੀਸਾ ਖਿੜ ਗਈ। ਉਸ ਨੂੰ ਗਰਮ ਪਾਣੀ ਨਾਲ ਨਾਹੁਣਾ ਬਹੁਤ ਹੀ ਚੰਗਾ ਲਗਦਾ ਸੀ। ਸਵਾਮੀ ਜੀ ਨੇ ਆਪਣੇ ਸੇਵਕਾਂ ਨੂੰ ਕਿਹਾ ਕਿ ਉਹ ਸਵੇਰੇ ਬਾਲਟੀਆਂ ਗਰਮ ਪਾਣੀ ਦੀਆਂ ਲੈ ਆਉਣ ਤਾਂ ਜੋ ਥਰੀਸਾ ਉਨ੍ਹਾਂ ਦੇ ਜਾਣ ਪਿਛੋਂ ਚੰਗੀ ਤਰ੍ਹਾਂ ਇਸ਼ਨਾਨ ਕਰ ਸਕੇ।

## ਸਵਾਮੀ ਜੀ ਦਾ ਜੀਵਨ

ਸਵਾਮੀ ਜੀ ਕਹਿਣ ਲੱਗੇ, "ਹਰ ਇਕ ਲਈ ਕੋਈ ਨਾ ਕੋਈ ਚਣੌਤੀ, ਕੋਈ ਨਾ ਕੋਈ ਵੰਗਾਰ ਹੁੰਦੀ ਹੈ। ਮੇਰੇ ਗੁਰੂਦੇਵ ਬਹੁਤ ਹੀ ਤਪਸਵੀ ਸੀ ਪਰ ਮੇਰੇ ਲਈ ਉਨ੍ਹਾਂ ਕੋਲ ਐਨਾ ਧੀਰਜ ਐਨਾ ਸਹਿਜ ਸੀ ਕਿ ਮੈਂ ਕੀ ਦੱਸਾਂ? ਮੇਰੇ ਕੋਲ ਤੁਹਾਡੇ ਲਈ ਐਨਾ ਧੀਰਜ ਨਹੀਂ ਹੈ ਜਿੰਨਾਂ ਉਨ੍ਹਾਂ ਕੋਲ ਮੇਰੇ ਲਈ ਸੀ, ਉਨ੍ਹਾਂ ਦੇ ਗੁਰੂਦੇਵ ਨੇ ਬਹੁਤ ਹੀ ਸਖਤ ਮਿਹਨਤ ਕੀਤੀ। ਬਹੁਤ ਕੰਮ ਕੀਤਾ। ਹਿਮਾਲੀਆ ਤੇ ਜਾਣ ਤੋਂ ਪਹਿਲਾਂ ਉਹ ਪਰਾਂਤ ਦੇ ਹਾਈਕੋਰਟ ਦੇ ਜੱਜ ਸੀ। ਉਸ ਸਮੇਂ ਉਹ ਇਕੱਲੇ ਭਾਰਤੀ ਸੀ। ਬਾਕੀ ਸਾਰੇ ਅੰਗਰੇਜ਼ ਸੀ। ਇਹ ਭਾਰਤ ਆਜ਼ਾਦ ਹੋਣ ਤੋਂ ਬਹੁਤ ਪਹਿਲਾਂ ਦੀ ਗੱਲ ਹੈ। ਉਨ੍ਹਾਂ ਦਾ ਬੇਟਾ ਆਜ਼ਾਦੀ ਦੀ ਲੜਾਈ ਲੜ ਰਿਹਾ ਸੀ। ਉਹ ਜਨਰਲ ਡਾਇਰ ਨੂੰ ਮਾਰਨ ਵਾਲਿਆਂ ਵਿਚ ਸ਼ਾਮਲ ਸੀ ਤੇ ਪਕੜਿਆ ਗਿਆ ਸੀ।

ਡਾਇਰ ਬਹੁਤ ਹੀ ਗੰਦਾ ਆਦਮੀ ਸੀ। ਉਹ ਭਾਰਤੀਆਂ ਨੂੰ ਬਹੁਤ ਹੀ ਨਫਰਤ ਕਰਦਾ ਸੀ। ਉਹ ਅੰਗਰੇਜ਼ੀ ਰਾਜ ਨੂੰ ਪੱਕਿਆਂ ਕਰਨ ਲਈ ਸਭ ਕੁਝ ਕਰਦਾ ਸੀ। ਇਕ ਵਾਰੀ ਇਕ ਅੰਗਰੇਜ਼ ਔਰਤ ਨੇ ਸ਼ਿਕਾਇਤ ਲਗਾਈ ਕਿ ਕਿਸੇ ਭਾਰਤੀ ਨੇ ਉਸ ਨੂੰ ਛੇੜਿਆ ਹੈ। ਉਸ ਨੇ ਸਾਰੇ ਭਾਰਤੀ ਜਿਹੜੇ ਉਸ ਸੜਕ ਤੋਂ ਲੰਘਦੇ ਸੀ, ਉਨ੍ਹਾਂ ਸਾਰਿਆਂ ਨੂੰ ਘੋਰ ਸਜ਼ਾ ਦਿਤੀ। ਇਹ ਕਿਹਾ ਕਿ ਜਿਹੜੇ ਵੀ ਉਥੋਂ ਲੰਘਣ ਉਹ ਰੀਂਗ ਕੇ ਲੰਘਣ। ਇਕ ਬੀਬੀ ਨੇ ਰੇਂਗਣ ਤੋਂ ਮਨ੍ਹਾ ਕਰ ਦਿਤਾ। ਉਹ ਕਹਿਣ ਲੱਗੀ, ਇਹ ਮੇਰਾ ਦੇਸ਼ ਹੈ। ਮੇਰੇ ਮਾਤਾ ਪਿਤਾ ਦਾ ਦੇਸ਼ ਹੈ। ਮੈਂ ਉਨ੍ਹਾਂ ਦੀ ਆਬਰੂ ਉਨ੍ਹਾਂ ਦੀ ਇਜ਼ਤ ਮਿੱਟੀ ਵਿਚ ਨਹੀਂ ਮਿਲਾ ਸਕਦੀ। ਉਸ ਨੂੰ ਨੰਗਾ ਕਰਕੇ ਚੌਂਕ ਤੇ ਖੜ੍ਹਾ ਕਰ ਦਿਤਾ ਗਿਆ। ਉਸ ਦੀ ਬੱਚੀ ਜੋ ਖਿੜਕੀ ਵਿਚੋਂ ਦੇਖ ਰਹੀ ਸੀ ਉਸ ਨੇ ਕਸਮ ਖਾਧੀ ਕਿ ਉਹ ਇਸ ਗੱਲ ਦਾ ਬਦਲਾ ਜ਼ਰੂਰ ਲਵੇਗੀ। ਉਹ ਆਪਣੀ ਮਾਂ ਦਾ ਬਦਲਾ ਜ਼ਰੂਰ ਲਵੇਗੀ।

ਕੁਝ ਸਾਲਾਂ ਬਾਅਦ ਜਨਰਲ ਡਾਇਰ ਨੇ ਆਪਣੇ ਸਿਪਾਹੀਆਂ ਨੂੰ ਹੁਕਮ ਦੇ ਕੇ ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲੇ ਬਾਗ ਵਿਚ ਗੋਲੀ ਚਲਵਾਈ। ਉਥੇ ਲੋਕ ਉਸ ਦਿਨ ਵਿਸਾਖੀ ਮਨਾਉਣ ਲਈ ਇਕੱਠੇ ਹੋਏ ਸੀ। ਜਨਰਲ ਨੇ ਉਹ ਗੈਰ ਕਾਨੂੰਨੀ ਇਕਰਾਰ ਕਰਕੇ ਤੇ ਗੋਲੀਆਂ ਦੀ ਬੋਛਾੜ ਸ਼ੁਰੂ ਕਰ ਦਿਤੀ। ਇਸ ਹਾਦਸੇ ਨੇ ਸਾਰੇ ਸੰਸਾਰ ਵਿਚ ਤਹਿਲਕਾ ਮਚਾ ਦਿਤਾ। ਜਨਰਲ ਨੂੰ ਵਾਪਸ ਵਲੈਤ ਭੇਜ ਦਿਤਾ ਗਿਆ। ਉਥੇ ਉਸ ਨੂੰ ਇਕ ਬਹਾਦਰ ਕਹਿ ਕੇ ਉਸ ਨੂੰ ਨਿਵਾਜਿਆ ਗਿਆ। ਜਦੋਂ ਕਿ ਭਾਰਤ ਵਿਚ ਸੋਗ ਮਨਾਇਆ ਜਾ ਰਿਹਾ ਸੀ ਤੇ ਜਿਹੜਾ ਲੱਖਾਂ ਮਰ ਗਏ ਸੀ। ਉਨ੍ਹਾਂ ਨੂੰ ਸਾੜਿਆ ਜਾ ਰਿਹਾ ਸੀ। ਬਹੁਤ ਸਾਲ

ਬਾਅਦ ਜਦੋਂ ਇਹ ਪਤਾ ਲੱਗਾ ਕਿ ਜਨਰਲ ਡਾਇਰ ਭਾਰਤ ਮੁੜ ਆ ਰਿਹਾ ਹੈ ਤੇ ਉਸ ਦੇ ਆਉਣ ਦੀ ਤਿਆਰੀਆਂ ਹੋਣ ਲੱਗੀਆਂ ਹਨ। ਉਸ ਨੂੰ ਜੀ ਆਇਆਂ ਕਹਿਣ ਲਈ ਤਿਆਰ ਹੋਣ ਲੱਗੇ। ਉਹ ਕੁੜੀ ਜਿਸ ਨੇ ਆਪਣੀ ਮਾਂ ਦੀ ਪੱਤ ਲਥਦੀ ਦੇਖੀ ਸੀ, ਹੁਣ ਉਹ ਵੱਡੀ ਹੋ ਗਈ ਸੀ। ਉਸ ਨੇ ਇਹ ਕਿਹਾ ਕਿ ਉਹ ਉਸ ਨਾਲ ਵਿਆਹ ਕਰੇਗੀ ਜਿਹੜਾ ਜਨਰਲ ਡਾਇਰ ਨੂੰ ਮਾਰੇਗਾ।

ਗੁਰੂਦੇਵ ਦਾ ਬੇਟਾ ਤੇ ਚਾਰ ਹੋਰ ਮੁੰਡਿਆਂ ਨੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਜਨਰਲ ਡਾਇਰ ਉਸ ਸਮੇਂ ਬੈਠਾ ਘੋੜਿਆਂ ਦੀ ਦੌੜ ਦੇਖ ਰਿਹਾ ਸੀ। ਮੁੰਡੇ ਕੇਵਲ ਕਾਰ ਨੂੰ ਹੀ ਗੋਲੀ ਮਾਰ ਸਕੇ, ਜਨਰਲ ਨੂੰ ਗੋਲੀ ਨਾ ਲੱਗੀ ਪਰ ਮੁੰਡਿਆਂ ਨੂੰ ਕੈਦ ਕਰ ਲਿਆ ਗਿਆ ਤੇ ਫਾਂਸੀ ਦੀ ਸਜ਼ਾ ਦੇ ਦਿਤੀ ਗਈ।

ਬਾਕੀ ਦੇ ਜੱਜ ਗੁਰੂਦੇਵ ਦਾ ਬਹੁਤ ਸਤਿਕਾਰ ਕਰਦੇ ਸੀ। ਉਹ ਗੁਰੂਦੇਵ ਕੋਲ ਆਏ ਤੇ ਕਹਿਣ ਲੱਗੇ। ਜੇ ਉਹ ਅਖਬਾਰ ਵਿਚ ਕਢਾ ਦੇਣ ਕਿ ਉਹ ਉਨ੍ਹਾਂ ਦਾ ਬੇਟਾ ਨਹੀਂ ਤੇ ਇਹ ਕਹਿਣ ਜੋ ਉਸ ਨੇ ਕੀਤਾ ਹੈ ਉਹ ਉਸ ਦੀ ਨਖੇਦੀ ਕਰਦੇ ਹਨ ਜੱਜ ਉਸ ਨੂੰ ਫਾਂਸੀ ਤੋਂ ਬਚਾ ਕੇ ਉਮਰ ਕੈਦ ਦੀ ਸਜ਼ਾ ਦਵਾ ਦੇਣਗੇ।

ਗੁਰੂਦੇਵ ਲਈ ਇਹ ਫੈਸਲਾ ਲੈਣਾ ਸਭ ਤੋਂ ਔਖਾ ਸੀ। ਗੁਰੂਦੇਵ ਨੇ ਕਿਹਾ ਕਿ ਮੇਰੇ ਬੇਟੇ ਨੂੰ ਪਤਾ ਸੀ ਉਹ ਕੀ ਕਰ ਰਿਹਾ ਹੈ ਤੇ ਉਹ ਇਸ ਦਾ ਨਤੀਜਾ ਵੀ ਜਾਣਦਾ ਸੀ। ਜੇ ਉਸ ਨੇ ਇਹ ਕਰਕੇ ਕਾਨੂੰਨ ਦੀ ਉਲੰਘਣਾ ਕੀਤੀ ਹੈ ਇਹ ਉਸ ਦੀ ਆਪਣੀ ਜ਼ਿੰਮੇਵਾਰੀ ਹੈ, ਮੈਂ ਉਸ ਦੇ ਕਰਮ ਦੀ ਮਾਫੀ ਨਹੀਂ ਮੰਗ ਸਕਦਾ। ਮੈਂ ਇਕ ਜੱਜ ਹਾਂ, ਤੁਹਾਨੂੰ ਅੰਗਰੇਜ਼ਾਂ ਨੂੰ ਸਾਡੇ ਦੇਸ਼ ਵਿਚ ਰਹਿਣਾ ਹੀ ਨਹੀਂ ਚਾਹੀਦਾ।

ਬਾਕੀ ਦੇ ਸਾਰੇ ਜੱਜ ਬੜੇ ਗੁੱਸੇ ਹੋਏ ਤੇ ਉਨ੍ਹਾਂ ਗੁਰੂਦੇਵ ਨੂੰ ਮਜ਼ਬੂਰ ਕੀਤਾ ਕਿ ਉਹ ਆਪਣੇ ਪੁਤਰ ਦੀ ਫਾਂਸੀ ਦੀ ਸਜ਼ਾ ਦੇ ਕਾਗਜ਼ ਉਤੇ ਦਸਤਖਤ ਕਰਨ। ਗੁਰੂਦੇਵ ਨੇ ਦਸਤਖਤ ਕਰ ਦਿਤਾ ਜਿਸ ਪੈਨ ਨਾਲ ਦਸਤਖਤ ਕੀਤੇ ਸੀ ਉਹ ਤੋੜ ਦਿਤਾ ਤੇ ਕਚਹਿਰੀ ਤੋਂ ਬਾਹਰ ਆ ਗਏ। ਸਾਰੇ ਉਨ੍ਹਾਂ ਨੂੰ ਲੱਭਣ ਲੱਗੇ ਪਰ ਉਨ੍ਹਾਂ ਦਾ ਕੋਈ ਪਤਾ ਨਾ ਲੱਗਾ। ਉਨ੍ਹਾਂ ਦੀ ਪਤਨੀ ਇਨ੍ਹਾਂ ਸਦਮਿਆਂ ਨਾਲ ਪਾਗਲ ਹੋ ਗਈ ਤੇ ਥੋੜ੍ਹੀ ਦੇਰ ਬਾਅਦ ਮਰ ਗਈ। ਫੇਰ ਗੁਰੂਦੇਵ ਹਿਮਾਲੀਆ ਚਲੇ ਗਏ ਪਰ ਲੋਕੀ ਅੰਗਰੇਜ਼ਾਂ ਨੂੰ ਹੀ ਉਨ੍ਹਾਂ ਦੇ ਅਲੋਪ ਹੋਣ ਦਾ ਕਸੂਰਵਾਰ ਠਹਿਰਾਉਂਦੇ ਰਹੇ।

ਮੈਂ ਇਹ ਸਭ ਕੁਝ ਸੁਣ ਕੇ ਬਹੁਤ ਦਰਵ ਗਿਆ, ਮੇਰਾ ਦਿਲ ਦੁਖੀ ਹੋ ਗਿਆ ਕਿ ਗੁਰੂਦੇਵ ਨੂੰ ਆਪਣੇ ਪੁਤਰ ਦੀ ਮੌਤ ਦੀ ਸਜ਼ਾ ਦੇ ਕਾਗਜ਼ਾਂ ਤੇ ਦਸਤਖਤ ਕਰਨੇ ਪਏ। ਇਹ ਕੁਰਬਾਨੀ ਭਾਰਤ ਦੀ ਆਜ਼ਾਦੀ ਦੀ ਲੜਾਈ ਨੂੰ ਇਕ ਦੇਣ ਸੀ ਤੇ ਗੁਰੂਦੇਵ ਦਾ ਇਹ ਫੈਸਲਾ ਕਿ ਉਹ ਸੰਸਾਰ ਤੋਂ ਪਰ੍ਹੇ ਹੋ ਜਾਣਗੇ ਉਸ ਦੀ ਦੇਣ ਸਵਾਮੀ ਜੀ ਸਨ। ਅੱਜ ਸਵਾਮੀ ਜੀ ਸਾਡੇ ਵਿਚ ਬੈਠੇ ਗੁਰੂਦੇਵ ਦੀ ਸਾਨੂੰ ਇਕ ਵੱਡੀ ਦੇਣ ਦੀਆਂ ਬਾਤਾਂ ਸੁਣਾ ਰਹੇ ਸੀ।

ਸਵਾਮੀ ਜੀ ਅੱਗੇ ਜਾਰੀ ਰਖਦੇ ਕਹਿਣ ਲੱਗੇ, ਗੁਰੂਦੇਵ ਨੇ ਸਦਾ ਹੀ ਮਿਸਾਲ ਬਣ ਕੇ ਦਿਖਾਇਆ ਹੈ। ਇਕ ਵਾਰੀ ਅਸੀਂ ਮਸੂਰੀ ਜਾ ਰਹੇ ਸੀ ਕਿ ਇਕ ਕੋਬਰਾ ਸੱਪ ਸਾਡੇ ਸਾਮ੍ਹਣੇ ਆ ਗਿਆ। ਮੈਂ ਏਧਰ ਓਧਰ ਕੋਈ ਪਹਾੜੀ, ਕੋਈ ਚਟਾਨ ਦੇਖਣ ਲਗ ਪਿਆ, ਏਨੀ ਦੇਰ ਵਿਚ ਮੈਂ ਦੇਖਿਆ ਗੁਰੂਦੇਵ ਕੋਬਰੇ ਕੋਲ ਗਏ, ਉਸ ਦੇ ਸਿਰ ਪਿਆਰ ਕੀਤਾ ਤੇ ਸੱਪ ਉਥੋਂ ਮੁੜ ਗਿਆ।

ਗੁਰੂਦੇਵ ਸਦਾ ਹੀ ਲੋਕਾਂ ਦੀ ਮੱਦਦ ਕਰਦੇ ਰਹਿੰਦੇ। ਦੂਰ ਬੈਠੇ ਵੀ ਲੋਕ ਭਲਾ ਸੋਚਦੇ ਰਹਿੰਦੇ ਤੇ ਕਰਦੇ ਰਹਿੰਦੇ। ਗੁਰੂਦੇਵ ਨੇ ਬਹੁਤ ਸਾਰੇ ਲੀਡਰਾਂ ਦੇ ਜੀਵਨ ਵਿਚ ਯੋਗਦਾਨ ਪਾਇਆ ਹੈ। ਗਾਂਧੀ ਜੀ ਜੈ ਪਰਕਾਸ਼ ਨਾਰਾਇਣ, ਡਾ. ਰਾਜਿੰਦਰ ਪਰਸ਼ਾਦ ਤੇ ਟੈਗੋਰ ਫੇਰ ਉਚ ਕੋਟੀ ਦੇ ਸੰਤ ਜਿਵੇਂ ਰਾਮਕ੍ਰਿਸ਼ਨ ਔਰੋਬਿੰਦੋ ਇਹ ਸਾਰੇ ਗੁਰੂਦੇਵ ਦਾ ਬਹੁਤ ਸਤਿਕਾਰ ਕਰਦੇ ਸੀ।

ਮੈਨੂੰ ਬਹੁਤ ਚੰਗਾ ਲਗ ਰਿਹਾ ਸੀ ਕਿ ਸਵਾਮੀ ਜੀ ਇਹ ਸਭ ਕੁਝ ਸਾਡੇ ਨਾਲ ਸਾਂਝਾ ਕਰ ਰਹੇ ਹਨ। ਸਵਾਮੀ ਜੀ ਦੀ ਆਪਣੀ ਤਬੀਅਤ ਕੋਈ ਬਹੁਤ ਅੱਛੀ ਨਹੀਂ ਸੀ ਤੇ ਸਵਾਮੀ ਜੀ ਸਰੀਰ ਛੱਡਣ ਦੀਆਂ ਗੱਲਾਂ ਕਰ ਰਹੇ ਸੀ ਤੇ ਉਨ੍ਹਾਂ ਦੇ ਜ਼ੁੰਮੇ ਜੋ ਕਾਰਜ ਹੈ ਉਸ ਨੂੰ ਪੂਰਾ ਕਰਨ ਦੀ ਸੋਚ ਰਹੇ ਹਨ।

ਅਗਲੀ ਸਵੇਰ ਅਸੀਂ ਫੇਰ ਖਚਰਾਂ ਤੇ ਚਲ ਪਏ ਤੇ ਚੜ੍ਹਾਈ ਚੜ੍ਹਨੀ ਸ਼ੁਰੂ ਕਰ ਦਿਤੀ। ਅਸੀਂ ਉਪਰ ਹੀ ਉਪਰ ਜਾ ਰਹੇ ਸੀ। ਫੇਰ ਅਸੀਂ ਇਕ ਜਗ੍ਹਾ ਚਾਹ ਪੀਣ ਰੁਕ ਗਏ ਉਹ ਪਥਰੀਲੀ ਤੇ ਗੰਦੀ ਸੜਕ ਸੀ। ਸਵਾਮੀ ਜੀ ਨੂੰ ਇਹ ਪਤਾ ਲਗ ਜਾਂਦਾ ਸੀ ਕਿ ਕਦੋਂ ਕਿਸ ਨੂੰ ਕਿਹੜੀ ਚੀਜ਼ ਚਾਹੀਦੀ ਹੈ। ਅਸੀਂ ਖਚਰਾਂ ਖੜ੍ਹੀਆਂ ਕਰਕੇ ਆਖਰੀ ਅੱਧਾ ਘੰਟਾ ਪੈਦਲ ਚੱਲ ਕੇ, ਜੰਮਨੋਤਰੀ ਦੇ ਮੁੱਖ ਤਕ ਪਹੁੰਚੇ, ਉਥੇ ਬਹੁਤ ਹੀ ਭੀੜੀ ਵਾਦੀ ਸੀ ਤੇ ਬਹੁਤ ਹੀ ਸੁਹਾਵਣਾ ਦ੍ਰਿਸ਼ ਸੀ। ਉਪਰ ਉਬਲਦੇ ਪਾਣੀ ਸੀ। ਇਹ ਇਕ ਪਥਰੀਲੀ ਚਟਾਨ ਵਿਚੋਂ ਨਿਕਲ ਰਿਹਾ ਸੀ ਤੇ ਫੇਰ ਉਹ ਗਰਮ ਪਾਣੀ ਦਾ ਇਕ ਚਸ਼ਮਾ ਬਣ ਜਾਂਦਾ ਸੀ। ਪਾਣੀ ਏਨਾ ਗਰਮ ਸੀ ਕਿ ਲੋਕਾਂ ਨੇ ਕਪੜੇ ਵਿਚ ਦਾਲ ਚੌਲ ਬੰਨ ਕੇ ਸੁੱਟੇ ਹੋਏ ਸੀ ਤੇ ਉਹ ਪੱਕ ਕੇ ਤਿਆਰ ਹੋ ਗਏ ਸੀ। ਸਵਾਮੀ ਜੀ ਨੂੰ ਦੱਸਿਆ ਕਿ ਕਈ ਪੱਥਰਾਂ ਵਿਚੋਂ ਕੁਝ ਨਿਕਲ ਰਿਹਾ ਹੈ ਜੋ ਕਿ ਇਕ ਦਵਾਈ ਦੀ ਤਰ੍ਹਾਂ ਹੀ ਹੈ।

ਜਦੋਂ ਅਸੀਂ ਹੌਲੀ-ਹੌਲੀ ਗਰਮ ਪਾਣੀ ਵਲ ਜਾ ਰਹੇ ਸੀ। ਸਵਾਮੀ ਜੀ ਕਹਿਣ ਲੱਗੇ, "ਜਸਟਿਨ ਤੈਨੂੰ ਪਤਾ ਹੈ ਕਿ ਦੇਵੀ ਦੇਵਤੇ ਵੀ ਇਸ਼ਨਾਨ ਕਰਦੇ ਹਨ।"

"ਮੈਨੂੰ ਇਸ਼ਨਾਨ ਤੋਂ ਪਹਿਲਾਂ ਸੋਚਣਾ ਪਵੇਗਾ, ਜਦੋਂ ਮੈਂ ਗਰਮ ਪਾਣੀ ਵਿਚ ਜਾ ਰਿਹਾ ਸੀ। ਮੇਰਾ ਸੁਆਸ ਰੁਕ ਗਿਆ, ਮੈਂ ਸਰੀਰ ਨੂੰ ਗਰਮ ਪਾਣੀ ਵਿਚ ਲੈ ਜਾਣ ਦੀ ਕੋਸ਼ਿਸ਼ ਕੀਤੀ। ਹੌਲੀ-ਹੌਲੀ ਮੈਂ ਗਰਮ ਪਾਣੀ ਵਿਚ ਚਲਾ ਗਿਆ ਤੇ ਮੈਂ ਗਰਮ ਪਾਣੀ ਦਾ ਅਨੰਦ ਲੈਣ ਲਗ ਪਿਆ ਪਰ ਇਹ ਅਨੰਦ ਬਹੁਤ ਥੋੜ੍ਹੀ ਦੇਰ ਦਾ ਸੀ ਕਿਉਂਕਿ ਮੈਨੂੰ ਦੱਸਿਆ ਗਿਆ ਕਿ ਇਸ ਤੋਂ ਇਕ ਦਮ ਬਾਅਦ ਠੰਢੇ ਪਾਣੀ ਵਿਚ ਜਾਣਾ ਜ਼ਰੂਰੀ ਹੈ। ਜਿਹੜਾ ਪਾਣੀ ਬਰਫੀਲੀਆਂ ਪਹਾੜੀਆਂ ਤੋਂ ਆ ਰਿਹਾ ਹੈ, ਸੋ ਅਸੀਂ ਗਰਮ ਗਰਮ ਪਾਣੀ ਵਿਚੋਂ ਨਿਕਲ ਕੇ ਸਿੱਧੇ ਨਦੀ ਵਿਚ ਗਏ। ਪਾਣੀ ਬਹੁਤ ਹੀ ਠੰਢਾ ਸੀ, ਅਤਿ ਠੰਢਾ ਬਰਫ ਪਰ ਇਕ ਦਮ ਮੈਨੂੰ ਲੱਗਾ ਜਿਵੇਂ ਬਹੁਤ ਸ਼ਕਤੀ ਆ ਗਈ ਹੋਵੇ, ਥਕੇਵਾਂ ਬਿਲਕੁਲ ਜਿਵੇਂ ਉਤਰ ਗਿਆ ਹੋਵੇ ਤੇ ਮੈਂ ਕੁਝ ਵੀ ਕਰਨ ਨੂੰ ਤਿਆਰ ਹੋਵਾਂ, ਅਸੀਂ ਨਦੀ ਵਿਚੋਂ ਨਿਕਲ ਕੇ ਕਪੜੇ ਪਾਏ। ਅਸੀਂ ਖੂਬ ਜ਼ੋਰ-ਜ਼ੋਰ ਦੀ ਖੁਲ੍ਹ ਕੇ ਹੱਸੇ, ਥੱਲੇ ਇਕ ਗੁਫਾ ਦਿਸ ਰਹੀ ਸੀ ਉਸ ਦੀ ਅੱਗੇ ਦੀ ਜਗ੍ਹਾ ਤੇ ਰੰਗ ਹੋਇਆ ਹੋਇਆ ਸੀ। ਅਸੀਂ ਨਦੀ ਦੇ ਦੂਸਰੇ ਪਾਰ ਜਾ ਕੇ ਸਾਧੂ ਮਹਾਤਮਾ ਨੂੰ ਪ੍ਰਣਾਮ ਕੀਤਾ। ਉਹ ਹਨੂੰਮਾਨ ਜੀ ਦੇ ਭਗਤ ਸੀ। ਅਸੀਂ ਉਥੇ ਖਾਣਾ ਖਾਇਆ। ਇਹ ਜਗ੍ਹਾ 10,000 ਫੁੱਟ ਤੇ ਸੀ।

ਜਦੋਂ ਉਨ੍ਹਾਂ ਨੇ ਹਨੂੰਮਾਨ ਦਾ ਨਾਮ ਲਿਆ। ਮੈਨੂੰ ਯਾਦ ਆ ਗਿਆ। ਸਾਨੂੰ ਸਵਾਮੀ ਜੀ ਨੇ ਹਨੂੰਮਾਨ ਜੀ ਬਾਰੇ ਦੱਸਿਆ ਸੀ। ਸਵਾਮੀ ਜੀ ਨੇ ਦੱਸਿਆ ਕਿ ਬਹੁਤ ਬਹੁਤ ਸਾਰੇ ਲੋਕ ਇਹ ਗਲਤ ਸੋਚਦੇ ਹਨ ਕਿ ਹਨੂੰਮਾਨ ਜੀ ਇਕ ਬਾਂਦਰ ਸੀ। ਹਨੂੰਮਾਨ ਜੀ ਮਨੁੱਖ ਦੇ ਜਾਮੇ ਵਿਚ ਸੀ। ਉਹ ਜੰਗਲ ਦੀ ਇਕ ਜਾਤੀ ਦੇ ਸੀ ਕਿਉਂਕਿ ਉਹ ਜੰਗਲ ਵਿਚ ਰਹਿਣ ਵਾਲੇ ਸੀ। ਇਸ ਲਈ ਉਨ੍ਹਾਂ ਦੇ ਨੈਣ ਨਕਸ਼ ਬਾਂਦਰਾਂ ਵਰਗੇ ਸੀ। ਉਨ੍ਹਾਂ ਦੀ ਰਾਮਚੰਦਰ ਜੀ ਲਈ ਸੇਵਾ ਉਨ੍ਹਾਂ ਦੀ ਸ਼ਰਧਾ, ਇਕ ਮਿਸਾਲ ਹੈ ਤੇ ਉਹ ਬ੍ਰਹਮਚਾਰੀ ਹੀ ਰਹੇ, ਉਨ੍ਹਾਂ ਨੇ ਕਾਮ ਨੂੰ ਜਿੱਤ ਕੇ ਸੇਵਾ ਵਿਚ ਲਗਾ ਲਿਆ ਸੀ।

ਮੈਨੂੰ ਇਹ ਚੰਗੀ ਤਰ੍ਹਾਂ ਯਾਦ ਸੀ। ਥੋੜ੍ਹੀ ਦੇਰ ਬਾਅਦ ਮੈਨੂੰ ਜਾਗ ਆਈ। ਮੈਂ ਸੁੱਤਾ ਪਿਆ ਸੀ। ਯੋਗੀ ਆਪਣਾ ਪੂਜਾ ਪਾਠ ਕਰ ਰਹੇ ਸੀ। ਹੁਣ ਮੈਨੂੰ ਲੱਗਾ ਜਿਵੇਂ ਜੱਥਾ ਆ ਗਿਆ ਹੋਵੇ। ਸਾਧੂਆਂ ਨੇ ਜੱਥੇ ਨੂੰ ਖਾਣਾ ਖੁਆਇਆ ਉਥੇ ਦੀ ਫਿਲਮ ਵੀ ਬਣਾਈ ਗਈ। ਉਨ੍ਹਾਂ ਸਾਧੂਆਂ ਨੂੰ ਭੇਟਾ ਵੀ ਕੀਤੀ। ਸਵਾਮੀ ਜੀ ਪਹਾੜੀ ਰਸਤੇ ਤੇ ਤੁਰ ਰਹੇ ਸੀ। ਸਵਾਮੀ ਜੀ ਦੱਸਣ ਲੱਗੇ ਕਿ ਬਹੁਤ ਸਾਲ ਪਹਿਲੇ ਸਵਾਮੀ ਜੀ ਪੰਜ ਮੀਲ ਅੱਗੇ ਤਕ ਗਏ ਸੀ। ਉਥੇ ਪੰਜ ਸਾਧੂ ਰਹਿੰਦੇ ਸੀ। ਲੋਕੀ ਕਹਿੰਦੇ ਹਨ ਕਿ ਉਹ ਅਜੇ ਵੀ ਉਥੇ ਹੀ ਰਹਿੰਦੇ ਹਨ ਤੇ ਜਦੋਂ ਵੀ ਕਿਸੇ ਨੂੰ ਲੋੜ ਪਵੇ ਸਹਾਇਤਾ ਕਰਦੇ ਹਨ।

ਜਿਵੇਂ ਜਿਵੇਂ ਅਸੀਂ ਇਨ੍ਹਾਂ ਪਹਾੜਾਂ ਵਿਚ ਗਮਨ ਕਰ ਰਹੇ ਸੀ। ਸਵਾਮੀ ਜੀ ਦੀਆਂ ਅੱਖਾਂ ਚਮਕ ਰਹੀਆਂ ਸੀ। ਸਵਾਮੀ ਜੀ ਅਨੰਦਿਤ ਹੋ ਰਹੇ ਸੀ। ਉਨ੍ਹਾਂ ਨੂੰ ਸਾਡੇ ਨਾਲ ਜਾ ਕੇ ਬਹੁਤ ਹੀ ਚੰਗਾ ਲਗ ਰਿਹਾ ਸੀ। ਸਾਨੂੰ ਸਾਰਾ ਕੁਝ ਦਿਖਾ ਕੇ ਦੱਸ ਕੇ ਉਨ੍ਹਾਂ ਨੂੰ ਖੁਸ਼ੀ ਮਿਲ ਰਹੀ ਸੀ। ਜਦੋਂ ਬੱਸ ਚਲੀ ਗਈ ਅਸੀਂ ਕਾਰ ਵਿਚ ਵਾਪਸ ਆਏ। ਸਵਾਮੀ ਜੀ ਮੈਨੂੰ ਦੱਸਣ ਲੱਗੇ ਕਿ ਕਿਵੇਂ ਸਵਾਮੀ ਜੀ ਗੁਫਾ ਵਿਚ ਰਹੇ ਤੇ ਕਿਵੇਂ ਉਹ ਮੱਠਾਂ ਵਿਚ ਰਹੇ, ਆਸ਼ਰਮਾਂ ਵਿਚ ਰਹੇ।

ਜਸਟਿਨ ਤੈਨੂੰ ਪਤਾ ਹੈ ਮੇਰਾ ਵਿਆਹ ਵੀ ਹੋਇਆ ਸੀ, ਮੇਰੇ ਦੋ ਬੱਚੇ ਵੀ ਹਨ। ਉਹ ਸਮਾਂ ਮੇਰੇ ਜੀਵਨ ਦਾ ਅਤਿ ਔਖਾ ਸਮਾਂ ਸੀ। ਮੈਂ ਸ਼ਾਂਤੀ ਲਈ ਇਕੱਲੇਪਨ ਲਈ ਜਿਵੇਂ ਤੜਫਦਾ ਸੀ। ਮੈਂ ਇਹ ਸੋਚ ਲਿਆ ਸੀ ਕਿ ਕਰਮ ਪੂਰਾ ਕਰ ਦਿਤਾ ਹੈ ਪਰ ਮੈਨੂੰ ਮੁੜ ਹਿਮਾਲਿਆ ਹੀ ਜਾਣਾ ਚਾਹੀਦਾ ਹੈ। ਮੈਂ ਤਿਆਗ ਵਾਸਤੇ ਹੀ ਹਾਂ। ਗੁਰਦੇਵ ਨੇ ਮੈਨੂੰ ਜੀ ਆਇਆਂ ਕਿਹਾ ਜਦੋਂ ਮੈਂ ਮੁੜ ਕੇ ਗਿਆ। ਫੇਰ ਗੁਰੂਦੇਵ ਨੇ ਮੈਨੂੰ ਰਹਿੰਦੇ ਜੀਵਨ ਲਈ ਤਿਆਰ ਕੀਤਾ, ਮੇਰਾ ਦਿਮਾਗ ਇਕ ਦਮ ਮਹਾਤਮਾ ਬੁੱਧ ਵਲ ਗਿਆ। ਉਹ ਵੀ ਤਾਂ ਰਾਜਕੁਮਾਰ ਸੀ। ਉਹ ਵੀ ਸਭ ਕੁਝ ਤਿਆਗ ਕੇ ਆ ਗਏ ਸੀ। ਬੱਚਾ ਪਤਨੀ ਰਾਜ ਪਾਠ, ਰਾਤ ਰਾਤ ਹੀ ਜੰਗਲਾਂ ਵਿਚ ਗਿਆਨ ਨੂੰ ਪ੍ਰਾਪਤ ਕਰਨ ਤੁਰ ਪਏ ਸੀ। ਅੰਤ ਉਨ੍ਹਾਂ ਨੂੰ ਗਿਆਨ ਹੋਇਆ ਤੇ ਸਾਰਾ ਸੰਸਾਰ ਉਨ੍ਹਾਂ ਨੂੰ ਮਹਾਤਮਾ ਬੁੱਧ ਕਹਿ ਕੇ ਪੁਕਾਰਦਾ ਹੈ। ਮਹਾਂਪੁਰਖਾਂ ਦੇ ਜੀਵਨ ਬਹੁਤ ਵਚਿੱਤਰ ਹੁੰਦੇ ਹਨ। ਉਨ੍ਹਾਂ ਦਾ ਨਿਸ਼ਚਾ ਐਨਾ ਦ੍ਰਿੜ ਹੁੰਦਾ ਹੈ ਕਿ ਉਹ ਸੱਚ ਭਾਲ ਕੇ ਹੀ ਰਹਿੰਦੇ ਹਨ। ਸਤਿ ਲਈ ਉਹ ਸਭ ਕੁਝ ਦਾ ਤਿਆਗ ਕਰ ਦਿੰਦੇ ਹਨ।

ਸਵਾਮੀ ਜੀ ਜਦੋਂ ਆਪਣੇ ਆਪ ਨੂੰ ਇਹ ਸਰੀਰ ਕਹਿ ਕੇ ਦੱਸਦੇ ਸੀ ਮੈਨੂੰ ਬਹੁਤ ਹੀ ਅਜੀਬ ਲਗਦਾ ਸੀ। ਮੈਨੂੰ ਉਹ ਸਭ ਕੁਝ ਯਾਦ ਆ ਜਾਂਦੀ ਸੀ। ਕਿਵੇਂ ਉਨ੍ਹਾਂ ਨੇ ਇਕ ਸਰੀਰ ਤੋਂ ਬਾਅਦ ਦੂਸਰਾ ਧਾਰਨ ਕੀਤਾ। ਬਹੁਤ ਵਾਰੀ ਕੋਈ ਮਿਰਤਕ ਸਰੀਰ ਨਦੀ ਵਿਚ ਰੁੜ੍ਹ ਰਿਹਾ ਹੁੰਦਾ ਸੀ ਜਾਂ ਸੱਪ ਦਾ ਡੱਸਿਆ ਕੋਈ ਜੰਗਲ ਵਿਚ ਪਿਆ ਹੁੰਦਾ ਸੀ। ਬੱਸ ਉਸ ਨੂੰ ਧਾਰਨ ਕਰ ਲੈਣਾ ਜਿਵੇਂ ਕਪੜੇ ਬਦਲੀਦੇ ਹਨ। ਮੈਂ ਸਵਾਮੀ ਜੀ ਨੂੰ ਪੁੱਛਣਾ ਚਾਹੁੰਦਾ ਸੀ ਇਹ ਕਿਵੇਂ ਹੁੰਦਾ ਹੈ ਪਰ ਮੈਂ ਉਨ੍ਹਾਂ ਨੂੰ ਵਿਚੋਂ ਟੋਕਣਾ ਨਹੀਂ ਸੀ ਚਾਹੁੰਦਾ। ਉਹ ਇਸ ਸਮੇਂ ਕਾਰ ਦੀ ਖਿੜਕੀ ਵਿਚੋਂ

ਬਾਹਰ ਦਾ ਨਜ਼ਾਰਾ ਦੇਖ ਰਹੇ ਸੀ ਕਾਰ ਬਿਲਕੁਲ ਢਲਾਨ ਤੇ ਚਲ ਰਹੀ ਸੀ।

ਇਕ ਦਿਨ ਹੋਰ ਸਫਰ ਕਰਨ ਤੋਂ ਬਾਅਦ ਅਸੀਂ ਗੰਗੋਤਰੀ ਪਹੁੰਚੇ। ਇਹ ਉਹ ਜਗ੍ਹਾ ਹੈ ਜਿਥੇ ਅਨੇਕਾਂ ਯੋਗੀ ਰਹੇ ਹਨ। ਹਜ਼ਾਰਾਂ ਸਾਲ ਰਹੇ ਹਨ। ਇਥੇ ਗੰਗਾ ਦਾ ਸਰੋਤ ਹੈ। ਗੰਗਾ ਕਿਵੇਂ ਉਸ ਸਰੋਤ ਵਿਚੋਂ ਪ੍ਰਗਟ ਹੁੰਦੀ ਹੈ ਉਹ ਇਕ ਨਜ਼ਾਰਾ ਹੈ, ਇਸ ਤੋਂ ਬਾਅਦ ਉਹ ਮੈਦਾਨ ਵਿਚ ਆ ਜਾਂਦੀ ਹੈ। ਉਥੇ ਵੱਡੀ ਸਾਰੀ ਖੁਲ੍ਹੀ ਥਾਂ ਤੇ ਬਹੁਤ ਸਾਰੀਆਂ ਲੱਕੜੀ ਦੀਆਂ ਕੁਟੀਆਂ ਬਣੀਆਂ ਹੋਈਆਂ ਹਨ। ਬਹੁਤ ਸਾਰੇ ਲੋਕੀ ਆ ਕੇ ਗਰਮੀਆਂ ਵਿਚ ਖਾਣ ਪੀਣ ਦੀਆਂ ਦੁਕਾਨਾਂ ਵੀ ਲਗਾਉਂਦੇ ਹਨ। ਸਰਦੀਆਂ ਵਿਚ ਏਥੇ ਦੱਸ ਫੁੱਟ ਬਰਫ ਪਈ ਹੋਣ ਕਰਕੇ ਇਥੇ ਕੋਈ ਵੀ ਨਹੀਂ ਹੁੰਦੇ ਕੇਵਲ ਯੋਗੀ ਹੀ ਹੁੰਦੇ ਹਨ। ਉਹ ਆਪਣੀਆਂ ਗੁਫਾਵਾਂ ਵਿਚ ਅਭਿਆਸ ਕਰਦੇ ਹਨ।

ਗੰਗੋਤਰੀ ਸੰਸਾਰ ਦੀ ਸਭ ਤੋਂ ਸੋਹਣੀ ਥਾਂ ਲੱਗੀ, ਚਾਰੋਂ ਪਾਸੇ ਬਰਫ ਨਾਲ ਢਕੇ ਪਹਾੜ ਦੇਖਣ ਵਿਚ ਐਨੇ ਨੇੜੇ ਲਗਦੇ ਸੀ ਕਿ ਤੁਸੀਂ ਹੱਥ ਲਗਾ ਸਕਦੇ ਹੋਵੋ। ਸਾਰੇ ਚਾਰੋਂ ਪਾਸੇ ਪਹਾੜਾਂ ਤੇ ਫੁੱਲ ਤੇ ਦਰਖਤ ਹੀ ਦਰਖਤ ਸੀ। ਨਦੀ ਦੀ ਆਵਾਜ਼ ਜਿਵੇਂ ਦਹਾੜ ਰਹੀ ਹੋਵੇ ਤੇ ਇਕ ਬਹੁਤ ਹੀ ਸੋਹਣੀ ਚਟਾਨ ਵਿਚੋਂ ਲੰਘਦੀ ਹੈ ਪਾਣੀ ਨੇ ਬਹੁਤ ਹੀ ਸੋਹਣਾ ਰਾਹ ਬਣਾਇਆ ਹੋਇਆ ਹੈ।

ਮੈਂ ਚੀੜ ਦੇ ਦਰਖਤਾਂ ਵਿਚ ਘੁੰਮ ਰਿਹਾ ਸੀ। ਮੈਂ ਇਨ੍ਹਾਂ ਵਿਚ ਦੌੜਨ ਦੀ ਵੀ ਕੋਸ਼ਿਸ਼ ਕੀਤੀ। ਮੈਂ ਆਪਣੇ ਫੇਫੜਿਆਂ ਦਾ ਵੀ ਟੈਸਟ ਲੈਣਾ ਚਾਹੁੰਦਾ ਸੀ ਪਰ 10.000 ਫੁੱਟ ਦੀ ਉਚਾਈ ਤੇ ਮੇਰੇ ਫੇਫੜਿਆਂ ਨੇ ਸਾਥ ਨਹੀਂ ਦਿਤਾ। ਗੰਗਾ ਵਿਚੋਂ ਨਿਕਲਦੇ ਪਾਣੀ ਦੇ ਵੱਖ-ਵੱਖ ਰੰਗ ਮੈਨੂੰ ਲੁਭਾ ਰਹੇ ਸੀ। ਵੱਖ-ਵੱਖ ਜਗ੍ਹਾਂ ਤੋਂ ਵੱਖ-ਵੱਖ ਰੰਗ ਦਿਸ ਰਹੇ ਸੀ। ਇਸ ਤਰ੍ਹਾਂ ਲਗ ਰਿਹਾ ਸੀ ਕਿ ਸਦੀਆਂ ਤੋਂ ਪਾਣੀ ਨੇ ਆਪਣਾ ਕਿੰਨਾ ਸੋਹਣਾ ਰਸਤਾ ਬਣਾ ਲਿਆ ਸੀ। ਮੈਂ ਪਾਣੀ ਦੇ ਬਣਾਏ ਰਾਹ ਨੂੰ ਦੂਰ ਤਕ ਦੇਖਦਾ ਰਿਹਾ ਜਦੋਂ ਤਕ ਤੇ ਜਿਥੇ ਤਕ ਮੇਰੀਆਂ ਅੱਖਾਂ ਦੇਖ ਸਕਦੀਆਂ ਸੀ। ਫੇਰ ਚੀੜ੍ਹ ਦੀ ਸੁਗੰਧ ਨੇ ਮੇਰੀਆਂ ਇੰਦ੍ਰੀਆਂ ਨੂੰ ਮੋੜ ਕੇ ਲੈ ਆਂਦਾ। ਮੇਰੇ ਮਨ ਵਿਚ ਇਕ ਦਮ ਆਇਆ ਕਿੰਨੀ ਅਜੀਬ ਗੱਲ ਹੈ ਕਿ ਸਵਾਮੀ ਜੀ ਨੇ ਮੈਨੂੰ ਇਸ ਦੌਰੇ ਵਿਚ ਵੱਧ ਤੋਂ ਵੱਧ ਸਮਾਂ ਆਪਣੇ ਨਾਲ ਹੀ ਰੱਖਿਆ ਹੈ। ਰੋਜ਼ ਮੈਨੂੰ ਉਹ ਕਾਰ ਵਿਚ ਬੁਲਾਉਂਦੇ ਹਨ, ਮੇਰੇ ਨਾਲ ਗੱਲਾਂ ਕਰਦੇ ਹਨ, ਮੈਨੂੰ ਆਪਣੇ ਤਪ ਸਥਾਨ ਦਿਖਾਉਂਦੇ ਹਨ। ਰੋਜ਼ ਉਹ ਮੇਰੇ ਨਾਲ ਚੀੜ ਦੇ ਦਰਖਤਾਂ ਵਿਚ ਦੀ ਲੰਘਦੇ ਹਨ ਤੇ ਆਪਣੇ ਗੁਰੂਦੇਵ ਨਾਲ ਬੀਤੇ ਦਿਨਾਂ ਨੂੰ ਯਾਦ ਕਰਕੇ, ਸਿਮਰ ਕੇ ਗੱਦ ਗੱਦ ਹੁੰਦੇ ਹਨ। ਬਹੁਤ ਵਾਰੀ ਸਵਾਮੀ ਜੀ ਤੇ ਮੈਂ ਇਕੱਠੇ ਭੋਜਨ ਕਰਦੇ, ਚਾਹ ਪੀਂਦੇ, ਮੈਨੂੰ ਪਤਾ ਸੀ ਸਵਾਮੀ ਜੀ ਨੇ ਚਾਰਲਸ ਨੂੰ ਕਿਹਾ ਸੀ, ਉਹ ਥਰੀਸਾ ਦਾ ਧਿਆਨ ਰੱਖੇ, ਪਰ ਬਾਕੀ ਲੋਕ ਸੋਚਦੇ ਸੀ ਇਹ ਕੀ ਹੋ ਰਿਹਾ ਹੈ। ਫੇਰ ਸਵਾਮੀ ਜੀ ਦੇ ਸ਼ਬਦ ਮੇਰੇ ਕੰਨਾਂ ਵਿਚ ਗੂੰਜ ਉਠਦੇ, ਜਸਟਿਨ ਤੇਰੇ ਅੰਦਰ ਇਕ ਤਿਆਗੀ ਛੁਪਿਆ ਬੈਠਾ ਹੈ।

ਮੈਂ ਇਕ ਗ੍ਰਹਿਸਥੀ ਹੋਣ ਤੇ ਕਾਰਣ ਇਹ ਨਹੀਂ ਸਮਝ ਰਿਹਾ ਸੀ ਕਿ ਸਵਾਮੀ ਜੀ ਕੀ ਕਹਿ ਰਹੇ ਹਨ। ਉਨ੍ਹਾਂ ਦਾ ਕੀ ਕੀ ਭਾਵ ਹੈ। ਪਰ ਇਕ ਮਿੰਟ ਵਿਚ ਮੈਨੂੰ ਸਮਝ ਆ ਗਈ ਭਵਿੱਖ ਕੀ ਹੋਵੇਗਾ। ਮੈਂ ਆਪਣੇ ਆਪ ਦੇ ਅੱਗੇ ਮੰਨਣਾ ਨਹੀਂ ਚਾਹੁੰਦਾ ਸੀ ਪਰ ਮੈਨੂੰ ਹੁਣ ਸਮਝ ਆ ਰਹੀ ਸੀ। ਮੈਂ ਇਸ ਦੇ ਬਾਰੇ ਬਹੁਤ ਸੋਚਣਾ ਵੀ ਨਹੀਂ ਸੀ ਚਾਹੁੰਦਾ। ਜਦੋਂ ਮੈਂ ਮੁੜ ਕੇ ਦੇਖਿਆ ਸਵਾਮੀ ਜੀ ਕੁਝ ਦੂਰ ਖੜ੍ਹੇ ਸੀ।

ਬਹੁਤ ਸਾਰੇ ਲੋਕ ਤੇਰੇ ਲਈ ਮੇਰਾ ਪਿਆਰ ਜਾਣਦੇ ਹਨ। ਮੇਰਾ ਪਿਆਰ ਤੇਰੇ ਲਈ ਬਹੁਤ ਹੀ ਖਾਸ ਹੈ। ਕੀ ਤੈਨੂੰ ਮਹਿਸੂਸ ਨਹੀਂ ਹੁੰਦਾ?

ਮੈਂ ਅਜੇ ਵੀ ਸਾਰਾ ਕੁਝ ਸਮੇਟ ਨਹੀਂ ਸੀ ਸਕਿਆ, ਮੈਂ ਤਾਂ ਹਾਲੇ ਸਭ ਕੁਝ ਵੱਖ-ਵੱਖ ਲੈ ਕੇ ਹੀ ਬੈਠਾ ਸੀ। ਮੈਂ ਇਹ ਵੀ ਨਹੀਂ ਸੀ ਜਾਣਦਾ ਇਹ ਸਭ ਕੁਝ ਕਿਵੇਂ ਇਕੱਠਾ ਹੋਵੇਗਾ, ਕਿਵੇਂ ਜੁੜੇਗਾ। ਜਦੋਂ ਮੈਂ ਪਿਛੇ ਭਾਰਤ ਆਇਆ ਤੇ ਜਦੋਂ ਮੈਂ ਮੁੜ ਕੇ ਗਿਆ। ਮੈਂ ਆਪਣੇ ਕਰਜ਼ੇ ਉਤਾਰ ਦਿੱਤੇ ਸੀ। ਮੈਂ ਆਪ ਬੜਾ ਹੈਰਾਨ ਸੀ ਕਿ ਇਹ ਕਿਵੇਂ ਹੋ ਗਿਆ। ਜੋ ਕੁਝ ਸਵਾਮੀ ਜੀ ਮੈਨੂੰ ਦੱਸ ਰਹੇ ਸੀ ਉਸ ਤੋਂ ਕੀ ਭਾਵ ਹੈ? ਮੇਰੀ ਪਤਨੀ, ਮੇਰਾ ਕੰਮ ਕਾਜ, ਮੇਰਾ ਭਵਿੱਖ ਕੀ ਹੋਵੇਗਾ, ਇਹ ਕੀ ਹੋ ਰਿਹਾ ਹੈ। ਮੈਨੂੰ ਮੇਰੀ ਪਤਨੀ ਤੋਂ ਵੱਖ ਕਿਉਂ ਕੀਤਾ ਜਾ ਰਿਹਾ ਹੈ? ਸਾਰਿਆਂ ਦੇ ਸਾਮ੍ਹਣੇ ਕੀ ਹੋ ਰਿਹਾ ਹੈ ਮੈਨੂੰ ਸਮਝ ਨਹੀਂ ਆ ਰਹੀ ਸੀ। ਮੈਂ ਕਦੀ ਵੀ ਸਵਾਮੀ ਜੀ ਲਈ ਆਪਣੀ ਸ਼ਰਧਾ, ਆਪਣਾ ਸਤਿਕਾਰ ਘੱਟ ਨਹੀਂ ਹੋਣ ਦਿੱਤਾ। ਉਹ ਮੇਰੇ ਗੁਰੂ ਹਨ ਉਨ੍ਹਾਂ ਦਾ ਸਥਾਨ ਗੁਰੂ ਦਾ ਹੈ, ਪਰ ਹੁਣ ਜਦੋਂ ਅਸੀਂ ਪਹਾੜਾਂ ਵਿਚ ਤੁਰ ਰਹੇ ਹੁੰਦੇ ਮੈਨੂੰ ਇਸ ਤਰ੍ਹਾਂ ਲਗਦਾ ਜਿਵੇਂ ਅਸੀਂ ਦੋ ਚੰਗੇ ਦੋਸਤ ਹੋਈਏ, ਅਸੀਂ ਇਕ ਦੂਸਰੇ ਦੀ ਦੋਸਤੀ ਦਾ ਅਨੰਦ ਮਾਣ ਰਹੇ ਹੋਈਏ। ਇਕ ਦੂਸਰੇ ਨੂੰ ਆਪਣੇ ਅਨੁਭਵ ਦੱਸ ਰਹੇ ਹੋਈਏ ਤੇ ਇਕ ਦੂਸਰੇ ਨੂੰ ਭਰਪੂਰ ਪਿਆਰ ਕਰਦੇ ਹੋਈਏ। ਹੋ ਸਕਦਾ ਹੈ ਇਕ ਦਿਨ ਸਭ ਕੁਝ ਮੇਰੀ ਸਮਝ ਵਿਚ ਆ ਹੀ ਜਾਏ।

# ਆਯੁਰਵੇਦ

ਆਯੁਰਵੇਦ ਕੇਵਲ 500 ਸਾਲ ਪੁਰਾਣਾ ਨਹੀਂ ਹੈ ਇਹ ਤਾਂ ਸਦਾ ਤੋਂ ਹੀ ਰਿਹਾ ਹੈ, ਚਲਿਆ ਆ ਰਿਹਾ ਹੈ। ਪੁਰਾਤਨ ਗ੍ਰੰਥਾਂ ਵਿਚ ਦੱਸਿਆ ਗਿਆ ਹੈ ਜਦੋਂ ਸਮੁੰਦਰ ਦਾ ਮੰਥਨ ਅੰਮ੍ਰਿਤ ਦੀ ਪ੍ਰਾਪਤੀ ਲਈ ਕੀਤਾ ਗਿਆ, ਸਾਰੇ ਦੇਵੀ ਦੇਵਤੇ ਤੇ ਅਸੁਰ ਵੀ ਉਥੇ ਸੀ। ਜਦੋਂ ਅੰਮ੍ਰਿਤ ਦੀ ਪ੍ਰਾਪਤੀ ਹੋਈ ਨਾਲ ਹੀ ਵਿਸ਼ ਵੀ ਨਿਕਲਿਆ ਜਿਸ ਨੂੰ ਕਾਲਕੂਟ ਕਹਿੰਦੇ ਹਨ ਤੇ ਉਦੋਂ ਹੀ ਨਾਲ ਧੰਨਵੰਤਰੀ ਮਹਾਰਾਜ ਵੀ ਪ੍ਰਗਟ ਹੋਏ ਜਿਨ੍ਹਾਂ ਨੂੰ ਆਯੁਰਵੇਦ ਦੇ ਮੁਖੀ ਕਿਹਾ ਜਾਂਦਾ ਹੈ। ਆਯੁਰਵੇਦ ਸ਼ਬਦ ਦੇ ਅਰਥ ਹਨ ਉਹ ਗਿਆਨ ਜਿਸ ਨਾਲ ਸਰੀਰ ਤੇ ਮਨ ਨੂੰ ਅਰੋਗ ਰੱਖ ਕੇ ਲੰਮੀ ਆਯੂ ਭੋਗੀ ਜਾਵੇ। ਸੰਸਾਰ ਦੇ ਸਾਰੇ ਕੁਦਰਤੀ ਪਦਾਰਥ ਭਾਵੇਂ ਉਹ ਬਿਰਖ ਹਨ, ਪੌਦੇ ਹਨ, ਸਾਰਿਆਂ ਵਿਚ ਕੋਈ ਨਾ ਕੋਈ ਦਵਾਈ ਹੈ, ਇਨ੍ਹਾਂ ਸਾਰਿਆਂ ਵਿਚ ਅਮੂਲ ਦਵਾਈਆਂ ਛੁਪੀਆਂ ਹੋਈਆਂ ਹਨ। ਇਹ ਇਕ ਮਿਥਿਆ ਹੈ ਕਿ ਦਵਾਈਆਂ ਕੇਵਲ ਪੇੜ ਪੌਦਿਆਂ ਵਿਚ ਹੀ ਹਨ ਤੇ ਕੇਵਲ ਇਹ ਹੀ ਆਯੁਰਵੇਦ ਵਿਚ ਸ਼ਾਮਲ ਹਨ। ਸਤਿ ਤਾਂ ਇਹ ਹੈ ਕਿ ਪੱਥਰ, ਲੋਹਾ, ਸੋਨਾ, ਚਾਂਦੀ, ਪਾਣੀ, ਕਣਕ ਆਦਿ ਤੇ ਬਾਕੀ ਸਾਰੀਆਂ ਹੀ ਕੁਦਰਤੀ ਪਦਾਰਥਾਂ ਆਯੁਰਵੇਦ ਵਿਚ ਸ਼ਾਮਲ ਹਨ। ਮਨੁੱਖੀ ਸਰੀਰ ਤੇ ਜਾਨਵਰਾਂ ਦਾ ਸਰੀਰ ਆਯੁਰਵੇਦ ਦੇ ਵਿਸ਼ੇਸ਼ ਅੰਗ ਹਨ। ਸਾਰੇ ਹੀ ਪਰਮਾਣ ਏਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਆਯੁਰਵੇਦ ਤੋਂ ਬਿਨਾਂ ਕੁਝ ਹੈ ਹੀ ਨਹੀਂ, ਆਯੁਰਵੇਦ ਆਪਣੇ ਆਪ ਵਿਚ ਇਕ ਜੀਵਨ ਹੀ ਹੈ ਅੱਜ ਦਾ ਵਿਗਿਆਨ ਖਾਸ ਤੌਰ ਤੇ ਔਸ਼ਧੀਆਂ ਦਾ ਵਿਗਿਆਨ ਤੇ ਸਰੀਰ ਨੂੰ ਅਰੋਗ ਰੱਖਣ ਲਈ ਇਕ ਸਮੁੱਚੀ ਮਿਸ਼ਰਨ ਅਪਰੋਚ (holistic approach) ਭਾਵ ਕਿ ਸਾਰਿਆਂ ਡਾਕਟਰੀ ਤਰੀਕਿਆਂ ਦਾ ਸਾਂਝਾ ਤਰੀਕੇ ਜੋ ਕਿਹਾ ਜਾ ਰਿਹਾ ਹੈ ਉਹ ਆਯੁਰਵੇਦ ਹੀ ਹੈ। ਅੱਜ ਤੋਂ ਹਜ਼ਾਰਾਂ ਵਰ੍ਹੇ ਪਹਿਲਾਂ ਜੀਵਨ ਦਾਨ ਦੇਣ ਵਾਲੀਆਂ ਦਵਾਈਆਂ ਸੰਜੀਵਨੀ ਬੂਟੀ ਕੇਵਲ ਆਯੁਰਵੇਦ ਦੀ ਹੀ ਤਾਂ ਖੋਜ ਹੈ ਦੇਣ ਹੈ।

ਪ੍ਰਸ਼ਨ ਇਸ ਗੱਲ ਦਾ ਉਠਦਾ ਹੈ ਕਿ ਜੇ ਨਿਸ਼ਚੇਕਾਰੀ ਹੀ ਇਹ ਸਭ ਕੁਝ ਆਯੁਰਵੇਦ ਵਿਚ ਹੈ ਤਾਂ ਫੇਰ ਇਹ ਲੋਕਪ੍ਰਿਅ ਕਿਉਂ ਨਹੀਂ ਹੋਇਆ? ਇਹ ਇਕ ਬਹੁਤ ਹੀ ਅਹਿਮ ਪ੍ਰਸ਼ਨ ਹੈ, ਆਤਮਾ ਨੂੰ ਝੰਜੋੜਨ ਵਾਲਾ ਪ੍ਰਸ਼ਨ ਹੈ, ਇਸ ਦੇ ਉਤਰ ਦੀ ਬਹੁਤ ਹੀ ਲੋੜ ਹੈ, ਅੰਦਰ ਡੂੰਘੀ ਝਾਤੀ ਪਾਉਣ ਦੀ ਅੰਦਰ ਟੋਲਣ ਦੀ। ਪੁਰਾਤਨ ਸਮਿਆਂ ਵਿਚ ਕੋਈ ਇਹੋ ਜਿਹਾ ਵਿਗਿਆਨ, ਕੋਈ ਟੈਕਨੋਲੋਜੀ ਨਹੀਂ ਸੀ, ਨਾ ਹੀ ਕੋਈ ਹੋਰ ਇਹੋ ਜਿਹਾ ਸਾਧਨ ਸੀ ਜਿਸ ਨਾਲ ਇਨ੍ਹਾਂ ਜੜ੍ਹੀਆਂ ਬੂਟੀਆਂ ਨਾਲ ਤਿਆਰ ਕੀਤੀਆਂ ਦਵਾਈਆਂ ਨੂੰ ਵਿਗਿਆਨਕ ਤੌਰ ਤੇ ਸੋਧ ਕੇ ਤੇ ਉਨ੍ਹਾਂ ਦੀ ਕੋਈ ਮਾਤਰਾ ਨੂੰ ਮਾਨਕੀਕਰਨ, ਸੁਤਰੀਕਰਨ (standardisation) ਕੀਤੀ ਜਾਂਦੀ। ਅੱਜ ਦੇ ਸਮੇਂ ਜਦੋਂ Bio medical ਦੇ ਖੇਤਰ ਵਿਚ ਬਹੁਤ ਤਰੱਕੀ ਹੋ ਚੁੱਕੀ ਹੈ ਇਹ ਸਭ ਕੁਝ ਸੌਖੀ ਤਰ੍ਹਾਂ ਹੋ ਜਾਂਦਾ ਹੈ। ਇਹ ਆਯੁਰਵੈਦਿਕ ਦਵਾਈਆਂ ਹੁਣ ਕਿਸੇ ਵੀ ਲੰਮੀ ਬਿਮਾਰੀ ਲਈ ਬਿਨਾਂ ਕਿਸੇ ਨੁਕਸਾਨ ਦੇ ਵਰਤੀਆਂ ਜਾ ਸਕਦੀਆਂ ਹਨ। ਪਿਛਲੇ ਸਮਿਆਂ ਵਿਚ ਨਾ ਤਾਂ ਇਹੋ ਜਿਹੀਆਂ ਬਿਮਾਰੀਆਂ ਸੀ ਨਾ ਹੀ ਲੋਕ ਬਹੁਤ ਕੁਝ ਜਾਨਣ ਦੀ ਇੱਛਾ ਰਖਦੇ ਸੀ, ਨਾ ਹੀ ਇਸ ਖਜ਼ਾਨੇ ਨੂੰ ਜਾਨਣਾ ਚਾਹੁੰਦੇ ਸੀ। ਹੁਣ ਆਬਾਦੀ ਦੇ ਵੱਧਣ ਨਾਲ ਵਿਗਿਆਨਕ ਤਰੱਕੀ ਨਾਲ ਸਮਾਂ ਬਹੁਤ ਬਦਲ ਗਿਆ ਹੈ। ਕਿਹਾ ਜਾਂਦਾ ਹੈ, ਕਰੋੜਾਂ ਪਰਾਣੀ ਅੱਜ ਗੰਠੀਆ, ਮਾਈਗਰੇਨ, ਦਮਾ, ਜਿਗਰ ਦੀਆਂ ਬਿਮਾਰੀਆਂ, ਡਾਇਬਿਟੀਜ਼, ਬਲੱਡ ਪਰੈਸ਼ਰ ਤੇ ਹੋਰ ਅਨੇਕਾਂ ਬਿਮਾਰੀਆਂ ਨਾਲ ਪੀੜਤ ਹਨ। ਇਸ ਸਭ ਕੁਝ ਨੂੰ ਦੇਖਦਿਆਂ ਅੱਜ ਦੇ ਸਮੇਂ ਦੀ ਇਹ ਮੰਗ ਹੈ ਕਿ ਆਯੁਰਵੇਦ ਵਿਗਿਆਨ ਨੂੰ ਅੱਗੇ ਵਧਾਇਆ ਜਾਵੇ ਇਕ ਠੀਕ ਵਾਤਾਵਰਨਣ ਪੈਦਾ ਕੀਤਾ ਜਾਵੇ। ਜੜ੍ਹੀਆਂ ਬੂਟੀਆਂ ਦੀ ਠੀਕ ਵਰਤੋਂ ਵਿਗਿਆਨਕ ਢੰਗ ਨਾਲ ਕੀਤੀ ਜਾਵੇ ਤੇ ਆਯੁਰਵੈਦਿਕ ਤਰੀਕੇ ਨਾਲ ਇਲਾਜ ਕੀਤਾ ਜਾਵੇ। ਖਾਸ ਤੌਰ ਤੇ ਉਨ੍ਹਾਂ ਬਿਮਾਰੀਆਂ ਦਾ ਜਿਹੜੀਆਂ ਬਹੁਤ ਹੀ ਗੰਭੀਰ ਹਨ। ਏਨਾ ਹੀ ਨਹੀਂ ਸੰਸਾਰ ਵਿਚ ਕਾਫੀ ਪ੍ਰਤੀਸ਼ਤ ਲੋਕ ਮਾਨਸਿਕ ਰੋਗਾਂ ਨਾਲ ਗ੍ਰਸਤ ਹਨ। ਆਯੁਰਵੇਦ ਵਿਚ ਇਨ੍ਹਾਂ ਪ੍ਰਾਣੀਆਂ ਲਈ ਵੀ ਜਵਾਬ ਹੈ ਕਿਉਂਕਿ ਇਹ ਤਾਂ ਪੂਰੀ ਸਿਹਤ ਤੇ ਭਾਵ ਸਰੀਰਕ ਤੇ ਮਾਨਸਿਕ ਸਿਹਤ ਤੇ ਗੱਲ ਕਰਦੇ ਹਨ ਤੇ ਜ਼ੋਰ ਦਿੰਦੇ ਹਨ। ਇਹ ਕਿਵੇਂ ਕੀਤਾ ਜਾਵੇ? ਇਸ ਸਮੱਸਿਆ ਦਾ ਸਮਾਧਾਨ ਹੈ ਆਯੁਰਵੇਦ ਅਪਣਾਓ, ਆਯੁਰਵੈਦਿਕ ਤਰੀਕੇ ਨਾਲ ਜੀਵਨ ਜੀਓ, ਉਨ੍ਹਾਂ ਨਿਯਮਾਂ ਤੇ ਚੱਲੋ। ਡਾਕਟਰੀ ਦਵਾਈ ਸਾਨੂੰ ਇਕ ਦਮ ਤਾਂ ਆਰਾਮ ਜ਼ਰੂਰ ਪਹੁੰਚਾਉਂਦੀਆਂ ਹਨ ਪਰ ਉਨ੍ਹਾਂ ਦੇ ਨੁਕਸਾਨ ਵੀ ਹਨ ਤੇ ਨਾਲ ਹੀ ਉਹ ਬਿਮਾਰੀ ਦੀ ਜੜ੍ਹ ਤਕ ਨਹੀਂ ਪਹੁੰਚਦੇ ਤੇ ਬਿਮਾਰੀ ਜੜ੍ਹੋਂ ਨਹੀਂ ਕੱਟੀ ਜਾਂਦੀ। ਆਯੁਰਵੇਦ ਬਿਮਾਰੀ ਨੂੰ ਜੜ੍ਹੋਂ ਪੁੱਟ ਕੇ ਕੱਢ ਦਿੰਦਾ ਹੈ ਤੇ ਬਿਮਾਰੀ ਖਤਮ ਹੋ ਜਾਂਦੀ ਹੈ ਇਸ ਦਾ ਕੋਈ ਨੁਕਸਾਨ ਵੀ ਨਹੀਂ। ਇਹ ਇਲਾਜ ਬਹੁਤ ਸਥਿਰ ਹੈ, ਜੀਵਨ ਦਾਨ ਦੇਣ ਵਾਲਾ ਹੈ। ਅੱਜ ਜਦੋਂ ਅਸੀਂ ਦੇਖਦੇ ਹਾਂ ਬੱਚਿਆਂ ਨੂੰ ਬਲੱਡ ਪਰੈਸ਼ਰ ਹੈ, ਸ਼ੂਗਰ ਹੈ ਵਾਲ ਚਿੱਟੇ ਹੋ ਰਹੇ ਹਨ ਦਮਾ ਹੈ ਇਸ ਸਭ ਦਾ ਇਲਾਜ ਤਾਂ ਆਯੁਰਵੇਦ ਵਿਚ ਹੀ ਹੈ, ਬੱਚੇ ਤਾਂ ਬਹੁਤ ਛੇਤੀ ਇਸ ਤੋਂ ਲਾਭ ਪ੍ਰਾਪਤ ਕਰ ਸਕਦੇ ਹਨ।

ਅੱਜ ਦੀਆਂ ਬਿਮਾਰੀਆਂ ਦਾ ਮੁੱਖ ਕਾਰਣ ਹੈ ਦੂਸ਼ਿਤ ਪਾਣੀ। ਪਾਣੀ ਹੀ ਸ਼ੁਧ ਨਹੀਂ ਹੈ, ਪਾਣੀ ਵਿਚ ਵੀ ਕੈਮੀਕਲ ਪਾਏ ਜਾਂਦੇ ਹਨ ਜੋ ਕਿ ਸਰੀਰ ਲਈ ਹਾਨੀਕਾਰਕ ਹਨ। ਅੱਜ ਅਸੀਂ ਜੋ ਵੀ ਸਬਜ਼ੀਆਂ, ਫਲ, ਕਣਕ ਭਾਵ ਜੋ ਵੀ ਅਸੀਂ ਕੁਝ ਖਾ ਰਹੇ ਹਾਂ ਉਹ ਇਕ ਤਰ੍ਹਾਂ ਨਾਲ ਜ਼ਹਿਰ ਨਾਲ ਭਰੇ ਹੋਏ ਹਨ ਖਾਦਾਂ ਜ਼ਹਿਰ ਨਾਲ ਭਰੀਆਂ ਹਨ, ਇਹ ਸਭ ਸਾਨੂੰ ਬਿਮਾਰੀਆਂ ਦੇ ਰਾਹ ਤੇ ਮੌਤ ਵਲ ਲੈ ਜਾ ਰਿਹਾ ਹੈ। ਆਯੁਰਵੇਦ ਅਨੁਸਾਰ ਸਰੀਰ ਦੇ ਤਿੰਨ ਤੱਤ ਹਨ, ਪਿਤ, ਵਾਤ ਤੇ ਕਫ। ਇਨ੍ਹਾਂ ਦੀ ਮਾਤਰਾ ਹਰ ਇਕ ਮਨੁੱਖ ਵਿਚ ਵੱਖ-ਵੱਖ ਹੈ ਭਾਵ ਕਿਸੇ ਵਿਚ ਪਿਤ ਵਧ, ਕਿਸੇ ਵਿਚ ਕਫ, ਕਿਸੇ ਵਿਚ ਵਾਤ। ਇਲਾਜ ਵੀ ਆਯੁਰਵੇਦ ਵਿਚ ਇਨ੍ਹਾਂ ਦੀ ਮਾਤਰਾ ਅਨੁਸਾਰ ਹੀ ਕੀਤਾ ਜਾਂਦਾ ਹੈ। ਜੋ ਕਿਸੇ ਦਾ ਸੁਭਾਅ ਹੈ ਪਿਤ ਦਾ ਹੈ, ਵਾਤ ਦਾ ਹੈ, ਕਫ ਦਾ ਹੈ, ਦਵਾਈ ਉਸ ਅਨੁਸਾਰ ਹੀ ਦਿਤੀ ਜਾਂਦੀ ਹੈ।

# ਜਿਸ ਮਸਤਕ ਭਾਗ ਸੋ ਲਾਗਾ ਸੇਵ

***ਪ੍ਰਭਜੋਤ ਕੌਰ***

ਅਚਰਜ ਤੇ ਅਨੂਪ ਤੇ ਬਹੁ ਬੇਅੰਤ ਨਾਵਾਂ ਨਾਲ ਜਾਣੇ ਜਾਂਦੇ ਉਸ ਪ੍ਰਮੇਸ਼ਰ ਦੀ ਲੀਲਾ, ਬੜੀ ਅਲੌਕਿਕ ਤਰਤੀਬ ਨਾਲ ਹੋ ਰਹੀ ਹੈ। ਸਾਰੀ ਰਚਨਾ ਕਰਨ ਵਾਲਾ ਵੀ ਉਹ ਆਪ ਹੈ ਤੇ ਸਮਸਤ ਰਚਨਾ ਨੂੰ ਸੰਕੋਚਣ ਵਾਲਾ ਵੀ ਹਰੀ ਆਪ ਹੀ ਹੈ। ਉਸੇ ਸਾਰੀ ਕਾਇਨਾਤ ਦਾ ਇਕ ਹਿੱਸਾ ਹੈ ਸਾਡੀ ਧਰਤੀ। ਆਪਾਂ ਬਹੁਤ ਭਾਗਸ਼ਾਲੀ ਹਾਂ ਕਿ ਵਾਹਿਗੁਰੂ ਜੀ ਨੇ ਸਾਨੂੰ ਇਹ ਐਸੀ ਅਨਮੋਲ ਮਨੁਖਾ ਦੇਹੀ ਬਖਸ਼ੀ ਹੈ, ਜਿਸ ਨੂੰ ਵੱਡੇ-ਵੱਡੇ ਦੇਵੀ ਦੇਵਤੇ ਲੋਚਦੇ ਹਨ। ਉਸ ਤੋਂ ਉਤਮ ਭਾਗ ਹੈ ਤਾਂ ਪੂਰਾ ਗੁਰੂ ਮਿਲਦਾ ਹੈ। ਅਤਿ ਚੰਗੇ ਕਰਮ ਪੂਰੇ ਸਾਧੂ ਦਾ ਮੇਲ ਬਖਸ਼ਦੇ ਹਨ। ਇਹੋ ਜਿਹੇ ਸੰਜੋਗ ਬਾਰ-ਬਾਰ ਨਹੀਂ ਬਣਦੇ, ਹਰ ਇਕ ਦੇ ਨਹੀਂ ਬਣਦੇ। ਸਾਨੂੰ ਸਭ ਨੂੰ ਵੀ, ਕਲੀ ਕਾਲ ਦੇ ਘੋਰ ਸਮੇਂ ਅੰਦਰ ਐਸੇ ਮਹਾਂਬਲੀ ਮਹਾਂਪੁਰਖ, ਪਰਮ ਪਿਆਰ ਦੀ ਮੂਰਤ ਦੀ ਸੰਗਤ ਪ੍ਰਾਪਤ ਹੋਈ। ਉਸ ਚਾਟਸਾਲ ਵਿਚ ਗੁਰੂ ਨਾਨਕ ਜੀ ਦੇ ਘਰ ਦੀ ਸਾਰੀ ਸਿਖਿਆ ਬਹੁਤ ਅੱਛੀ ਤਰ੍ਹਾਂ ਬੜੇ ਚੰਗੇ ਢੰਗ ਨਾਲ ਸਾਨੂੰ ਸਿਖਾਈ ਗਈ। ਟੀਚਰ ਦਾ ਕੰਮ ਸਬਕ ਸਮਝਾਉਣਾ ਹੈ, ਦ੍ਰਿੜ੍ਹ ਕਰਾਉਣਾ ਹੈ ਮਗਰ ਸਬਕ ਨੂੰ ਪਕਾਉਣਾ, ਉਸ ਨੂੰ ਜ਼ਿੰਦਗੀ ਵਿਚ ਢਾਲਣਾ, ਇਹ ਵਿਦਿਆਰਥੀ ਦਾ ਕੰਮ ਹੈ। ਸੇਵਾ ਅਤੇ ਸਿਮਰਨ ਗੁਰਸਿੱਖੀ ਘਰਾਣੇ ਦੇ ਦੋ ਮਹਾਨ ਆਦਰਸ਼, ਇਨ੍ਹਾਂ ਬਾਰੇ ਆਪ ਜੀ ਸਾਰਿਆਂ ਨੇ ਪਿਤਾ ਜੀ ਤੋਂ ਬਹੁਤ ਕੁਝ ਸੁਣਿਆ ਹੈ, ਜੇ ਮੈਂ ਇਕੱਲੀ ਸੇਧ ਦੀ ਗੱਲ ਕਰਾਂ ਤਾਂ ਗੱਲ ਅਧੂਰੀ ਰਹਿ ਜਾਂਦੀ ਹੈ। ਪਰ ਪੂਰੇ ਸੂਰਬੀਰ ਮਹਾਂਪੁਰਖ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਹੀ ਆਉਂਦੇ ਹਨ। ਰਹੋ ਵੀਚਾਰ, ਆਪ ਜੀ ਨੇ ਸਭ ਕੁਝ ਹੱਥੀਂ ਆਪ ਕਰਕੇ ਦਿਖਾਇਆ ਅਤੇ ਫਿਰ ਸੰਗਤਾਂ ਦੇ ਨਾਲ ਰਹਿ ਕੇ, ਆਪ ਕਰਵਾਇਆ।

ਸਤਿਪੁਰਸ਼ਾਂ ਦਾ ਕੋਈ ਵੀ ਬਚਨ ਅਕਾਰਨ ਨਹੀਂ ਹੁੰਦਾ। ਉਸ ਬਚਨ ਦਾ ਪ੍ਰਤਾਪ ਸਦਾ ਹੀ ਥਿਰ ਰਹਿੰਦਾ ਹੈ। ਬਹੁਤ ਗਹਿਰੀਆਂ ਬਾਤਾਂ ਨੇ, ਸਾਡੀ ਪਰਵਿਰਤੀ ਕੁਝ ਐਸੀ ਹੋਣ ਕਰਕੇ ਸਮਝ 'ਚ ਨਹੀਂ ਪੈਂਦੀਆਂ। ਬਾਣੇ ਚਾਹੇ ਮਹਾਂਪੁਰਸ਼ਾਂ ਦੇ ਕਿਹੋ ਜਿਹੇ ਹੀ ਹੋਣ, ਮਹਾਂਪੁਰਖ ਜਾਂ ਸੰਤ ਹੋਵੇ ਸਹੀ, ਉਸਦੀ ਗਣਨਾ ਪ੍ਰਮੇਸ਼ਰ ਦੇ ਬਰਾਬਰ ਹੈ। ਸਗੋਂ ਉਹ ਪਰਮੇਸ਼ਰ ਹੀ ਹੁੰਦਾ ਹੈ। ਸੰਸਾਰ ਕਲਿਆਣ ਹਿਤ ਜੋ ਪ੍ਰਪਾਟੀ ਪਰਮੇਸ਼ਰ ਜੀ ਚਲਾਉਂਦੇ ਹਨ, ਉਸਨੂੰ ਆਪੇ ਹੀ ਜਾਰੀ ਰਖਦੇ ਹਨ। ਅਰ ਐਸੀਆਂ ਤਮਾਮ ਅਮਰ ਆਤਮਾਵਾਂ ਸਮੇਂ-ਸਮੇਂ ਸਿਰ ਅਕਾਲ ਪੁਰਖ ਦੇ ਹੁਕਮ ਅੰਦਰ ਸੰਸਾਰ ਵਿਚ ਵਿਚਰਦੀਆਂ ਹਨ। ਸੇਵਾ ਅਤੇ ਸਿਮਰਨ ਦੀ ਪਰੰਪਰਾ ਨੂੰ ਅੱਗੇ ਤੋਰਦੀਆਂ ਹਨ। ਪਿਛਲੇ ਸਾਲ 26 ਦਿਸੰਬਰ ਨੂੰ ਭਾਰੀ ਸਮੁੰਦਰੀ ਭੂਚਾਲ ਆਇਆ, ਜਿਸਨੂੰ ਸੁਨਾਮੀ ਕਿਹਾ ਜਾਂਦਾ ਹੈ। ਕਿੰਨੇ ਪ੍ਰਾਣੀਆਂ ਦੀ ਮੌਤ ਹੋਈ, ਕਿੰਨੀ ਤਬਾਹੀ ਹੋਈ। ਉਸ ਦਾ ਹਾਲੇ ਤੱਕ ਵੀ ਕੋਈ ਪੂਰਾ-ਪੂਰਾ ਪਤਾ ਨਹੀਂ ਲਗ ਸਕਿਆ। ਐਨਾ ਨੁਕਸਾਨ, ਕੁਝ ਕੁ ਮਿੰਟਾਂ-ਸਕਿੰਟਾਂ 'ਚ ਹੀ ਸਾਰਾ ਖੇਲ ਹੋ ਗਿਆ। ਅਖਬਾਰਾਂ ਦੀ ਮੁੱਖ ਖਬਰ ਬਣੀ, ਮਨ ਨੂੰ ਚੋਟ ਪਹੁੰਚੀ। ਬਈ ਐਨਾ ਨੁਕਸਾਨ ਹੋ ਗਿਆ। ਬੇਚੈਨੀ ਜਿਹੀ ਲਗ ਗਈ। ਮੇਰੇ ਅੰਦਰ ਕਿ ਸਵਾਲ ਉਠ ਖੜਿਆ ਬਈ ਹੇ ਵਾਹਿਗੁਰੂ ਐਨੀ ਕਰੋਪੀ ਕਿਉਂ ਹੋਈ? ਕੋਈ ਤਾਂ ਗੱਲ ਹੈ? ਉਹ ਹਟੇ ਹੀ ਨਾ ਬਾਰ-ਬਾਰ ਖਿਆਲ ਆਈ ਜਾਵੇ। ਸਾਇੰਸ ਪਈ ਆਪਣੇ ਕਾਰਨ ਦੱਸੀ ਜਾਵੇ, ਪਰ ਮਹਾਰਾਜ ਜੀ ਕਹਿੰਦੇ ਹਨ -

**'ਨਾਮ ਕੇ ਧਾਰੇ ਖੰਡ ਬ੍ਰਹਿਮੰਡ'** ਸਾਰਾ ਸੰਸਾਰ ਨਾਮ ਦੀ ਸਤਾ ਤੇ ਚਲ ਰਿਹਾ ਹੈ। ਖੈਰ ਉਹ ਫੁਰਨਾ ਤੰਗ ਕਰਨ ਲੱਗਿਆ, ਇਸੇ ਘਬਰਾਹਟ 'ਚ ਮੈਂ ਟੀ.ਵੀ. ਚਲਾ ਲਿਆ। ਸਾਡੇ ਕੇਬਲ ਤੇ ਕੁਦਰਤੀ ਸੰਤ ਮਹਾਰਾਜ ਜੀ ਦੀ ਟੇਪ ਚਲ ਰਹੀ ਸੀ। ਮੇਰੇ ਟੀ.ਵੀ ਚਲਾਉਣ ਤੇ ਆਪ ਜੀ ਧਾਰਨਾ ਪੜ੍ਹ ਰਹੇ ਸਨ "ਮੈਥੋਂ ਭਾਰ ਝੱਲਿਆ ਨਾ ਜਾਵੇ, ਅਕ੍ਰਿਤਘਣ ਬੰਦਿਆ ਦਾ" ਆਪ ਜੀ ਨੇ ਫੁਰਮਾਇਆ ਕਿ ਧਰਤੀ ਡੋਲਦੀ ਹੈ, ਜਦ ਪਾਪ ਵਧਦਾ ਹੈ ਤੇ ਪਰਮੇਸ਼ਰ ਦੇ ਦਰ ਤੇ ਪੁਕਾਰਾਂ ਕਰਦੀ ਹੈ ਕਿ ਹੇ ਵਾਹਿਗੁਰੂ! ਮੇਰੇ ਤੋਂ ਅਕ੍ਰਿਤਘਣ ਬੰਦਿਆਂ ਦਾ ਭਾਰ ਨਹੀਂ ਝੱਲਿਆ ਜਾਂਦਾ। ਬਸ ਐਨੀ ਹੀ ਗੱਲ ਸੀ। ਮਨ ਇਕ ਦਮ ਸ਼ਾਂਤ ਹੋ ਗਿਆ। ਫਿਰ ਖਿਆਲ ਆਇਆ ਕਿ ਕੀ ਹੋਇਆ ਜੇ ਸਰੀਰ ਨਹੀਂ ਦਿਸਦਾ, ਪਰ ਆਪ ਜੀ ਹਰ ਸਵਾਲ ਦਾ ਜਵਾਬ ਤਾਂ ਪਹਿਲਾਂ ਵਾਂਗ ਹੀ ਦੇ ਰਹੇ ਹਨ। ਆਪ ਜੀ ਦੀ ਹੋਂਦ ਦਾ ਅਹਿਸਾਸ ਕਰਵਾਉਂਦੀਆਂ ਐਸੀਆਂ ਅਨੇਕਾਂ ਘਟਨਾਵਾਂ ਨੂੰ ਹਜ਼ਾਰਾਂ ਕੀ, ਅਣਗਿਣਤ ਰੂਹਾਂ ਮਾਣਦੀਆਂ ਹਨ।

ਉਸ ਤੋਂ ਬਾਅਦ ਆਪ ਜੀ ਨੇ ਸੇਵਾ ਦਾ ਸੰਦੇਸ਼ ਦਿਤਾ। ਧੰਨ ਹਨ ਪਿਆਰੇ ਬੀਜੀ ਆਪ ਜੀ ਨੂੰ ਜਦੋਂ ਇਸ ਬਾਰੇ ਦਸਿਆ ਗਿਆ ਤਾਂ ਆਪ ਜੀ ਬਾਬਾ ਹਰਪਾਲ ਸਿੰਘ ਜੀ ਨੂੰ ਨਾਗਾਪਟਨਮ ਦੇ ਸਥਾਨ ਤੇ ਜਾ ਕੇ ਲੋੜਵੰਦਾਂ ਦੀ ਸੇਵਾ ਕਰਨ ਦਾ ਆਦੇਸ਼ ਦਿਤਾ। ਹੁਕਮਾਂ ਦੀ ਪਾਲਨਾ ਹੋਈ। ਬਾਬਾ ਜੀ ਜਥੇ ਸਮੇਤ, ਰਾਹਤ ਸਮੱਗਰੀ ਲੈ ਕੇ ਇਥੋਂ ਰਵਾਨਾ ਹੋਏ। ਕਿੰਨੀ ਸੇਵਾ ਹੋਈ, ਕਿੱਦਾਂ ਸੇਵਾ ਲਈ

ਗਈ, ਇਹ ਸਭ ਮਹਾਰਾਜ ਜੀ ਹੀ ਜਾਣਦੇ ਹਨ ਜਾਂ ਉਹ ਰੂਹਾਂ ਦੱਸ ਸਕਦੀਆਂ ਹਨ ਜਿਨ੍ਹਾਂ ਦੇ ਜ਼ਖਮਾਂ ਤੇ ਮਲ੍ਹਮ ਲੱਗੀ। ਤਕਰੀਬਨ ਹੁਣ ਪੂਰਾ ਸਾਲ ਬੀਤਣ ਤੇ ਹੈ। ਇਨ੍ਹਾਂ ਤੋਂ ਪੁੱਛੋ ਕੋਈ ਨਹੀਂ ਬੋਲਦਾ ਸਭ ਦਾ ਇਕੋ ਜਵਾਬ ਹੈ। ਮਹਾਰਾਜ ਜੀ ਨੇ ਆਪੇ ਹੀ ਜੋ ਕੀਤਾ ਹੈ, ਸੋਈ ਹੋਇਆ। ਭਾਵੇਂ ਕਿੱਦਾਂ ਉਥੇ ਜਾ ਕੇ ਪੀੜਿਤ ਇਲਾਕਿਆਂ ਦਾ ਹਾਲ ਚਾਲ ਦੇਖਿਆ ਗਿਆ ਤੇ ਲੋੜੀਂਦੀ ਰਾਹਤ ਪਹੁੰਚਾਈ ਗਈ। ਬਾਬਾ ਜੀ ਨੇ ਇਸ ਬਾਰੇ ਲੜੀਵਾਰ ਲੇਖਾਂ ਵਿਚ ਕਾਫੀ ਕੁਝ ਸੰਗਤਾਂ ਨਾਲ ਸਾਂਝਾ ਕੀਤਾ।

ਪਰ ਕੁਝ ਗੱਲਾਂ ਬਿਲਕੁਲ ਗੁਪਤ ਹੋਈਆਂ। ਇਕ ਸਾਲ ਦਾ ਸਮਾਂ ਬੀਤ ਜਾਣ ਤੇ ਵੀ ਉਹ ਕਿਸੇ ਨੇ ਨਹੀਂ ਕਹੀਆਂ। ਅਕਸਰ ਹੀ ਬੇਅੰਤ ਬਾਤਾਂ ਇਉਂ ਹੀ ਨਿਕਲ ਜਾਇਆ ਕਰਦੀਆਂ ਨੇ। ਸਤਿਪੁਰਸ਼ ਤਾਂ ਨਹੀਂ ਬੋਲਦੇ ਕਿਉਂਕਿ ਉਹ ਸੰਸਾਰ ਦੇ ਸੁਭਾਅ ਤੋਂ ਵਾਕਫ ਹੁੰਦੇ ਨੇ। ਵਿਰਲੇ-ਵਿਰਲੇ ਵਣਜਾਰੇ ਹੁੰਦੇ ਨੇ। ਮੇਰੇ ਮਨ ਇਹ ਖਿਆਲ ਬਾਰ-ਬਾਰ ਉਠਦਾ ਹੈ ਕਿ ਐਡੀ ਵੱਡੀ ਸੇਵਾ ਹੋਈ। ਉਸ ਸੇਵਾ ਦਾ ਪ੍ਰਤਾਪ ਬੇਅੰਤ ਰੰਗ ਉਪਜੇ, ਸੋ ਕੁਝ ਕੁ ਘਟਨਾਵਾਂ ਨੂੰ ਸੰਗਤਾਂ ਨਾਲ ਵਿਸ਼ੇਸ਼ ਕਰਕੇ ਜਗਿਆਸੂਆਂ ਸਾਮ੍ਹਣੇ ਰੱਖਣਾ ਲਾਜ਼ਮੀ ਜਿਹਾ ਹੀ ਭਾਸਿਆ। ਬਾਬਾ ਜੀ ਨੇ ਦੱਸਿਆ ਕਿ ਸਮੁੰਦਰ ਕਰੋਪ ਸੀ। ਬਹੁਤ ਕਰੋਪ ਸੀ, ਬਹੁਤ ਉਚੀਆਂ-ਉਚੀਆਂ ਲਹਿਰਾਂ ਉਠਦੀਆਂ ਹਨ। ਬਹੁਤ ਸ਼ੋਰ ਕਰਦਾ ਹੈ। ਉਹ ਨਜ਼ਾਰਾ ਜਿਨ੍ਹਾਂ ਨੇ ਦੇਖਿਆ, ਉਹ ਕਹਿੰਦੇ ਹਨ ਮਾਨੋਂ ਸਮੁੰਦਰ ਗਰਜ ਰਿਹਾ ਲਗਦਾ ਹੈ।

ਇਸ ਵਾਰਤਾ ਤੋਂ ਚੇਤਾ ਆਇਆ ਕਿ ਰਤਵਾੜਾ ਸਾਹਿਬ ਆਸ਼ਰਮ ਦੇ ਨੇੜਿਉਂ ਇਕ ਨਦੀ ਲੰਘਦੀ ਹੈ। ਕਰੀਬ ਡੇਢ ਕੁ ਦਹਾਕਾ ਪਹਿਲਾਂ, ਇਕ ਵਾਰੀ ਉਹ ਬਹੁਤ ਚੜ੍ਹ ਗਈ। ਬਰਸਾਤੀ ਨਦੀਆਂ ਨੇ, ਪਾਣੀ ਦੇ ਵਹਿਣ ਦਾ ਕੋਈ ਅਨੁਮਾਨ ਨਹੀਂ ਹੁੰਦਾ। ਸੋ ਉਸਦਾ ਵਹਾਅ ਬਹੁਤ ਤੇਜ਼ ਹੋ ਗਿਆ। ਜਿਥੇ ਹੁਣ ਨਿਸ਼ਾਨ ਸਾਹਿਬ ਲੱਗੇ ਹੋਏ ਹਨ, ਇਥੋਂ ਤੱਕ ਪਾਣੀ ਚੜ੍ਹ ਆਇਆ। ਸਿੰਘਾਂ ਨੇ ਪਿਤਾ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਨਦੀ ਚੜ੍ਹ ਕੇ ਆ ਰਹੀ ਹੈ। ਸੰਤ ਮਹਾਰਾਜ ਜੀ ਨੇ ਬਚਨ ਕਰਿਆ, ਪਾਣੀ ਦੇਹ ਬਣਾ ਕੇ, ਲੈ ਕੇ ਜਾਓ, ਉਸਦੀ ਭੇਟ ਕਰੋ, ਅਰਦਾਸ ਕਰੋ, ਖਵਾਜ਼ਾ-ਖਿਜ਼ਰ, ਸਾਰੇ ਦੇਵਤੇ ਗੁਰੂ ਨਾਨਕ ਦੇ ਅਧੀਨ ਹਨ, ਮੰਨੇਗਾ। ਸੋ ਉਸ ਤਰ੍ਹਾਂ ਹੀ ਕੀਤਾ ਗਿਆ। ਉਸ ਦਿਨ ਤੋਂ ਬਾਅਦ ਅੱਜ ਤਕ ਨਦੀ ਨੇ ਕਦੇ ਆਸ਼ਰਮ ਦਾ ਨੁਕਸਾਨ ਨਹੀਂ ਕੀਤਾ। ਸਗੋਂ ਆਪਣਾ ਵਹਿਣ ਹੀ ਬਦਲ ਗਈ। ਆਸ਼ਰਮ ਤੋਂ ਬਹੁਤ ਦੂਰ ਹੋ ਕੇ ਲੰਘਦੀ ਹੈ।

ਇਹੋ ਜਿਹਾ ਹੀ ਹੁਕਮ ਪਾ ਕੇ ਸਿੰਘਾਂ ਨੇ ਨਾਗਾਪਟਨਮ ਦੇ ਸਥਾਨ ਤੇ ਜਾ ਕੇ ਉਸ ਨੂੰ ਕਮਾਇਆ। ਸਾਰੇ ਸਿੰਘ ਰੋਜ਼ ਜਾ ਕੇ ਸਮੁੰਦਰ ਨੂੰ ਦੇਗ ਭੇਟਾ ਕਰਦੇ ਰਹੇ, ਉਸ ਦੇ ਕੰਢੇ ਤੇ ਅੰਮ੍ਰਿਤਮਈ ਬਾਣੀ ਦੇ ਸਵੇਰੇ ਸ਼ਾਮ ਕੀਰਤਨ, ਜਾਪ ਹੋਏ ਤਾਂ ਜਾ ਕੇ ਕਿਤੇ ਸਮੁੰਦਰ ਸ਼ਾਂਤ ਹੋਇਆ। ਮੇਰੇ ਮਨ 'ਚ ਖਿਆਲ ਆਇਆ ਬਈ ਕੈਸੀ ਪਿਆਰੀ ਘਟਨਾ ਹੈ ਜੋ ਇਹ ਸਾਬਤ ਕਰ ਰਹੀ ਹੈ ਕਿ ਅੱਜ ਵੀ ਅਗਰ ਕੋਈ ਤਪੇ ਹੋਏ ਸਮੁੰਦਰ ਨੂੰ ਸ਼ਾਂਤ ਰੱਖਣ ਦੀ ਸਮਰਥਾ ਰਖਦਾ ਹੈ ਤਾਂ ਉਹ ਗੁਰੂ ਨਾਨਕ ਦੀ ਬਾਣੀ ਹੈ, ਉਨ੍ਹਾਂ ਦਾ ਪ੍ਰਸਾਦ, ਉਨ੍ਹਾਂ ਦੇ ਪਿਆਰੇ ਜਿਨ੍ਹਾਂ ਦੀ ਚਰਨ ਧੂੜ ਪਾ ਕੇ ਸਮੁੰਦਰ ਵੀ ਕ੍ਰਿਤ-ਕ੍ਰਿਤ ਹੁੰਦਾ ਹੈ। ਤਰਕਾਂ ਵਾਲੇ ਪਏ ਤਰਕਾਂ ਕਰੀ ਜਾਣ ਪਰ ਜਗਿਆਸੂਆਂ ਦੇ ਹਿਰਦਿਆਂ ਤੇ ਇਹੋ ਜਿਹੀਆਂ ਘਟਨਾਵਾਂ ਗਹਿਰੀ ਛਾਪ ਛੱਡ ਕੇ ਜਾਂਦੀਆਂ ਹਨ। ਜਦੋਂ ਬਾਬਾ ਜੀ ਉਥੇ ਸੇਵਾ ਕਰਨ ਗਏ ਹੋਏ ਸਨ ਤਾਂ ਬੀਜੀ ਇਥੇ ਬੈਠੇ ਹੀ ਸਾਨੂੰ ਦਸਦੇ ਰਹਿੰਦੇ, ਬੇਟਾ ਉਹ ਸਭ ਉਥੇ ਬਹੁਤ ਵੱਡੀ ਸੇਵਾ ਕਰ ਰਹੇ ਹਨ। ਇਕ ਪਿਤਾ ਦੀ ਨਿਆਈ, ਇਕ ਮਾਤਾ ਦੀ ਨਿਆਈ, ਆਪ ਜੀ ਨੇ ਜੋ ਰਹਿਮਤਾਂ ਬਖਸ਼ੀਆਂ ਹਨ, ਉਨ੍ਹਾਂ ਦੀ ਗਣਨਾ ਕਰਨਾ ਇਕ ਭੁੱਲ ਹੀ ਹੈ। ਲਹਿਰ ਪਾਣੀ ਦੀ ਵੀ ਹੈ, ਔਰ ਲਹਿਰ ਪਿਆਰ ਦੀ ਵੀ ਹੈ। ਪਾਣੀ ਦੀ ਲਹਿਰ ਬਹੁਤ ਚੜ੍ਹੀ ਤੇ ਨੁਕਸਾਨ ਕਰ ਗਈ ਪਰ ਗੁਰੂ ਦੇ ਪਿਆਰ ਦੀ ਤਰੰਗ ਹੈ ਉਹ ਜਿਉਂ ਜਿਉਂ ਚੜ੍ਹਦੀ ਹੈ, ਤਿਉਂ-ਤਿਉਂ ਰੰਗਦੀ ਚਲੀ ਜਾਂਦੀ ਹੈ। ਅਰ ਇਸ ਪ੍ਰੇਮ ਦੀ ਲਹਿਰ ਦਾ ਪ੍ਰਤਾਪ ਹੋਇਆ ਕਿ ਉਹ ਪ੍ਰੇਮੀ ਜਿਨ੍ਹਾਂ ਨਾਲ ਸਾਡੀ ਕਿਸੇ ਤਰ੍ਹਾਂ ਦੀ ਕੋਈ ਸਭਿਆਚਾਰਕ ਸਾਂਝ ਨਹੀਂ, ਨਾ ਬੋਲੀ ਮਿਲਦੀ ਹੈ। ਉਨ੍ਹਾਂ ਦੇ ਹੰਝੂ ਨਹੀਂ ਰੁਕਦੇ ਸੰਤ ਮਹਾਰਾਜ ਜੀ ਤਸਵੀਰ ਨੂੰ ਦੇਖ ਕੇ। ਬੀਜੀ ਦੇ ਦਰਸ਼ਨ ਕਰਨ ਲਈ ਉਥੋਂ ਪ੍ਰੇਮੀ ਆਏ। ਆਸ਼ਰਮ ਦੇਖਿਆ। ਕੈਸੀ ਵਿਲੱਖਣ ਗੱਲ ਹੋਈ? ਅੱਜ ਉਹ ਪ੍ਰੇਮੀ ਬੀਜੀ ਨੂੰ ਮਾਂ ਕਹਿੰਦੇ ਹਨ। ਸੰਤ ਮਹਾਰਾਜ ਜੀ ਦੀ ਯਾਦ ਵਿਚ ਇਕ ਸਕੂਲ ਅਤੇ ਇਕ ਗੁਰਦੁਆਰਾ ਸਾਹਿਬ, ਸੰਤ ਮਹਾਰਾਜ ਜੀ ਦੇ ਨਾਮ ਤੇ ਖੋਲਣ ਜਾ ਰਹੇ ਹਨ। ਸੰਤ ਮਹਾਰਾਜ ਜੀ ਦੀ ਯਾਦ ਉਨ੍ਹਾਂ ਨੇ ਆਪਣੇ ਹੀ ਢੰਗ ਨਾਲ ਉਥੇ ਮਨਾਈ ਹੈ। ਅਣਡਿੱਠਾ ਪ੍ਰੇਮ ਕੈਸੇ-ਕੈਸੇ ਰੰਗ ਬਿਖੇਰ ਰਿਹਾ ਹੈ, ਜਿਥੇ ਸਿਰਫ ਭਾਵਾਂ ਦੀ ਜ਼ੁਬਾਨ ਕੰਮ ਕਰ ਰਹੀ ਹੈ। ਕੁਝ ਅਲੌਕਿਕ ਬਾਤਾਂ ਹੋ ਰਹੀਆਂ ਹਨ। ਸਭ ਚੀਜ਼ਾਂ ਨੂੰ ਕਲਮ ਦੀ ਨੋਕ 'ਚੋਂ ਕੱਢਣਾ ਵੀ ਮੁਮਕਿਨ ਨਹੀਂ। ਕੁਝ ਚੀਜ਼ਾਂ ਕੇਵਲ ਮਾਣੀਆਂ ਹੀ ਜਾਂਦੀਆਂ ਹਨ।

ਆਸ਼ਰਮ ਵਿਖੇ ਵੀ ਮਹਾਨ ਕ੍ਰਿਪਾ ਹੈ ਸੰਤ ਮਹਾਰਾਜ ਜੀ ਦੀ। ਬੀਜੀ ਦੀ ਕ੍ਰਿਪਾ ਵੀ ਬੇਅੰਤ ਹੈ। ਸਰੀਰਕ ਬਿਆਧੀਆਂ ਭਾਵੇਂ ਕਿੰਨੀਆਂ ਹੀ ਹੋਣ, ਪਰ ਸੰਗਤਾਂ ਨੂੰ ਹਮੇਸ਼ਾ ਦਰਸ਼ਨ ਦੇ ਕੇ ਨਿਵਾਜਦੇ ਹਨ। ਐਸਾ ਪਿਆਰ ਇਨਸਾਨ ਨੂੰ ਜ਼ਿੰਦਗੀ 'ਚ ਬਾਰ-ਬਾਰ ਨਹੀਂ ਮਿਲਦਾ। ਪਰ ਦੇਖੋ ਨਾ ਕੈਸੀ ਬਖਸ਼ਿਸ਼ ਵਰਤ ਰਹੀ ਹੈ। ਜਿਸ ਪ੍ਰੇਮ ਨੂੰ

ਜਗਿਆਸੂ ਜਿਥੇ ਅਨੁਭਵ ਕਰ ਰਹੇ ਹਨ, ਨਾਲ-ਨਾਲ ਉਸ ਦੇ ਦਰਸ਼ਨ ਵੀ ਕਰ ਰਹੇ ਹਨ। ਨਾਮ ਵੀ ਵਰਤ ਰਿਹਾ ਹੈ। ਹਰ ਤਰ੍ਹਾਂ ਦੇ ਲੰਗਰ ਚਲ ਰਹੇ ਹਨ। ਸੰਤ ਮਹਾਰਾਜ ਜੀ ਦਾ ਪਵਿੱਤਰ ਅੰਗੀਠਾ ਸਾਹਿਬ ਵੀ ਤਿਆਰ ਹੋ ਗਿਆ ਹੈ। ਬੜਾ ਹੀ ਦਿਲ ਟੁੰਬਵਾਂ ਨਜ਼ਾਰਾ ਦੇਖਣ ਨੂੰ ਮਿਲਦਾ ਹੈ। ਪ੍ਰੇਮੀ ਬਾਅਦਬ ਹੋ ਕੇ ਆਪਣੇ ਸਾਹਿਬ ਦੀ ਟਹਿਲ ਕਮਾ ਰਹੇ ਹਨ। ਬੇਅੰਤ ਸੇਵਾਵਾਂ ਚਲ ਰਹੀਆਂ ਹਨ। ਹੁਣੇ ਕੁਝ ਸਮਾਂ ਪਹਿਲਾਂ ਹੀ 28, 29, 30, 31 ਅਕਤੂਬਰ ਨੂੰ ਆਪ ਜੀ ਦਾ ਸਮਾਧੀਲੀਨ ਦਿਹਾੜਾ ਮਨਾਇਆ ਗਿਆ। ਕੈਸਾ ਪਿਆਰਾ ਅਹਿਸਾਸ ਸੀ, ਜਿਨ੍ਹਾਂ ਰੂਹਾਂ ਨੇ ਮਾਣਿਆ, ਸੋ ਜਾਣਦੀਆਂ ਹਨ।

ਬਾਕੀ ਆਪੋ ਆਪਣੀ ਭਾਵਨਾ ਹੈ। ਭਾਵਨਾ ਵਾਲਿਆਂ ਨੂੰ ਉਹ ਅਸਥਾਨ ਮੁਰਸ਼ਦ ਦਾ ਜਲਵਾ ਨਜ਼ਰ ਆਉਂਦਾ। ਸੋ ਇਹ ਤਾਂ 'ਜਿਹਾ ਮਨੋਰਥ ਕਰ ਆਰਾਧੈ, ਸੋ ਸੰਤਨ ਤੇ ਪਾਵੈ।' ਸਤਿਗੁਰੂ ਜੀ ਤਾਂ ਸ਼ੀਸ਼ੇ ਦੀ ਨਿਆਈਂ ਹਨ, ਜੋ ਜੈਸੀ ਭਾਵਨਾ ਨਾਲ ਆਉਂਦਾ ਹੈ ਉਸ ਦੀ ਭਾਵਨਾ ਨੂੰ ਵੈਸਾ ਫਲ ਲਗਦਾ ਹੈ। ਸਾਰੀ ਸੰਗਤ ਨੂੰ ਹੀ ਆਪ ਜੀ ਬਚਨ ਕਰਿਆ ਕਰਦੇ ਸੀ, ਪ੍ਰੇਮੀ ਜਾਣਦੇ ਹੀ ਹਨ ਕਿ ਸਥਾਨ ਨਾ ਛਡਿਉ, ਸਰੀਰ ਤਾਂ ਸਦਾ ਨਹੀਂ ਰਹਿੰਦੇ ਹੁੰਦੇ। ਉਹ ਬਚਨ ਕਮਾਉਣ ਵਾਲੇ ਕਮਾ ਰਹੇ ਹਨ। ਬਾਕੀ ਸਮੁੰਦਰ 'ਚ ਚਾਹੇ ਪਾਪੀ ਡੁਬਕੀ ਲਾਏ, ਚਾਹੇ ਪੁੰਨੀ ਉਸ ਨੂੰ ਸੀਤਲਤਾ ਮਿਲਣੀ ਹੀ ਹੈ। ਮੈਂ ਤਾਂ ਪ੍ਰੇਮੀਆਂ ਦੇ ਦਰਸ਼ਨ ਕਰਦੀ ਹਾਂ ਮਨ ਕ੍ਰਿਤ-ਕ੍ਰਿਤ ਹੋ ਜਾਂਦਾ ਹੈ। ਪਤਾ ਨਹੀਂ ਕਿਥੋਂ-ਕਿਥੋਂ ਆਉਂਦੇ ਹਨ, ਆ ਰਹੇ ਹਨ। ਅਰ ਸੇਵਾ ਭਾਵਨਾ ਐਨੀ ਪ੍ਰਬਲ ਹੈ ਸਾਰਾ-ਸਾਰਾ ਦਿਨ ਬਿਨਾਂ ਕੁਝ ਛਕੇ, ਗੁਰੂ ਕੇ ਲੰਗਰਾਂ 'ਚ, ਬੀਜੀ ਦੀ ਸੇਵਾ 'ਚ, ਸੱਚੇ ਪਾਤਸ਼ਾਹ ਜੀ ਦੀ ਸੇਵਾ 'ਚ ਜੁਟੇ ਰਹਿੰਦੇ ਹਨ। ਇਕ ਤੋਂ ਇਕ ਚੜ੍ਹਦੀਆਂ ਹਨ। ਬਾਕੀ ਜੇ ਸੱਚਮੁੱਚ ਕੋਈ ਆਨੰਦ ਲੈਣਾ ਚਾਹੁੰਦਾ ਹੈ, ਉਹ ਆਸ਼ਰਮ 'ਚ ਆ ਕੇ ਆਪ ਹੀ ਅਨੁਭਵ ਕਰੇ। ਇਕ ਬੇਨਤੀ ਸਾਰਿਆਂ ਦੇ ਚਰਨਾਂ 'ਚ ਹੈ, 'ਆਤਮ ਮਾਰਗ' ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾਓ। ਰੂਹਾਨੀ ਸੇਧ ਬਾਰੇ ਜਿੰਨਾਂ ਵਿਸਥਾਰ ਨਾਲ, ਇਸ ਵਿਚ ਪਿਤਾ ਜੀ ਦਸਦੇ ਹਨ, ਉਹ ਸ਼ਾਇਦ ਕੋਈ ਭੇਤ ਨਹੀਂ ਖੋਲ੍ਹ ਸਕਦਾ। ਆਪ ਜੀ ਵੱਧ ਚੜ੍ਹ ਕੇ ਆਪ ਇਸ ਦੇ ਮੈਂਬਰ ਬਣੋ, ਹੋਰਨਾਂ ਨੂੰ ਪ੍ਰੇਰ ਕੇ ਉਨ੍ਹਾਂ ਨੂੰ ਵੀ ਮੈਂਬਰ ਬਣਾਓ।


(ਇਥੋਂ ਕੱਟ ਕੇ ਭੇਜੋ ਜੀ)

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

ਨਾਮ/Name ..........

ਪਤਾ/Address ..........

..........

..........

.......... Pin Code ..........

Phone .......... E-mail :..........

ਮੈਂ .......... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ

ਨੰ .......... ਮਿਤੀ .......... ਰਾਹੀਂ ਭੇਜ ਰਿਹਾ ਹਾਂ।

ਦਸਖਤ ..........

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. S.A.S Nagar (Pb.) Pin - 140901

Phone : 0160-2255002, 0160-2255009, Email : atammarg1@YAHOO.CO.IN, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 01, 08, 15, 22, 29 ਜਨਵਰੀ।

**ਸੰਗਰਾਂਦ –** 13 ਜਨਵਰੀ, ਦਿਨ ਸ਼ੁੱਕਰਵਾਰ।

**ਪੂਰਨਮਾਸ਼ੀ –** 14 ਜਨਵਰੀ, ਦਿਨ ਸ਼ਨੀਵਾਰ।
(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ –** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 28 ਜਨਵਰੀ 2006, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib
P.O. Mullanpur Garibdass
Teh. Kharar, Via : Chandigarh.
Distt. Ropar (Pb)-140901 (India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ


ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | **ਪੰਜਾਬੀ** | **ਹਿੰਦੀ** |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ – ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ – ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ – ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ – ਭਾਗ ਤੀਜਾ | 80/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

## ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥



ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ
ਮਹਾਰਾਜ ਰਤਵਾੜਾ ਸਾਹਿਬ

# ਆਤਮ ਮਾਰਗ ਦੇ ਪਾਠਕਾਂ ਨੂੰ ਨਵੇਂ ਸਾਲ 2006 ਦੀਆਂ ਬਹੁਤ ਬਹੁਤ ਸ਼ੁਭ ਕਾਮਨਾਵਾਂ ਅਤੇ ਸਤਿਕਾਰਯੋਗ ਬੀਜੀ ਵੱਲੋਂ ਪਿਆਰ ਭਰਿਆ ਸੰਦੇਸ਼

ਅਸੀਂ ਆਪ ਜੀ ਦੇ ਅਤੀ ਸ਼ੁਕਰਗੁਜਾਰ ਹਾਂ ਆਪ ਸਰਬੱਤ ਸੰਗਤਾਂ ਦੇ ਸਹਿਯੋਗ ਮਿਲਵਰਤਣ ਅਤੇ ਵਾਹਿਗੁਰੂ ਜੀ ਦੀ ਬਖਸ਼ਿਸ਼ ਸਦਕਾ ਕਲਜੁਗ ਦੇ ਭਿਆਨਕ ਵਰਤਮਾਨ ਸਮੇਂ ਅੰਦਰ "ਆਤਮ ਮਾਰਗ" ਮੈਗਜ਼ੀਨ ਗੁਰਬਾਣੀ ਦੇ ਚਾਨਣ ਅੰਦਰ ਪ੍ਰਕਾਸ਼ਿਤ ਅਨੁਭਵੀ ਮਹਾਂਪੁਰਸ਼ਾਂ ਦੇ ਪ੍ਰਵਚਨ ਸੰਸਾਰ ਦੇ ਕੋਨੇ ਕੋਨੇ ਤੱਕ ਗੁਰਮਤਿ ਸਿਧਾਂਤ ਪਹੁੰਚਾ ਕੇ ਨਵੀਂ ਨਰੋਈ ਸੇਧ ਪ੍ਰਦਾਨ ਕਰਦਾ ਹੋਇਆ ਆਤਮਿਕ ਸੁਖਸ਼ਾਂਤੀ ਅਤੇ ਪਰਸਪਰ ਮੇਲ ਮਿਲਾਪ ਦੇ ਸੰਦੇਸ਼ ਦੇ ਰਿਹਾ ਹੈ।

ਸਾਨੂੰ ਪੂਰਨ ਆਸ ਤੇ ਵਿਸ਼ਵਾਸ਼ ਭਰਿਆ ਭਰੋਸਾ ਹੈ ਕਿ ਗੁਰੂ ਘਰ ਦੀਆਂ ਖੁਸ਼ੀਆਂ ਅਤੇ ਬਖਸ਼ਿਸ਼ਾਂ ਪ੍ਰਾਪਤ ਕਰਨ ਲਈ ਹਰ ਇਕ ਮਹਾਂਪੁਰਸ਼ਾਂ ਦੀ ਹਾਜਰੀ ਨੂੰ ਹਾਜਰ ਨਾਜਰ ਜਾਣਦਾ ਹੋਇਆ ਅੱਗੇ ਤੋਂ ਵੀ ਵੱਧ ਚੜ੍ਹ ਕੇ ਹੋਰ ਮੈਂਬਰ ਬਣਾਉਣ ਅਤੇ ਆਤਮ ਮਾਰਗ ਰਾਹੀਂ ਸ਼ਬਦ ਲੰਗਰ ਘਰ ਘਰ ਪਹੁੰਚਾਉਣ ਦੀ ਦਰਗਾਹੀ ਡਿਊਟੀ ਸਮਝਦੇ ਹੋਏ ਵੱਧ ਚੜ੍ਹ ਕੇ ਆਪੋ ਆਪਣਾ ਪੂਰਨ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰੋਗੇ ਜੀ।



ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ

ਚੇਅਰਪਰਸਨ ਅਤੇ ਆਤਮ ਮਾਰਗ ਅਦਾਰੇ ਦੇ ਸਮੂੰਹ ਕਾਰਜਕਰਤਾ ਸੇਵਾਦਾਰ, ਰਤਵਾੜਾ ਸਾਹਿਬ